ਜਹ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

ਮਈ 2024

# ਗੁਰਮਤਿ ਵਿਰਸਾ

## GURMAT VIRSA गुरमति विरसा

Year-5, Issue-10, May 2024, Ludhiana gurmatvirsa@gmail.com Multilingual Price 25/-



ਗੁਰਦੁਆਰਾ ਛੋਟਾ ਘੱਲੂਘਾਰਾ
(ਕਾਹਨੂੰਵਾਨ ਛੰਭ)

## ਛੋਟਾ ਘੱਲੂਘਾਰਾ ਅਤੇ ਉਸਦੇ ਕਾਰਨ

## ਸ਼ੰਭੂ ਸਰਹੱਦ ਦੇ ਆਰ-ਪਾਰ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਬੁਗਰਾ ਵਿਖੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ।



ਕੇਂਦਰ ਬੁਗਰਾ ਦੇ ਧਾਰਮਿਕ ਕਲਾਸ ਲਗਾਉਣ ਵਾਲੇ ਬੱਚੇ ਆਪਣੇ ਮਾਪਿਆਂ ਨਾਲ।



ਪਿੰਡ ਜੋਣੇਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ







ਕੇਂਦਰ ਘਨੌਲੀ ਦੇ ਪਿੰਡ ਮਾਜਰੀ ਜੱਟਾਂ, ਖਵਾਸ ਅਤੇ ਪਿੰਡ ਥਲੀ ਵਿਖੇ ਲੱਗ ਰਹੀ ਗੁਰਬਾਣੀ ਸੰਥਿਆ ਕਲਾਸ





ਕੇਂਦਰ ਨਵਾਂਸ਼ਹਿਰ ਦਾ ਕਾਰਤਿਕ ਸਿੰਘ ਗੁਰਮਤਿ ਕਲਾਸਾਂ ਤੋਂ ਪ੍ਰਭਾਵਤ ਹੋ ਕੇਸਾਧਾਰੀ ਬਣਿਆ



ਕੇਂਦਰ ਨਵਾਂਸ਼ਹਿਰ ਵਿਖੇ ਲੱਗ ਰਹੀ ਬੱਚਿਆਂ ਫ੍ਰੀ ਟਿਊਸ਼ਨ ਕਲਾਸ



ਕੇਂਦਰ ਰਤਨਗੜ੍ਹ ਸਿੰਧੜਾਂ ਦੇ ਪਿੰਡ ਮੁਨਸ਼ੀਵਾਲਾ ਦੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਦੇ ਗੁਰਦੁਆਰਾ ਫਲਾਈ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

# ਗੁਰਮਤਿ ਵਿਰਸਾ


ਮਈ 2024 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਵਿਸਾਖ-ਜੇਠ ਮਹੀਨੇ ਦੇ ਖਾਸ ਦਿਹਾੜੇ

- ਪ੍ਰਕਾਸ਼ ਸ੍ਰੀ ਗੁਰੂ ਅਰਜਨ ਸਾਹਿਬ ਜੀ : 19 ਵਿਸਾਖ (02 ਮਈ)
- ਛੋਟਾ ਘੱਲੂਘਾਰਾ : 3 ਜੇਠ (17 ਮਈ)
- ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ : 9 ਜੇਠ (23 ਮਈ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**


**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਛੋਟਾ ਘੱਲੂਘਾਰਾ (ਕਾਹਨੂੰਵਾਨ ਛੰਭ) ਅਤੇ ਉਸਦੇ ਕਾਰਨ | 10 |
| ਗੁਰੂ ਅਮਰਦਾਸ ਸਾਹਿਬ ਜੀ | 13 |
| ਸੁਖਮਨੀ: ਚੜ੍ਹਦੀ ਕਲਾ ਦਾ ਮਾਰਗ | 14 |
| ਸ਼ੰਭੂ ਸਰਹੱਦ ਦੇ ਆਰ-ਪਾਰ | 18 |
| ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ | 20 |
| ਨੰਨੇ ਵਾਰਸ | 22 |
| ਗਾਥਾ ਬੱਬਰ ਅਕਾਲੀ ਲਹਿਰ ਦੀ | 24 |
| ਮਨੁੱਖਤਾ ਅਤੇ ਜਾਤ-ਪਾਤ | 26 |
| ਦੇਸ਼ ਲਈ ਚੇਤਾਵਨੀ ਹਨ ਬੰਗਲੌਰ ਦੇ ਹਾਲਾਤ | 27 |
| ਕਾਵਿ ਕਿਆਰੀ | 30 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 32 |
| Bhai Manjh Ji | 34 |
| **ਵਿਸ਼ਵ ਤੰਬਾਕੂ ਨਿਸ਼ੇਧ ਦਿਵਸ** | **35** |
| ਸਿਹਤ ਸੰਭਾਲ | 37 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਮਾਰਚ ਮਹੀਨੇ ਦੀਆਂ ਸਰਗਰਮੀਆਂ | 41 |


## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।

**ਸੰਪਾਦਕੀ**

# ਆਰ .ਐਸ .ਐਸ . ਅਤੇ ਸਿੱਖ ਸਿਧਾਂਤ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਆਰ.ਐਸ.ਐਸ. ਦਾ ਪਿਛੋਕੜ**

ਆਰ. ਐਸ. ਐਸ. ਦਾ ਪੂਰਾ ਨੈਸ਼ਨਲ ਨਾਮ ਰਾਸ਼ਟਰੀ ਸੋਇਮ ਸੇਵਕ ਸੰਘ ਹੈ। 1925 ਈਸਵੀ ਨੂੰ ਕੇਸ਼ਵ ਬਾਲੀਰਾਮ ਹੈਡਗੇਵਾਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸਮਾਜ ਸੇਵੀ ਸੰਸਥਾ ਦੇ ਰੂਪ ਵਿੱਚ ਇਹ ਸੰਸਥਾ ਖੜੀ ਕੀਤੀ ਸੀ। ਇਸ ਦੇ ਆਗੂਆਂ ਦਾ ਮੁੱਖ ਮੰਤਵ ਸੀ ਕਿ ਅੰਦਰ ਖਾਤੇ ਨਿਰੋਲ ਹਿੰਦੂਰਾਸ਼ਟਰ ਦੀ ਸਥਾਪਨਾ ਕਰਨੀ ਹੈ। ਹਿੰਦੂਰਾਸ਼ਟਰ ਤੋਂ ਭਾਵ ਅਰਥ ਹੈ ਕਿ ਪੁਰਾਤਨ ਵੇਦਾਂ, ਸਿਮ੍ਰਤੀਆਂ, ਪੁਰਾਣਾਂ ਅਤੇ ਹਿੰਦੂ ਸਭਿਆਚਾਰ ਦੇ ਅਧਾਰਤ ਰਹਿਣ ਦਾ ਲੋਕਾਂ ਨੂੰ ਹੱਕ ਪ੍ਰਦਾਨ ਕਰਨਾ ਹੈ। ਸਭ ਤੋਂ ਵੱਡਾ ਮੁੱਖ ਉਦੇਸ਼ ਇਹ ਹੀ ਸੀ ਕਿ ਘੱਟ ਗਿਣਤੀ ਕੌਮਾਂ ਨੂੰ ਹਿੰਦੂਆਂ ਦਾ ਹੀ ਇੱਕ ਅੰਗ ਬਣ ਕੇ ਰਹਿਣਾ ਪਏਗਾ। ਅਜੇਹੀ ਸੁੰਗੜਵੀਂ ਸੋਚ ਨਾਲ ਘੱਟ ਗਿਣਤੀ ਕੌਮਾਂ ਦੀ ਹੋਂਦ ਨੂੰ ਬਹੁਤ ਵੱਡਾ ਖਤਰਾ ਪੈਦਾ ਹੋ ਗਿਆ। ਇਸ ਖ਼ਿਆਲ ਨੇ ਹਿੰਦੂ ਧਰਮ ਵਿੱਚ ਇੱਕ ਨਵੀਂ ਕਟੜਤਾ ਤੇ ਫਿਰਕਾ ਪ੍ਰਸਤੀ ਨੂੰ ਜਨਮ ਦਿੱਤਾ। ਸੁਚੇਤ ਤੇ ਉਦਾਰਵਾਦੀ ਹਿੰਦੂ ਵੀਰਾਂ ਨੇ ਇਸ ਜ਼ਹਿਰ ਉਗਲਣਵਾਲੀ ਨੀਤੀ ਨੂੰ ਕੋਈ ਬਹੁਤਾ ਪ੍ਰਵਾਨ ਵੀ ਨਹੀਂ ਕੀਤਾ। ਇਤਿਹਾਸਕਾਰਾਂ ਦੀ ਆਪਣੀ ਰਾਏ ਹੈ 1920 ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੇ ਦੰਗਿਆਂ ਵਿਚੋਂ ਇਸ ਸੋਚ ਦਾ ਜਨਮ ਹੋਇਆ ਹੈ। ਪੰਡਤ ਜਵਾਹਰ ਲਾਲ ਤੇ ਮੋਹਨ ਦਾਸ ਕਰਮ ਚੰਦ (ਮਹਾਤਮਾ ਗਾਂਧੀ) ਵਰਗੇ ਨੇਤਾ ਭਾਵੇਂ ਉਦਾਰਵਾਦੀ ਗਿਣੇ ਜਾਂਦੇ ਹਨ, ਪਰ ਮਨੂੰਵਾਦੀ ਸੋਚ ਤੋਂ ਇਹ ਵੀ ਮੁਕਤ ਨਹੀਂ ਹੋ ਸਕੇ। ਮੋਟੇ ਤੌਰ 'ਤੇ ਕਹਿ ਸਕਦੇ ਹਾਂ ਕਿ ਇਸ ਜੱਥੇਬੰਦੀ ਦਾ ਮੁੱਖ ਉਦੇਸ਼ ਜਿੱਥੇ ਹਿੰਦੂ ਰਾਸ਼ਟਰ ਦੇ ਨਿਰਮਾਣ ਦੀ ਵਿਚਾਰਧਾਰਾ ਨੂੰ ਉਭਾਰ ਕੇ ਸਾਹਮਣੇ ਲਿਆਉਣ ਤੋਂ ਹੈ, ਓਥੇ ਨਾਲ ਹੀ ਘੱਟ ਗਿਣਤੀ ਕੌਮਾਂ ਦੀ ਨਿਵੇਕਲੀ ਹੋਂਦ ਨੂੰ ਰਲ-ਗਡ ਕਰਕੇ, ਆਪਣੀ ਦੁਬੇਲ ਬਣਾ ਕੇ ਰਖਣ ਤੋਂ ਵੀ ਹੈ। ਇਸ ਘਿਨੌਣੇ ਆਸ਼ੇ ਅਨੁਸਾਰ ਘਟ ਗਿਣਤੀਆਂ ਆਰ. ਐਸ. ਐਸ. ਦੇ ਹੀ ਰਹਿਮੋ ਕਰਮ ਤੇ ਰਹਿ ਸਕਦੀਆਂ ਹਨ। ਅਜੇਹੀ ਸੋਚ ਨਾਲ ਸਮੁੱਚੇ ਦੇਸ਼ ਵਿੱਚ ਕੱਟੜਤਾ, ਫਿਰਕਾ ਪ੍ਰਸਤੀ ਤੇ ਨਫਰਤ ਦੀ ਖਤਰਨਾਕ ਭਾਵਨਾ ਦਾ ਜਨਮ ਹੋਇਆ ਹੈ ਜਿਸ ਦਾ ਫਲ ਸਭ ਤੇ ਸਾਹਮਣੇ ਹੈ।



**ਇਸ ਦੇ ਆਗੂਆਂ ਦਾ ਸਮਾਂ—**

ਬੇਸ਼ੱਕ ਇਸ ਜੱਥੇਬੰਦੀ ਦੀ ਨੀਂਹ ਕੇਸ਼ਵ ਬਾਲੀਰਾਮ ਹੈਡਗੇਵਾਰ ਨੇ ਰੱਖੀ ਹੈ ਪਰ ਇਸ ਦਾ ਵਿਸਥਾਰ ਐਸ ਐਸ ਗੋਲਵਾਰਕਰ ਨੇ ਕੀਤਾ ਹੈ।

1925 ਤੋਂ 1940 ਤਕ ਕੇਸ਼ਵ ਬਾਲੀਰਾਮ ਹੈਡਗੇਵਾਰ
1940 ਤੋਂ 1973 ਤਕ ਗੋਲਵਾਰਕਰ
1973 ਤੋਂ 1993 ਤਕ ਬਾਲਾ ਸਾਹਿਬ ਦੇਉਰਸ
1993 ਤੋਂ 2000 ਤਕ ਰਜਿੰਦਰ ਸਿੰਹੁ
2000 ਤੋਂ 2009 ਤਕ ਕੇ. ਸੁਦਰਸ਼ਨ
2009 ਤੋਂ ਮੋਹਨ ਭਗਵਤ

ਆਰ. ਐਸ. ਐਸ. ਬਹੁਤ ਡੂੰਘੀਆਂ ਜੜ੍ਹਾਂ ਵਾਲੀ ਜੱਥੇਬੰਦੀ ਹੈ ਤੇ ਇਸ ਦਾ ਮੁੱਖ ਮਕਸਦ ਵੀ ਬੜਾ ਡੂੰਘਾ ਹੈ। ਇਹ ਜੱਥੇਬੰਦੀ ਆਪਣੀ ਕਾਰਜ ਸ਼ੈਲੀ ਨੂੰ ਪੜਾਅ ਵਾਰ ਅੰਜਾਮ ਦੇਂਦੀ ਆ ਰਹੀ ਹੈ। ਭਾਰਤ ਦੇ ਵੱਖ ਵੱਖ ਸੂਬਿਆਂ ਵਿੱਚ ਇਸ ਦੇ ਪ੍ਰਚਾਰ ਦੀਆਂ ਸ਼ਾਖਾਵਾਂ ਲਗਦੀਆਂ ਹਨ।

ਪੰਜਾਬ ਵਿੱਚ 800 ਦੇ ਕਰੀਬ, ਅਸਾਮ ਵਿੱਚ 900, ਆਂਧਰਾ ਵਿੱਚ 1360, ਬਿਹਾਰ ਵਿੱਚ 2300, ਦਿੱਲੀ ਵਿੱਚ 1500 ਹਰਿਆਣਾ ਵਿੱਚ 600, ਜੰਮੂ ਕਸ਼ਮੀਰ ਵਿੱਚ 450, ਗੁਜਰਾਤ ਵਿੱਚ 900, ਕੇਰਲਾ ਵਿੱਚ 1300, ਕਟਨਾਟਕਾ ਵਿੱਚ 2300, ਮੱਧ ਪ੍ਰਦੇਸ਼ ਵਿੱਚ 3200, ਮਹਾਂਰਾਸ਼ਟਰਾ ਵਿੱਚ 4000, ਰਾਜਸਥਾਨ ਵਿੱਚ 3500, ਉੱਤਰ ਪ੍ਰਦੇਸ਼ ਵਿੱਚ 9000, ਪੱਛਮੀ ਬੰਗਾਲ਼ ਵਿੱਚ 1500

ਇਹਨਾਂ ਸ਼ਾਖਾਵਾਂ ਵਿੱਚ ਮਾਰਸ਼ਲ ਆਰਟ ਦੇ ਨਾਲ ਹਿੰਦੂ ਧਰਮ ਦੀ ਕੱਟੜਤਾ ਬੜੀ ਪ੍ਰਪੱਕਤਾ ਨਾਲ ਸਿਖਲਾਈ ਜਾਂਦੀ ਹੈ। ਡਾ. ਸੁਖਪ੍ਰੀਤ ਸਿੰਘ ਓਦੋਕੇ ਦੀ ਲਿਖਤ ਅਨੁਸਾਰ ਇਹਨਾਂ ਸੰਘੀਆਂ ਦੀ ਟ੍ਰੇਨਿੰਗ ਸਾਬਕਾ ਫੌਜੀਆਂ ਤੇ ਆਲਾ ਅਫ਼ਸਰਾਂ ਦੁਆਰਾ ਕਰਾਈ ਜਾਂਦੀ ਹੈ। ਇਸ ਜੱਥੇਬੰਦੀ ਦੇ ਕਾਰਕੁੰਨ ਨੱਥੂਰਾਮ ਗੋਡਸੇ ਨੇ ਮੋਹਨ ਦਾਸ ਕਰਮ ਚੰਦ ਗਾਂਧੀ ਦਾ ਕਤਲ ਕੀਤਾ ਸੀ ਤੇ ਓਦੋਂ ਇਸ ਜੱਥੇਬੰਦੀ 'ਤੇ ਪਾਬੰਦੀ ਲਗਾਈ ਗਈ ਸੀ ਤੇ ਦੂਜੀ ਵਾਰੀ ਐਮਰਜੈਂਸੀ ਸਮੇਂ ਕੇਂਦਰੀ ਸਰਕਾਰ ਵਲੋਂ ਪਾਬੰਦੀ ਲਗਾਈ ਗਈ ਸੀ।

ਲੰਬੇ ਸਮੇਂ ਤੋਂ ਯੋਜਨਾਬੰਦ ਤਰੀਕੇ ਨਾਲ ਕੰਮ ਕਰ ਰਹੀ ਇਸ ਫਿਰਕੂ ਜੱਥੇਬੰਦੀ ਦੇ ਕਾਰਕੁੰਨ ਸਰਕਾਰੇ ਦਰਬਾਰੇ ਸਹਿਜੇ ਹੀ ਮਿਲ ਜਾਂਦੇ ਹਨ। ਇਹਨਾਂ ਦਾ ਮੁੱਖ ਉਦੇਸ਼ ਹਿੰਦੂਤਵ ਦੇ ਰਾਜ ਭਾਗ ਦੀ ਸਥਾਪਤੀ ਕਰਨ ਤੋਂ ਹੈ। ਘੱਟ ਗਿਣਤੀਆਂ ਨੂੰ ਦਬਾਉਣ ਲਈ ਇੱਕ ਨੁਕਾਤੀ ਪ੍ਰੋਗਰਾਮ ਹੁੰਦਾ ਹੈ ਕਿ ਦੇਸ਼ ਨੂੰ ਖਤਰਾ ਹੈ ਉਗਰਵਾਦੀ ਦੇਸ਼ ਦੇ ਟੁਕੜੇ ਕਰਨਾ ਚਾਹੁੰਦੇ ਹਨ, ਬਾਹਰਲੀਆਂ ਤਾਕਤਾਂ ਦੇ ਮਨਸੇ ਅਸੀਂ ਕਦੇ ਵੀ ਪੂਰੇ ਨਹੀਂ ਹੋਣ ਦਿਆਂਗੇ। ਅਜੇਹੇ ਤੇਜ਼ ਤਰਾਰ ਨਾਹਰਿਆਂ ਨਾਲ ਹਿੰਦੂਆਂ ਦੀਆਂ ਵੋਟਾਂ ਬਟੋਰਨ ਵਿੱਚ ਬੜੇ ਸਫਲ ਰਹੇ ਹਨ।


ਇਸ ਦੀ ਕਾਰਜ ਕਾਰਨੀ ਦੇ ਗਿਆਰਾਂ ਮੈਂਬਰ ਤੇ ਇੱਕ ਸੰਘ ਦਾ ਮੁੱਖੀਆ ਮੁੱਖ ਤੌਰ 'ਤੇ ਕੰਮ ਕਰਦੇ ਹਨ। ਭਾਰਤ ਤੋਂ ਇਲਾਵਾ ਬਾਹਰਲੇ ਮੁਲਕਾਂ ਵਿੱਚ ਵੀ ਇਸ ਨੇ ਆਪਣੇ ਪੱਕੇ ਤਰੀਕੇ ਨਾਲ ਪੈਰ ਜਮਾਏ ਹੋਏ ਹਨ।

ਆਰ.ਐਸ.ਐਸ ਦੀਆਂ ਹੋਰ ਜੱਥੇਬੰਦੀਆਂ ਹਿੰਦੂਤਵ ਦੇ ਉਦੇਸ਼ 'ਤੇ ਕੰਮ ਕਰ ਰਹੀਆਂ ਹਨ।

ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ, ਭਾਰਤੀ ਮਜ਼ਦੂਰ ਸੰਘ, ਭਾਰਤੀ ਵਿਕਾਸ਼ ਪ੍ਰੀਸ਼ਦ, ਵਿਸ਼ਵ ਹਿੰਦੂ ਪ੍ਰੀਸ਼ਦ, ਵਿਸ਼ਵ ਵਿਭਾਗ, ਅਖਿਲ ਭਾਰਤੀ

ਸਾਹਿਤ ਪ੍ਰੀਸ਼ਦ, ਰਾਸ਼ਟਰੀ ਸਿੱਖ ਸੰਗਤ, ਭਾਰਤੀ ਸਿੱਖਿਆ ਮੰਡਲ, ਅਖਿਲ ਭਾਰਤੀ ਗ੍ਰਾਹਕ ਪੰਚਾਇਤ, ਅਖਿਲ ਭਾਰਤੀ ਸਿੱਖਿਆ ਸੰਸਥਾ, ਅਖਿਲ ਭਾਰਤੀ ਵਨਵਾਸੀ ਕਲਿਆਣ ਆਸ਼ਰਮ, ਸਹਿਕਾਰ ਭਾਰਤੀ, ਭਾਰਤੀ ਕਿਸਾਨ ਸੰਘ, ਜਨ ਸੰਘ, ਸੇਵਾ ਭਾਰਤੀ ਅਤੇ ਤਤਸਮ, ਸੰਸਕਾਰ ਭਾਰਤੀ, ਸਵਦੇਸੀ ਜਾਗਰਣ ਮੰਚ, ਵਿਗਿਆਨ ਭਾਰਤੀ, ਸੰਸਕ੍ਰਿਤ ਭਾਰਤੀ, ਪੂਰਵ ਸੈਨਿਕ ਸੇਵਾ ਪ੍ਰੀਸ਼ਦ, ਹਿੰਦੂ ਜਾਗਰਣ ਮੰਚ ਅਤੇ ਬਹੁਤ ਸਾਰੇ ਸੰਘ ਹਿੰਦੂਤਵ ਦੇ ਉਦੇਸ਼ 'ਤੇ ਕੰਮ ਕਰ ਰਹੇ ਹਨ।

ਆਰ.ਐਸ.ਐਸ ਆਪਣੇ ਉਦੇਸ਼ ਦੀ ਪੂਰਤੀ ਲਈ ਵੱਖ ਵੱਖ ਸ਼ਹਿਰਾਂ ਵਿੱਚ ਵਿਧੀਪੂਰਵਕ ਕੈਂਪ ਲਗਾਉਂਦੀ ਹੈ। ਇਹਨਾਂ ਕੈਂਪਾਂ ਵਿੱਚ ਬਹੁਤ ਸਾਰੇ ਭੋਲੇ-ਭਾਲ਼ੇ ਵਿਦਿਆਰਥੀ ਵੀ ਸ਼ਾਮਲ ਹੁੰਦੇ ਹਨ। ਇਹਨਾਂ ਕੈਂਪਾਂ ਵਿੱਚ ਹਿੰਦੂਤਵ, ਕੱਟੜਤਾ, ਲਾਠੀ ਚਲਾਉਣੀ ਜਾਂ ਹੋਰ ਹਥਿਆਰ ਚਲਾਉਣ ਦੀ ਥੋੜ ਚਿਰੀ ਸਿੱਖਿਆ ਦਿੱਤੀ ਜਾਂਦੀ ਹੈ। ਏਸੇ ਨੀਤੀ ਤਹਿਤ ਪੰਜਾਬ ਵਿੱਚ ਵੀ ਆਰ ਐਸ ਐਸ ਵਲੋਂ 1 ਜੂਨ ਤੋਂ 20 ਜੂਨ 1994 ਵਿੱਚ ਪਠਾਨਕੋਟ ਦੇ ਆਦਰਸ਼ ਭਾਰਤੀ ਕਾਲਜ ਵਿੱਚ ਕੈਂਪ ਲੱਗਿਆ। ਇਸ ਕੈਂਪ ਦਾ ਆਗੂ ਬ੍ਰਿਜ ਭੂਸ਼ਨ ਸਿੰਘ ਬੇਦੀ ਸੀ। ਏਸੇ ਕਾਲਜ ਦਾ ਪ੍ਰਿੰਸੀਪਲ ਇਸ ਕੈਂਪ ਦਾ ਸਕੱਤਰ ਸੀ। ੪੧੯ ਦੇ ਕਰੀਬ ਹਿੰਦੂ ਅਤੇ ਹੋਰ ਵੀ ਵਿਦਿਆਰਥੀ ਸ਼ਾਮਲ ਹੋਏ ਸਨ। ਇਹਨਾਂ ਵਿਦਿਆਰਥੀਆਂ ਵਿੱਚ ਹਿੰਦੂਤਵ ਦੀ ਕੱਟੜਤਾ ਭਰਨ ਲਈ ਸੌ ਦੇ ਕਰੀਬ ਅਧਿਆਪਕਾਂ ਨੇ ਕੰਮ ਕੀਤਾ।



ਆਰ.ਐਸ.ਐਸ. ਵਲੋਂ ਪੰਜਾਬ ਵਿਚ ਆਪਣੀ ਸ਼ਾਖ ਲਗਾਉਣ ਲਈ ਤੇ ਸਿੱਖਾਂ ਨੂੰ ਆਪਣੇ ਪ੍ਰਭਾਵ ਹੇਠ ਲਿਆਉਣ ਲਈ ਨਵੀਂ ਜਥੇਬੰਦੀ ਕਾਇਮ ਕਰਦਿਆਂ 31 ਅਕਤੂਬਰ 1997 ਨੂੰ ਬਣਾਈ ਜਿਸ ਵਿਚ ਚਿਰੰਜੀਵ ਸਿੰਹੁ ਦੀ ਅਗਵਾਈ ਹੇਠ ਫਤਹਿਗੜ੍ਹ ਚੂੜੀਆਂ ਸ਼ਹਿਰ ਵਿੱਚ ਇੱਕ ਵੱਡੀ ਪੱਧਰ 'ਤੇ ਸਮਾਗਮ ਹੋਇਆ। ਇਸ ਸਮਾਗਮ ਦੀ ਪ੍ਰਾਧਨਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਮੈਂਬਰ ਨੇ ਕੀਤੀ। ਇੰਜ ਹੀ ਗੁਰੂ ਦੀਕਸ਼ਾ ਸਮਾਗਮ ਬਠਿੰਡੇ ਵਿੱਚ ਹੋਇਆ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਚੋਣਵੇਂ ਮੈਂਬਰ ਸ਼ਾਮਿਲ ਹੋਏ ਸਨ। ਇਸ ਸਮਾਗਮ ਵਿੱਚ ਕੁੱਝ ਮੁੱਦਿਆਂ 'ਤੇ ਖੁਲ੍ਹ ਕੇ ਵਿਚਾਰਾਂ ਹੋਈਆਂ ਕਿ ਘੱਟ ਗਿਣਤੀ ਵਾਲੀਆਂ ਕੌਮਾਂ ਨੂੰ ਹੋਰ ਕਿਹੜੇ ਸੌਖੇ ਤਰੀਕੇ ਨਾਲ ਭਗਵੇਂ ਰੰਗ ਵਿੱਚ ਰੰਗਿਆ ਜਾ ਸਕਦਾ ਹੈ। ਉਨ੍ਹਾਂ ਵਿਚਾਰਾਂ ਦਾ ਤੱਤਸਾਰ ਹੇਠਾਂ ਅੰਕਤ ਹੈ--

ਹਿੰਦੂ ਧਰਮ ਹੀ ਸਭ ਤੋਂ ਪੁਰਾਤਨ ਧਰਮ ਅਤੇ ਸਰਬ ਉਤਮ ਧਰਮ ਹੈ।

ਹਿੰਦੂ ਧਰਮ ਦੀ ਸਥਾਪਨਾ ਲਈ ਭਾਰਤੀ ਸੰਵਿਧਾਨ ਨੂੰ ਸੋਧਣਾ ਜ਼ਰੂਰੀ ਹੈ।

ਦੇਸ਼ ਦੀ ਸਿਆਸਤ ਉਪਰ ਹਿੰਦੂ ਧਰਮ ਹੀ ਕਾਬਜ਼ ਹੋਏ।

ਕੇਸਰੀ (ਭਗਵਾ) ਝੰਡਾ ਹੀ ਸਰਬ ਉਚਤਾ ਦਾ ਚਿੰਨ੍ਹ ਹੈ।

ਗਊ ਨੂੰ ਰਾਸ਼ਟਰੀ ਪਸ਼ੂ ਐਲਾਨਿਆ ਜਾਏ।

ਹਾਈਕੋਰਟ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਕੀਤੀਆਂ ਜਾਣ।

ਭਾਰਤੀ ਇਤਿਹਾਸ ਨੂੰ ਹਿੰਦੂ-ਸੰਸਕ੍ਰਿਤੀ ਅਨੁਸਾਰ ਲਿਖਿਆ ਜਾਏ।

ਦੂਸਰੇ ਧਰਮ ਆਪਣੇ ਆਪ ਨੂੰ ਹਿੰਦੂ ਧਰਮ ਦਾ ਅੰਗ ਕਬੂਲਣ।

ਹਿੰਦੂ ਤਿਉਹਾਰਾਂ (ਦਿਵਾਲੀ, ਦੁਸਹਿਰਾ, ਜਨਮ ਅਸਟਮੀ, ਰਾਮ ਨੌਮੀ) ਨੂੰ ਰਾਸ਼ਟਰੀ ਤਿਉਹਾਰ ਐਲਾਨਿਆ ਜਾਏ।

ਸੰਸਕ੍ਰਿਤ ਭਾਸ਼ਾ ਨੂੰ ਸਕੂਲਾਂ ਵਿੱਚ ਲਾਜ਼ਮੀ ਕਰਾਰ ਦਿੱਤਾ ਜਾਏ।

ਕਾਮਰੇਡਾਂ, ਤਰਕਸ਼ੀਲਾਂ ਨੂੰ ਹਿੰਦੂ ਰਾਸ਼ਟਰ ਵਿੱਚ ਕੋਈ ਜਗ੍ਹਾ ਨਹੀਂ ਹੈ।

ਡਾ. ਸੁਖਪ੍ਰੀਤ ਸਿੰਘ ਓਦੋਕੇ "ਤਬੈ ਰੋਸ ਜਾਗਿਓ" ਪੁਸਤਕ ਵਿੱਚ ਲਿਖਦੇ ਹਨ ਕਿ ਉਸ ਦਿਨ ਕੌਮ ਲਈ ਇੱਕ ਕਾਲ਼ੇ ਅਧਿਆਏ ਦੀ ਸ਼ੁਰੂਆਤ ਹੁੰਦੀ ਹੈ ਜਦੋਂ ਅਕਾਲ ਤਖਤ ਦੇ ਉਸ ਸਮੇਂ ਦੇ ਮੌਜੂਦਾ ਜੱਥੇਦਾਰ ਪੂਰਨ ਸਿੰਘ ਨੇ ਰਣਜੀਤ ਐਵੇਨਿਊ ਅੰਮ੍ਰਿਤਸਰ ਦੇ ਮਾਧਵ ਵਿਦਿਆ ਨਿਕੇਤਨ ਸਕੂਲ ਵਿੱਚ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਬੇਸ਼ਰਮੀ ਦੀਆਂ ਹੱਦਾਂ ਪਾਰ ਕਰਦਿਆਂ ਇਹ ਕਿਹਾ ਕਿ ਸਿੱਖ ਕੌਮ ਲਵ ਕੁਸ਼ ਦੀ ਔਲਾਦ ਹੈ।

ਸ਼੍ਰੋਮਣੀ ਅਕਾਲੀ ਦਲ ਵਲੋਂ ਗੁੱਝਾ ਤੇ ਪ੍ਰਤੱਖ ਸਮਰਥਣ ਦੇਣਾ

ਸ਼ਹੀਦਾਂ ਦੀ ਜੱਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਸੁਆਰਥੀ ਨੇਤਾਵਾਂ ਨੇ ਇਹ ਸਮਝ ਲਿਆ ਕਿ ਜੇ ਅਸੀਂ ਪੰਜਾਬ ਵਿੱਚ ਰਾਜ ਕਾਇਮ ਕਰਨਾ ਹੈ ਤਾਂ ਅੰਦਰ ਖਾਤੇ ਸਿੱਖ ਸਿਧਾਂਤ ਦੀ ਵਿਰੋਧਤਾ ਕਰਨ ਵਾਲੀ ਜੱਥੇਬੰਦੀ ਜਨ ਸੰਘ ਨਾਲ ਸਮਝੌਤਾ ਕੀਤਾ ਜਾਏ, ਹਿੰਦੂ ਰੰਗ ਵਿੱਚ ਰੰਗੀ ਜੱਥੇਬੰਦੀ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਸਮਝੌਤਾ ਗੈਰ ਇਖ਼ਲਾਕੀ ਤੇ ਗੈਰ ਕੁਦਰਤੀ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਇਸ ਗਠਜੋੜ ਸਮਝੌਤੇ ਨੇ ਸਿੱਖ ਸਿਧਾਂਤ ਨਾਲ ਖਿਲਵਾੜ ਕੀਤਾ ਹੈ। ਸ਼ਾਇਦ ਅਕਾਲੀ ਦਲ ਨੇ ਆਪਣੇ ਆਪ ਨੂੰ ਕਮਜ਼ੋਰ ਸਮਝ ਲਿਆ ਕਿ ਜਨਸੰਘ ਦੇ ਸਮਝੌਤੇ ਤੋਂ ਬਿਨਾਂ ਅਸੀਂ ਰਾਜ ਭਾਗ ਦੇ ਮਾਲਕ ਨਹੀਂ ਬਣ ਸਕਦੇ। ਸੱਤਾ ਦੇ ਲਾਲਚ ਵਿੱਚ ਆ ਕੇ ਸਾਡੇ ਮੌਜੂਦਾ ਸਿੱਖ ਨੇਤਾਵਾਂ ਨੇ ਸਿੱਖ ਸਿਧਾਂਤ 'ਤੇ ਪੋਚਾ ਫੇਰਦਿਆਂ ਪੰਜਾਬੀ ਪਾਰਟੀ ਬਣਾ ਕੇ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। 16 ਨਵੰਬਰ 1997 ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਵਲੋਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸੰਘ ਵਲੋਂ ਮਨਾਈ ਜਾ ਰਹੀ ਸਵਰਨ ਜੈਯੰਤੀ 'ਤੇ ਹਾਜ਼ਰੀ ਭਰੀ।

ਸੰਘ ਦੀਆਂ ਪ੍ਰਕਾਸ਼ਨਾਵਾਂ ਦੇ ਵਿਸਥਾਰ ਵਿੱਚ ਜਾਂਦਿਆਂ ਇੱਕ ਵੱਡਅਕਾਰੀ ਲੇਖ ਬਣ ਜਾਣਾ ਹੈ ਸੰਖੇਪ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਇਹਨਾਂ ਪ੍ਰਕਾਸ਼ਨਾਵਾਂ ਵਿੱਚ ਸਿੱਖਾਂ ਦੀ ਨਿਆਰੀ ਹਸਤੀ ਨੂੰ ਹਿੰਦੂ ਮਿਥਿਹਾਸ ਨਾਲ ਜੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਘੱਟ ਗਿਣਤੀ ਕੌਮਾਂ ਨੂੰ ਆਪਣੇ ਵਿੱਚ ਹਜ਼ਮ ਕਰਨ ਲਈ ਵਿਸ਼ੇਸ਼ ਤੌਰ 'ਤੇ ਉਹਨਾਂ ਵਿਚੋਂ ਹੀ ਜੱਥੇਬੰਦੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਅਜਿਹੀਆਂ ਜੱਥੇਬੰਦੀਆਂ ਦੇਖਣ ਨੂੰ ਤਾਂ ਵੱਖਰੀਆਂ ਲਗਦੀਆਂ ਹਨ ਪਰ ਕਰਮ ਸਾਰੇ ਬਿਪਰਵਾਦੀ ਹੀ ਹੁੰਦੇ ਹਨ।

**ਰਾਸ਼ਟਰੀ ਸਿੱਖ ਸੰਗਤ-** 22 ਨਵੰਬਰ 1986 ਨੂੰ ਰਾਸ਼ਟਰੀ ਸਿੱਖ ਸੰਗਤ ਦੀ ਅੰਮ੍ਰਿਤਸਰ ਵਿਖੇ ਸਥਾਪਨਾ ਹੋਈ ਸੀ ਤੇ ਇਸ ਦਾ ਪਹਿਲਾ ਪ੍ਰਧਾਨ ਸ਼ਮਸ਼ੇਰ ਸਿੰਹੁ ਸੀ। ਇਸ ਜੱਥੇਬੰਦੀ ਦਾ ਮੁੱਖ ਉਦੇਸ਼ ਹੌਲ਼ੀ ਹੌਲ਼ੀ ਸਿੱਖੀ ਜਜ਼ਬੇ ਨੂੰ ਹਿੰਦੂ ਪ੍ਰੰਪਰਾ ਅਨੁਸਾਰ ਢਾਲਣਾ ਹੈ। ਇਹ ਜੱਥੇਬੰਦੀ ਬਾਹਰੋਂ ਸਿੱਖੀ ਸਰੂਪ ਵਿੱਚ ਦਿਸਦੀ ਹੈ ਪਰ ਅੰਦਰੂਨੀ ਤੌਰ ਤੇ ਸਿੱਖ ਇਤਿਹਾਸ ਅਤੇ ਗੁਰਬਾਣੀ ਵਿਚਾਰ ਨੂੰ ਵੇਦਾਂ ਪੁਰਾਣਾਂ ਦੀ ਲੀਹ 'ਤੇ ਪੇਸ਼ ਕਰਨਾ ਚਾਹੁੰਦੀ ਹੈ। ਇਹ ਜੱਥੇਬੰਦੀ ਉਹਨਾਂ ਗ੍ਰੰਥਾਂ ਨੂੰ ਸਭ ਤੋਂ ਵੱਧ ਤਰਜੀਹ ਦੇਂਦੀ ਹੈ ਜਿਨ੍ਹਾਂ ਵਿੱਚ ਹਿੰਦੂ ਮਿਥਿਹਾਸ ਅਨੁਸਾਰ ਸਿੱਖੀ ਸਿਧਾਂਤ ਦੀ ਵਿਆਖਿਆ ਹੁੰਦੀ ਹੈ। ਮੋਟੇ ਤੌਰ 'ਤੇ ਕਿਹਾ ਜਾ

ਸਕਦਾ ਹੈ ਕਿ ਇਹ ਜੱਥੇਬੰਦੀ ਸਿੱਖੀ ਦਾ ਪੂਰੀ ਤਰ੍ਹਾਂ ਭਗਵਾਕਰਨ ਵਿੱਚ ਲੱਗੀ ਹੋਈ ਹੈ ਤੇ ਸਿੱਖ ਸਿਧਾਂਤ ਨੂੰ ਹਿੰਦੂ ਵਿਚਾਰਧਾਰਾ ਅਧੀਨ ਲਿਆਉਣ ਲਈ ਗੁੱਝੇ ਰੂਪ ਵਿੱਚ ਕੰਮ ਕਰ ਰਹੀ ਹੈ। ਇਹ ਜੱਥੇਬੰਦੀ ਤਥਾਂ ਨੂੰ ਤੋੜਨ ਮਰੋੜਨ ਵਿੱਚ ਲੱਗੀ ਹੋਈ ਹੈ—ਜੇਹਾ ਕਿ ਸਿੱਖ ਹਿੰਦੂ ਧਰਮ ਦੀ ਇਕਾਈ ਹਨ—ਹਿੰਦੂ ਕਲਪ ਬ੍ਰਿਛ ਹੈ ਤੇ ਖਾਲਸਾ ਉਸ ਦਾ ਅੰਮ੍ਰਿਤ ਫ਼ਲ ਹੈ—ਗੁਰਬਾਣੀ ਐਸਾ ਗਿਆਨ ਹੈ ਜਿਹੜਾ ਗੰਗੋਤਰੀ ਵਿਚੋਂ ਨਿਕਲਦਾ ਹੈ—ਜਪੁਜੀ ਗੀਤਾ ਦਾ ਸਾਰ ਹੈ—ਖਾਲਸਾ ਪੰਥ ਦੀ ਸਥਾਪਨਾ ਹਿੰਦੂ ਧਰਮ ਦੀ ਰੱਖਿਆ ਲਈ ਹੋਈ ਹੈ—ਬਾਬਾ ਬੰਦਾ ਸਿੰਘ ਬਹਾਦਰ ਬੈਰਾਗੀ ਸੀ—ਗੁਰੂ ਗੋਬਿੰਦ ਸਿੰਘ ਜੀ ਦੇਵੀ ਪੂਜਕ ਸਨ—ਸਿੱਖ ਲਵ ਕੁਸ਼ ਦੀ ਸੰਤਾਨ ਹਨ—ਭਾਈ ਮਤੀ ਦਾਸ ਜੀ ਨੂੰ ਹਿੰਦੂ ਸਾਬਤ ਕਰਨ ਲਈ 'ਸ਼ਰਮ' ਲਿਖਣਾ ਆਦਿ ਹੋਰ ਬਹੁਤ ਸਾਰੀਆਂ ਵਿਚਾਰਾਂ ਹਨ ਜਿਹੜੀਆਂ ਸਿੱਖ ਸਿਧਾਂਤ ਨੂੰ ਬ੍ਰਾਹਮਣੀ ਸੋਚ ਵਿੱਚ ਦਿਨ ਦਿਹਾੜੇ ਡੋਬਦੀਆਂ ਹਨ। ਇਹਨਾਂ ਦੀ ਸੋਚ ਹੈ ਕਿ ਸਿੱਖ ਬਾਹਰੋਂ ਸਿੱਖੀ ਸਰੂਪ ਵਾਲੇ ਬੇਸ਼ੱਕ ਦਿਸਦੇ ਰਹਿਣ ਪਰ ਇਹਨਾਂ ਦੇ ਸਾਰੇ ਸੰਸਕਾਰ ਬਿਪਰਵਾਦੀ ਹੋਣੇ ਚਾਹੀਦੇ ਹਨ। ਰਾਸ਼ਟਰੀ ਸਿੱਖ ਸੰਗਤ ਦੇ ਕਾਰਕੁੰਨ ਸਿੱਖੀ ਪਹਿਰਾਵੇ ਵਿੱਚ ਹਰੇਕ ਜਗ੍ਹਾਂ ਘੁਸਪੈਠ ਕਰ ਚੁੱਕੇ ਹਨ ਜਿਹੜੇ 'ਨਾਮ' ਦੇ ਦੈਵੀ ਸਰੂਪ ਨੂੰ ਸਮਝਣ ਦੀ ਥਾਂ 'ਤੇ ਰੱਟੇ ਲਗਵਾ ਰਹੇ ਹਨ। ਗੁਰਬਾਣੀ ਦੀ ਵਿਚਾਰ ਨੂੰ ਸਮਝਣ ਦੀ ਥਾਂ 'ਤੇ ਸੰਪਟ ਪਾਠ ਨੂੰ ਤਰਜੀਹ ਦੇ ਰਹੇ ਹਨ। ਗੁਰਦੁਆਰਿਆਂ ਵਿੱਚ ਯੋਗਾ ਕਰਾਉਣ ਦੀਆਂ ਜਮਾਤਾਂ ਲਗਣੀਆਂ ਆਦਿ ਸਾਰਾ ਕੁੱਝ ਸਿੱਖੀ ਦਾ ਭਗਵਾਂਕਰਨ ਲਈ ਹੀ ਕੀਤਾ ਜਾ ਰਿਹਾ ਹੈ।

ਸਾਨੂੰ ਕੀ ਕਰਨਾ ਚਾਹੀਦਾ ਹੈ- ਸਿੱਖ ਸਿਧਾਂਤ ਜਿਹੜਾ ਮਨੁੱਖੀ ਭਾਈਚਾਰੇ ਨੂੰ ਕਰਮਕਾਂਡੀ ਬੰਧਨਾਂ ਤੋਂ ਮੁਕਤੀ ਦਿਵਾਉਂਦਾ ਹੈ ਉਸ ਫਲਸਫੇ ਨੂੰ ਗੁਰਬਾਣੀ ਦੁਆਰਾ ਸਮਝਣ ਦਾ ਯਤਨ ਕੀਤਾ ਜਾਏ। ਉਹ ਹਰ ਪ੍ਰੰਪਰਾ ਰੱਦ ਹੋਣੀ ਚਾਹੀਦੀ ਹੈ ਜਿਹੜੀ ਸਮਾਜਿਕ ਬੁਰਾਈਆਂ ਤੇ ਧਾਰਮਿਕ ਕਰਮਕਾਂਡ ਨੂੰ ਜਨਮ ਦੇਂਦੀ ਹੈ।

ਸਿੱਖ ਨੇਤਾਵਾਂ ਦੀ ਵੱਡੀ ਤਰਾਸਦੀ ਹੈ ਕਿ ਇਹ ਵੋਟਾਂ ਦੇ ਲਾਲਚ ਵੱਸ ਹੋ ਕੇ ਸਿੱਖ ਸਿਧਾਂਤ ਨਾਲ ਸਮਝੌਤਾ ਕਰ ਚੁੱਕੇ ਹਨ। ਵੋਟਾਂ ਦੀ ਪ੍ਰਾਪਤੀ ਲਈ ਇਹ ਨੇਤਾ ਕਿਸੇ ਹੱਦ ਤੱਕ ਵੀ ਚਲੇ ਜਾਂਦੇ ਹਨ। ਸਿੱਖ ਜਜ਼ਬਾਤ ਭੜਕਾਉਂਦਿਆਂ ਸੰਵਿਧਾਨ ਦੀ 25 ਧਾਰਾ ਸਾੜਨ ਲਈ ਪੂਰੀ ਤਿਆਰੀ ਕਰਦੇ ਹਨ ਕਿ ਇਹ ਮਦ ਸਿੱਖਾਂ ਨੂੰ ਹਿੰਦੂ ਸਾਬਤ ਕਰਦੀ ਹੈ। ਸਾਡਾ ਮੱਤ ਹੈ ਕਿ ਸੰਵਿਧਾਨ ਦੀ ਅਜੇਹੀ ਧਾਰਾ ਖਤਮ ਹੋਣੀ ਚਾਹੀਦੀ ਹੈ ਜਿਹੜੀ ਘੱਟ ਗਿਣਤੀ ਕੌਮਾਂ ਦੇ ਹੱਕਾਂ ਨੂੰ ਹੜੱਪਦੀ ਹੋਵੇ। ਪਰ ਕੀ ਕੌਮ ਦੇ ਨੇਤਾ, ਜੱਥੇਦਾਰ, ਸਿੱਖ ਸਾਹਿਤਕਾਰ, ਸਿੰਘ ਸਾਹਿਬਾਨ, ਗ੍ਰੰਥੀ, ਰਾਗੀ-ਢਾਡੀ-ਪ੍ਰਚਾਰਕ ਅਤੇ ਹੋਰ ਬੁੱਧੀਜੀਵੀਏ ਇਸ ਪਾਸੇ ਧਿਆਨ ਕਦੋਂ ਦਿਵਾਉਣਗੇ? ਜਿਵੇਂ ਕਿ 25 ਧਾਰਾ ਤਾਂ ਅਸੀਂ ਸਾੜ ਲਈ ਹੈ ਪਰ ਕੀ ਅਨਮਤੀ ਗ੍ਰੰਥਾਂ ਦੀ ਜਿਹੜੀ ਵਿਆਖਿਆ ਗੁਰਦੁਆਰਿਆਂ ਵਿੱਚ ਹੋ ਰਹੀ ਹੈ, ਉਸ ਨੂੰ ਅਸੀਂ ਕਦੋਂ ਬੰਦ ਕਰਾਂਗੇ? ਸੰਵਿਧਾਨ ਦੀ ਧਾਰਾ 25 ਸਾੜਨੀ ਸਿੱਖ ਕੌਮ ਦੇ ਧਾਰਮਿਕ ਤੇ ਰਾਜਨੀਤਕ ਆਗੂਆਂ ਦੇ ਦੋਹਰੇ ਕਿਰਦਾਰ ਦੀ ਝਲਕ ਪੇਸ਼ ਕਰਦੀ ਹੈ। ਧਾਰਾ 25 ਇਸ ਲਈ ਸਾੜੀ ਜਾ ਰਹੀ ਹੈ ਕਿ ਕੇਵਲ ਅਸੀਂ ਹੀ ਸਿੱਖ ਕੌਮ ਦੇ ਸਿਧਾਂਤ ਦੀ ਰਾਖੀ ਕਰ ਰਹੇ ਹਾਂ ਤੇ ਆਮ ਸਿੱਖਾਂ ਦੀ ਹਮਦਰਦੀ ਲਈ ਜਾ ਰਹੀ ਹੈ। ਦੂਜੇ ਪਾਸੇ ਇਤਿਹਾਸਕ ਤੇ ਲੋਕਲ ਗੁਰਦੁਆਰਿਆਂ ਵਿੱਚ ਇਹਨਾਂ ਆਗੂਆਂ ਦੇ ਨੱਕ ਹੇਠ ਸਾਰਾ ਉਹ ਕੁੱਝ ਸੁਣਾਇਆ ਤੇ ਵੇਚਿਆ ਜਾ ਰਿਹਾ ਹੈ ਜਿਹੜਾ ਆਪਣੇ ਆਪ ਹੀ ਭਗਵੇ ਰੰਗ ਵਿੱਚ ਡੋਬ ਰਿਹਾ ਹੈ। ਅਜੇ ਤੱਕ ਸਾਡੀ ਨੁਮਾਇੰਦਾ ਜਮਾਤ ਸਿਧਾਂਤਕ ਵਿਆਖਿਆ ਪ੍ਰਣਾਲੀ ਹੀ ਨਹੀਂ ਦੇ ਸਕੀ। ਆਰ ਐਸ ਐਸ ਦਾ ਪਿੱਟ ਸਿਆਪਾ ਤਾਂ ਅਸੀਂ ਬਹੁਤ ਕਰ ਰਹੇ ਹਾਂ ਪਰ ਸਿੱਖ ਸਿਧਾਂਤ ਨੂੰ ਸਮਝਣ ਸਮਝਾਉਣ ਦਾ ਯੋਗ ਉਪਰਾਲਾ ਕਦੋਂ ਕਰਾਂਗੇ?

ਬਚਿੱਤ੍ਰ ਨਾਟਕ ਦਾ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕੀਤਾ ਜਾ ਰਿਹਾ ਹੈ। ਪਰ ਸਿੱਖਾਂ ਦੇ ਧਾਰਮਕ ਤੇ ਰਾਜਨੀਤਕ ਆਗੂ ਮੂਕ ਦਰਸ਼ਕ ਬਣ ਕੇ ਦੇਖ ਰਹੇ ਹਨ। ਸਿੱਖੀ ਵਿੱਚ ਹਿੰਦੁਤਵ ਲਿਆਉਣ ਲਈ ਇਕੱਲਾ ਗੁਰਪ੍ਰਤਾਪ ਸੂਰਜ ਗ੍ਰੰਥ ਹੀ ਬਹੁਤ ਹੈ ਜਿਸ ਦੀ ਹਰੇਕ ਗੁਰਦੁਆਰੇ ਵਿੱਚ ਕਥਾ ਹੋ ਰਹੀ ਹੈ। ਕੌਮ ਵਾਸਤੇ ਹੈਰਾਨਗੀ ਹੈ ਕਿ ਭਗਤ ਮਾਲਾ ਦੀਆਂ ਕਥਾਵਾਂ ਹੋ ਰਹੀਆਂ ਹਨ ਜਿਹੜੀਆਂ ਸਿੱਧੀਆਂ ਸਿੱਧੀਆਂ ਹੀ ਗੁਰੂ ਸਾਹਿਬਾਨ ਦੇ ਜੀਵਨ ਨੂੰ ਭਗਵਾ ਕਰਕੇ ਪੇਸ਼ ਕਰਦੀਆਂ ਹਨ ਤੇ ਆਮ ਉਹੀ ਪ੍ਰੰਪਰਾਗਤ ਇਤਿਹਾਸ ਸੁਣਾਇਆ ਜਾ ਰਿਹਾ ਹੈ। ਗੁਰੂਆਂ ਦੇ ਜੀਵਨ ਨੂੰ ਦੇਵਤਿਆਂ ਦੇ ਅਵਤਾਰ ਦੱਸਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਸੰਵਿਧਾਨ ਦੀ 25 ਧਾਰਾ ਸਾੜਨ ਦਾ ਡਰਾਮਾ ਵੀ ਪੂਰਾ ਕੀਤਾ ਜਾ ਰਿਹਾ ਹੈ। ਹੈ ਨਾ ਜੱਗੋਂ ਤੇਰ੍ਹਵੀਂ--

ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਕੇਵਲ ਆਪਣਿਆਂ ਨੂੰ ਨੌਕਰੀਆਂ ਦੇਣ ਲਈ ਨਹੀਂ ਬਣੀ ਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੂੰ ਝੂਟੇ ਦੇਣ ਲਈ ਬਣੀ ਹੈ। ਇਸ ਦਾ ਕਾਰਜ ਸੀ ਕਿ ਸਿੱਖੀ ਦੇ ਆਲਮੀ ਫਲਸਫੇ ਨੂੰ ਦੁਨੀਆਂ ਤੱਕ ਪਹੁੰਚਾਉਂਦੀ। ਇਹ ਵਿਚਾਰੇ ਤਾਂ ਨਾਨਕਸ਼ਾਹੀ ਕੈਲੰਡਰ ਦਾ ਨਾਂ ਲੈਣ ਲਈ ਵੀ ਤਿਆਰ ਨਹੀਂ ਹਨ ਕਿ ਕਿਤੇ ਕੋਈ ਕੁਰਹਿਤ ਨਾ ਹੋ ਜਾਏ, ਕਿਤੇ ਰਾਸ਼ਟਰੀ ਸੰਗਤ ਨਾ ਨਰਾਜ਼ ਹੋ ਜਾਏ। ਬਿਪਰ ਨੂੰ ਖੁਸ਼ ਕਰਨ ਲਈ ਅਸਾਂ ਨਾਨਕਸ਼ਾਹੀ ਕੈਲੰਡਰ ਦਾ ਦਿਨ ਦੀਵੀਂ ਕਤਲ ਕਰਨ ਤੋਂ ਭੋਰਾ ਸੰਕੋਚ ਨਹੀਂ ਕੀਤਾ। ਮੁੱਕਦੀ ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਪੰਥਕ ਹਿਤੈਸ਼ੀ ਜੱਥੇਬੰਦੀਆਂ ਨੂੰ ਉਹ ਸਭ ਮਾਨਤਾਵਾਂ, ਪ੍ਰੰਪਰਾਵਾਂ, ਤਿਉਹਾਰ, ਰੀਤੀ ਰਿਵਾਜ ਇਕਵੱਢਿਓਂ ਰੱਦ ਕਰ ਦੇਣੇ ਚਾਹੀਦੇ ਹਨ ਜਿਹੜੇ ਸਾਨੂੰ ਭਗਵਾਕਰਨ ਦੇ ਖਾਰੇ ਸਮੁੰਦਰ ਵਿੱਚ ਡੋਬਦੇ ਹਨ। ਆਓ ਗੁਰੂ ਸਾਹਿਬਾਨ ਵਲੋਂ ਮਨੁੱਖਤਾ ਲਈ ਕੀਤੇ ਪਰਉਪਕਾਰ ਤੇ ਆਲਮੀ ਫਲਸਫੇ ਨਾਲ ਪਿਆਰ ਕਰੀਏ ਭਗਵਾਂਕਰਨ ਤੇ ਨਾਨਕਈ ਫਲਸਫੇ ਦੇ ਫਰਕ ਨੂੰ ਸਮਝਣ ਦਾ ਯਤਨ ਕਰੀਏ।

ਖਾਲਸਾ ਸਕੂਲਾਂ ਨੇ ਕਿਸੇ ਸਮੇਂ ਸਿੱਖੀ ਦੇ ਪਰਚਾਰ ਪਾਸਾਰ ਲਈ ਬਹੁਤ ਵੱਡੀ ਪੱਧਰ 'ਤੇ ਕੰਮ ਕੀਤਾ ਸੀ ਅੱਜ ਬਹੁਤੇ ਸਕੂਲ ਕਾਲਜ ਸਿੱਖੀ ਸਿਧਾਂਤ ਦੀ ਲੀਹ ਤੋਂ ਲੱਥ ਹੀ ਨਹੀਂ ਗਏ ਹਨ ਸਗੋਂ ਭਗਵੇਪਨ ਦਾ ਪੂਰਾ ਸ਼ਿਕਾਰ ਹੋ ਚੁੱਕੇ ਹਨ। ਸਭ ਤੋਂ ਵੱਡੀ ਲੋੜ ਉਹਨਾਂ ਨੇਤਾਵਾਂ, ਸਾਹਿਤਕਾਰਾਂ ਤੇ ਹੋਰ ਆਗੂਆਂ 'ਤੇ ਨਜ਼ਰ ਰੱਖਣ ਦੀ ਹੈ ਜਿਹੜੇ ਬਿੱਪਰਵਾਦ ਦੇ ਕੁਹਾੜੇ ਦੇ ਦਸਤੇ ਬਣ ਚੁੱਕੇ ਹਨ।

ਸਿੱਖੀ ਭੇਸ ਵਿੱਚ ਸਾਰੇ ਡੇਰੇ ਹੀ ਸੁੱਤੇ ਸਿੱਧ ਆਰ ਐਸ ਐਸ ਦੇ ਉਦੇਸ਼ ਦੀ ਹੀ ਪੂਰਤੀ ਕਰ ਰਹੇ ਹਨ। ਅਫਸੋਸ ਕਿ ਇਨ੍ਹਾਂ ਡੇਰਿਆਂ ਨੂੰ ਮਾਨਤਾ ਸਾਡੇ ਸਿੰਘ ਸਾਹਿਬ ਦੇ ਰਹੇ ਹਨ।

ਸੰਵਿਧਾਨ ਦੀ 25 ਧਾਰਾ ਸਾੜਣ ਵਾਲਿਓ, ਨਾਲ ਹੀ ਉਹਨਾਂ ਗ੍ਰੰਥਾਂ ਵਿਚਲੇ ਬਿਪਰੀ ਇਤਿਹਾਸ, ਰੀਤਾਂ-ਰਿਵਾਜਾਂ, ਪ੍ਰੰਪਰਾਵਾਂ ਨੂੰ ਵੀ ਸਾੜੋ ਜਿਹੜੀਆਂ ਤੁਹਾਨੂੰ ਬਿਪਰ ਹੋਣ ਦੀ ਮਾਨਤਾ ਦੇ ਰਹੀਆਂ ਹਨ।

ਨੌਜਵਾਨਾਂ ਨੂੰ ਸੰਭਾਲਣ ਲਈ ਕਾਗ਼ਜ਼ਾਂ ਵਿੱਚ ਨਹੀਂ, ਸਗੋਂ ਅਮਲੀ ਰੂਪ ਦੇਣ ਦਾ ਸਾਰਥਕ ਯਤਨ ਕਰਨਾ ਚਾਹੀਦਾ ਹੈ। ਆਲ ਇੰਡੀਆ ਸਿੱਖ ਸਟੂਡੈਂਟ ਫੈਂਡਰੇਸ਼ਨ ਵਰਗੀ ਨੌਜਵਾਨ ਜੱਥੇਬੰਦੀ ਦੇ ਉਭਾਰ ਨੂੰ ਮੁੜ ਕੇ ਤਿਆਰ ਕਰਨਾ ਚਾਹੀਦਾ ਹੈ ਤੇ ਸਕੂਲਾਂ ਕਾਲਜਾਂ ਵਿੱਚ ਸਿੱਖੀ ਸਿਧਾਂਤ ਦੇ ਕੈਂਪ ਲਗਾਉਣ ਦਾ ਯਤਨ ਹੋਣਾ ਚਾਹੀਦਾ ਹੈ।

ਕਹਿਣ ਨੂੰ ਅਸੀਂ ਗੁਰੂ ਸਾਹਿਬਾਨ ਦੇ ਪੁਰਬ ਮਨਾਉਂਦੇ ਹਾਂ ਪਰ ਗੁਰੂ ਸਾਹਿਬਾਨ ਜੀ ਕੀਤੀ ਘਾਲਣਾ ਨੂੰ ਹਿੰਦੂਤਵ ਦੇ ਸਿਧਾਂਤ ਅਨੁਸਾਰ ਹੀ ਪੇਸ਼ ਕਰਦੇ ਹਾਂ।

ਅਫਸੋਸ ਦੀ ਗੱਲ ਇਹ ਵੀ ਹੈ ਕਿ ਅਸੀਂ ਆਪਣੀਆਂ ਨਲਾਇਕੀਆਂ ਨੂੰ ਵੀ ਆਰ.ਐਸ.ਐਸ. ਦੇ ਸਿਰ ਮੜ ਦਿੰਦੇ ਹਾਂ। ਘੱਟ ਤੋਂ ਘੱਟ ਜੋ ਅਸੀਂ ਕਰ ਸਕਦੇ ਹਾਂ ਉਹ ਸਾਨੂੰ ਕਰਨਾ ਚਾਹੀਦਾ ਹੈ 'ਨੱਚਣਾ ਨਾ ਆਵੇ ਵਿਹੜਾ ਟੇਢਾ' ਦੀ ਕਹਾਵਤ ਮੁਤਾਬਕ ਆਪਣੀਆਂ ਕਮਜ਼ੋਰੀਆਂ ਨੂੰ ਆਰ.ਐਸ.ਐਸ. ਦਾ ਨਾਂ ਦੇ ਕੇ ਬਰੀ ਨਾ ਹੋਈਏ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

–ਗੁਰਮਤਿ ਵਿਰਸਾ ਬਿਊਰੋ

**ਸਵਾਲ:–ਗੁਰੂ ਗ੍ਰੰਥ ਸਾਹਿਬ ਜੀ ਦਾ ਉਚਾਰਨ ਕਰਨ ਸਮੇਂ ਸ੍ਰੀ ਲਗਾਉਣਾ ਚਾਹੀਦਾ ਹੈ ਜਾਂ ਨਹੀਂ?**

**ਜਵਾਬ:**–ਹਰ ਗੱਲ ਵਿੱਚ ਸ਼ੰਕਾ ਕਰਨਾ ਜਾਂ ਭਰਮਾਂ ਵਿਚ ਪੈਣਾ ਵੀ ਚੰਗਾ ਨਹੀਂ ਹੁੰਦਾ। ਆਪਣੇ ਮਨ ਦੀ ਅਵਸਥਾ ਹੈ ਸ੍ਰੀ ਲਾ ਲਵੋ ਤਾਂ ਵੀ ਠੀਕ ਹੈ, ਨਾ ਲਗਾਉ ਤਾਂ ਵੀ ਠੀਕ ਹੈ। ਕਈ ਸਤਿਕਾਰ ਵਜੋਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਵੀ ਕਹਿ ਲੈਂਦੇ ਹਨ।

**ਸਵਾਲ:–ਇਸਤਰੀਆਂ ਦਾ ਨਸ਼ਿਆਂ ਪ੍ਰਤੀ ਕੀ ਰਵੱਈਆ ਹੋਵੇ?**

**ਜਵਾਬ:**–ਨਸ਼ਿਆਂ ਨਾਲ ਸੱਭ ਤੋਂ ਵੱਧ ਨੁਕਸਾਨ ਘਰ ਦੀ ਇਸਤਰੀ ਅਤੇ ਬੱਚਿਆਂ ਦਾ ਹੁੰਦਾ ਹੈ। ਗ਼ਰੀਬ ਨਸ਼ੱਈਆਂ ਵਲੋਂ ਰੋਜ਼ਾਨਾ ਆਪਣੀ ਪਤਨੀ ਨੂੰ ਮਾਰਨਾ ਕੁੱਟਣਾ ਅਤੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਪੈਸੇ ਲਿਆਉਣ ਉੱਤੇ ਜ਼ੋਰ ਦੇਣਾ ਆਮ ਹੈ। ਇਸਤਰੀ, ਘਰ ਵਾਲੇ ਤੋਂ ਮਾਰ ਵੀ ਖਾਂਦੀ ਹੈ, ਕੰਮ ਵੀ ਕਰਦੀ ਹੈ ਤੇ ਮਨ ਵਿਚ ਦੁਖੀ ਹੁੰਦੀ ਹੈ ਕਿ ਉਹ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੀ, ਘਰ ਦੀ ਰੋਟੀ ਨਹੀਂ ਚੱਲਦੀ।

ਸ਼ਰਾਬ ਤਾਂ ਇਸਤਰੀ ਦੀ ਸੌਂਕਣ ਹੈ। ਇਸ ਨੂੰ ਜਿੰਨੀ ਛੇਤੀ ਘਰੋਂ ਕੱਢ ਸਕੇ ਓਨਾ ਹੀ ਇਸਤਰੀ ਦਾ ਭਲਾ ਹੈ। ਇਸਤਰੀ ਦਾ ਯਤਨ ਇਹੋ ਹੋਣਾ ਚਾਹੀਦਾ ਹੈ ਕਿ ਉਸ ਦਾ ਪਤੀ ਨਸ਼ੇ ਛੱਡ ਦੇਵੇ। ਭੈਣਾਂ, ਮਾਤਾਵਾਂ ਦੇ ਰੂਪ ਵਿਚ ਵੀ ਇਸਤਰੀਆਂ ਆਪਣੇ ਭਰਾਵਾਂ ਤੇ ਪੁੱਤਰਾਂ ਨੂੰ ਨਸ਼ਿਆਂ ਤੋਂ ਬਚਾਅ ਸਕਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਸਮਝਣ ਨਾਲ ਨਸ਼ੇ ਤੋਂ ਛੁਟਕਾਰਾ ਹੋ ਸਕਦਾ ਹੈ।

**ਸਵਾਲ:– ਕੀ ਅੰਮ੍ਰਿਤ ਛੱਕਣ ਤੋਂ ਬਿਨਾਂ ਪਾਠ ਕਰਨਾ ਵਿਅਰਥ ਹੈ?**

**ਜਵਾਬ:**–ਨਹੀਂ, ਬਿਲਕੁਲ ਨਹੀਂ। ਜੇਕਰ ਗੁਰਬਾਣੀ ਦਾ ਪਾਠ ਕਰਾਂਗੇ ਤਾਂ ਮਨ ਹੌਲੀ-ਹੌਲੀ ਧਰਮ ਵਾਲੇ ਪਾਸੇ ਆਵੇਗਾ। ਗੁਰਬਾਣੀ ਹੀ ਮਨੁੱਖੀ ਮਨ ਤੇ ਸੁਭਾਅ ਨੂੰ ਬਦਲਦੀ ਹੈ। ਬਾਣੀ ਪੜ੍ਹਨ ਸੁਣਨ ਨਾਲ ਹੀ ਚੰਚਲ ਮਨ ਉਸਾਰੂ ਤੇ ਚੰਗੇ ਪਾਸੇ ਸੋਚੇਗਾ ਤੇ ਹੌਲੀ- ਹੌਲੀ ਉਸ ਦਾ ਭਾਂਡਾ ਅੰਮ੍ਰਿਤ ਛਕਣ ਲਈ ਤਿਆਰ ਹੋਵੇਗਾ। ਜੇਕਰ ਉਹ ਪਾਠ ਕਰੇਗਾ ਤਾਂ ਪਾਠ ਦੀ ਸਮਝ ਵੀ ਆਉਣ ਲੱਗੇਗੀ ਅਤੇ ਅੰਮ੍ਰਿਤ ਛੱਕਣ ਦੀ ਲੋੜ ਨੂੰ ਮਹਿਸੂਸ ਕਰੇਗਾ। ਹਰ ਸਿੱਖ ਨੂੰ ਅੰਮ੍ਰਿਤਧਾਰੀ ਹੋਣਾ ਜਰੂਰੀ ਹੈ।

**ਸਵਾਲ:–ਜੇ ਪਾਠ ਕਰਦਿਆਂ ਧਿਆਨ ਨਾ ਲੱਗੇ ਤਾਂ ਕੀ ਕਰਨਾ ਚਾਹੀਦਾ ਹੈ?**

**ਜਵਾਬ:**–ਧਿਆਨ ਨਾ ਲੱਗਣ ਦਾ ਕਾਰਨ ਦੂਰ ਕਰਨ ਲਈ ਗੁਰਬਾਣੀ ਅਰਥ ਸਟੀਕ ਲੈ ਕੇ ਸਮਝੀਏ। ਜਦ ਪੜ੍ਹਦੇ ਸਮੇਂ ਸਮਝ ਆ ਰਿਹਾ ਹੋਵੇਗਾ ਕਿ ਜੋ ਪੜ੍ਹਿਆ ਜਾ ਰਿਹਾ ਹੈ ਇਸ ਦਾ ਕੀ ਅਰਥ ਹੈ, ਤਾਂ ਮਨ ਵੀ ਪਾਠ ਕਰਦਿਆਂ ਜੁੜੇਗਾ। ਯਤਨ ਹੋਵੇ ਕਿ ਪਾਠ ਸਹਿਜੇ ਸਹਿਜੇ, ਹਰ ਵਿਸ਼ਰਾਮ 'ਤੇ ਰੁੱਕ ਕੇ ਕੀਤਾ ਜਾਵੇ। ਠੀਕ ਵਿਸ਼ਰਾਮ ਲਾ ਕੇ ਪਾਠ ਕਰਨ ਨਾਲ ਵੀ ਬਹੁਤ ਸਾਰੇ ਅਰਥ ਸਪੱਸ਼ਟ ਹੁੰਦੇ ਜਾਂਦੇ ਹਨ, ਇਸ ਦਾ ਅਨੰਦ ਵੀ ਆਉਂਦਾ ਹੈ ਤੇ ਧਿਆਨ ਵੀ ਜੁੜਦਾ ਹੈ। ਜਦੋਂ ਕਦੇ ਮਨ ਵਿਚ ਸ਼ਰਧਾ ਆਵੇ, ਤਾਂ ਇਹੋ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਅਕਾਲ ਪੁਰਖ! ਮਿਹਰ ਕਰੋ, ਆਪਣਾ ਸਿਮਰਨ ਬਖ਼ਸ਼ੋ, ਗੁਰਬਾਣੀ ਦਾ ਓਟ ਆਸਰਾ ਬਖ਼ਸ਼ੋ।

**ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥**
**ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥**

**(1018)**

**ਸਵਾਲ:–ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲੱਗਿਆਂ ਜੋ ਗ਼ਲਤੀਆਂ ਹੁੰਦੀਆਂ ਹਨ, ਕੀ ਉਹਨਾਂ ਦਾ ਪਾਪ ਚੜ੍ਹਦਾ ਹੈ?**

**ਜਵਾਬ:**–ਜੇਕਰ ਕੋਈ ਕੰਮ ਕਰੋਗੇ ਤਾਂ ਗ਼ਲਤੀਆਂ ਤਾਂ ਹੋਣਗੀਆਂ। ਜੇਕਰ ਕੁਝ ਲਿਖਾਂਗੇ, ਬੋਲਾਂਗੇ ਜਾਂ ਕਿਸੇ ਨਾਲ ਗੱਲ ਕਰਾਂਗੇ, ਗ਼ਲਤੀਆਂ ਤਾਂ ਹੋਣਗੀਆਂ ਹੀ। ਅਣਜਾਣੇ ਹੋਈਆਂ ਗ਼ਲਤੀਆਂ ਦਾ ਕੋਈ ਪਾਪ ਨਹੀਂ। ਜੇਕਰ ਕੋਈ ਜਾਣ ਬੁੱਝ ਕੇ ਗਲਤੀਆਂ ਕਰਦਾ ਹੈ, ਪੜ੍ਹਦੇ ਸਮੇਂ ਧਿਆਨ ਨਾਲ ਨਹੀਂ ਪੜ੍ਹਦਾ, ਮਨ ਉੱਥੇ ਹਾਜ਼ਰ ਨਹੀਂ ਹੈ, ਫਿਰ ਤਾਂ ਕਸੂਰਵਾਰ ਹੈ ਜੀ। ਜੇਕਰ ਇਹ ਡਰ ਪਾਵਾਂਗੇ ਕਿ ਪੜ੍ਹਨ ਲੱਗੇ ਗਲਤੀ ਕੀਤੀ ਤਾਂ ਪਾਪ ਲੱਗੂ, ਫਿਰ ਤਾਂ ਕੋਈ ਪਾਠ ਕਰੇਗਾ ਹੀ ਨਹੀਂ। ਡਰਾਉਣ ਦੀ ਗੱਲ ਨਹੀਂ, ਪਿਆਰ ਪਾਉਣ ਦੀ ਗੱਲ ਹੋਣੀ ਚਾਹੀਦੀ ਹੈ। ਪਾਪ ਲੱਗਣ ਦੀਆਂ ਮਨਘੜ੍ਹਤ ਸਾਖੀਆਂ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ।

**ਸਵਾਲ:–ਕੀ ਰੋਮਾਂ ਦੀ ਬੇਅਦਬੀ ਕਰਨ ਵਾਲਾ ਕੋਈ ਵਿਅਕਤੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਜਾਂ ਚੌਰ ਕਰ ਸਕਦਾ ਹੈ?**

**ਜਵਾਬ:**–ਬਹੁਤੀਆਂ ਪਾਬੰਦੀਆਂ ਵੀ ਲੋਕਾਂ ਨੂੰ ਧਰਮ ਤੋਂ ਦੂਰ ਭਜਾਉਂਦੀਆਂ ਹਨ। ਸੰਗਤ ਨੂੰ ਸੁਣਾਉਣ ਲਈ ਜਾਂ ਸਮਝਾਉਣ ਲਈ ਤਾਂ ਸਾਬਤ ਸੂਰਤ ਹੀ ਪਾਠ ਕਰੇ। ਕਿਉਂਕਿ ਜੋ ਆਪ ਅਧੂਰਾ ਹੈ ਉਹ ਦੂਜੇ ਨੂੰ ਕੀ ਸਿਖਾਏਗਾ? ਪਰ ਕੋਈ ਵੀ ਵਿਅਕਤੀ ਪਤਿਤ ਜਾਂ ਕਿਸੇ ਹੋਰ ਧਰਮ ਦਾ ਆਪਣੇ ਲਈ ਪਾਠ ਕਰ ਸਕਦਾ ਹੈ। ਦੂਜੇ ਵਿਅਕਤੀ (ਪਤਿਤ) ਤੋਂ ਚੌਰ ਖੋਹਣਾ ਸਿਆਣੀ ਗੱਲ ਨਹੀਂ। ਜੇ ਉਸ ਦੀ ਅਵਸਥਾ ਚੌਰ ਕਰਨ ਦੀ ਹੈ ਤਾਂ ਕਦੇ ਅਗਿਆਨਤਾ ਗਿਆਨ ਵਿਚ ਬਦਲ ਕੇ ਉਸ ਨੂੰ ਸੁਧਾਰ ਦੇਵੇਗੀ। ਪਰ ਜੇ ਡਰਾਉਗੇ, ਭਜਾਉਗੇ, ਉਹ 10 ਹੋਰਾਂ ਨੂੰ ਵੀ ਪਤਿਤ ਤੇ ਨਾਸਤਕ ਬਣਾਵੇਗਾ।

**ਸਵਾਲ:–ਕੀ ਹਰ ਸਿੱਖ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ? ਕੀ ਕੋਈ ਗੁਰੂ ਗ੍ਰੰਥ ਸਾਹਿਬ ਨੂੰ ਅੰਮ੍ਰਿਤ ਛਕਣ ਤੋਂ ਬਿਨਾਂ ਮੰਨ ਸਕਦਾ ਹੈ?**

**ਜਵਾਬ:**– ਕੋਈ ਵਿਦਿਆਰਥੀ ਇਹ ਪੁੱਛੇ ਕਿ ਕੀ ਸਕੂਲ ਵਿਚ ਪੜ੍ਹਨ ਲਈ ਵਰਦੀ ਜ਼ਰੂਰੀ ਹੈ, ਤਾਂ ਇਹ ਸਵਾਲ ਹਾਸੋਹੀਣਾ ਲੱਗੇਗਾ। ਸਕੂਲ ਦਾ ਇੱਕ ਅਨੁਸ਼ਾਸਨ ਹੈ, ਮਰਯਾਦਾ ਹੈ, ਉਸ ਨੂੰ ਬਰਕਰਾਰ ਰੱਖਣਾ ਵਿਦਿਆਰਥੀ ਲਈ ਜ਼ਰੂਰੀ ਹੈ। ਜੇਕਰ ਉਹ ਵਰਦੀ ਨਹੀਂ ਪਾਏਗਾ, ਤਾਂ ਸਕੂਲ ਵਿੱਚ ਦਾਖ਼ਲ ਹੀ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸਿੱਖੀ ਵਿਚ ਦਾਖ਼ਲਾ ਲੈਣ ਲਈ ਅੰਮ੍ਰਿਤ ਛੱਕਣਾ ਗੁਰੂ ਅੱਗੇ ਆਤਮ ਸਮਰਪਣ ਹੈ–

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**

**(918)**

ਸੋ ਅੰਮ੍ਰਿਤਪਾਨ ਕਰਕੇ ਗੁਰੂ ਅੱਗੇ ਆਤਮ ਸਮਰਪਣ ਕਰਨਾ ਸੱਭ ਲਈ ਜ਼ਰੂਰੀ ਹੈ। ਹਰ ਸਿੱਖ ਦਾ ਨਿਸ਼ਚਾ ਅੰਮ੍ਰਿਤ ਉੱਤੇ ਆ ਜਾਵੇ, ਇਹ ਪੰਥ ਦੀ ਸਮੁੱਚੀ ਜ਼ਿੰਮੇਵਾਰੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਤਾਂ ਸਾਰੀ ਦੁਨੀਆਂ ਮੰਨਦੀ ਹੈ। ਇਸ ਦੀ ਬਾਣੀ 'ਚੋਂ ਫੁਟਦੇ ਪਿਆਰ ਦੇ ਸੋਮੇ ਅਤੇ ਰੂਹਾਨੀ ਸੁਨੇਹੇ ਹਰ ਪ੍ਰਾਣੀ ਮਾਤਰ ਦੇ ਹਿਰਦੇ ਵਿੱਚ ਸ਼ਾਂਤੀ ਦੇਣ ਵਾਲੇ ਹਨ। ਜੇ ਕੋਈ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਤਰ੍ਹਾਂ ਮੰਨਦਾ ਹੋਵੇ ਤਾਂ ਉਹ ਸਹਿਜੇ ਸਹਿਜੇ ਆਪ ਹੀ ਅੰਮ੍ਰਿਤ ਛੱਕਣ ਲਈ ਉਤਾਵਲਾ ਹੋ ਜਾਂਦਾ ਹੈ।

**3. ਸਵਾਲ:– ਕਈ ਗੁਰਦਵਾਰਿਆਂ ਵਿਚ ਰਾਤ ਨੂੰ ਸੋਹਿਲਾ ਸਾਹਿਬ ਦੀ ਛੋਟੀ ਅਰਦਾਸ ਤੋਂ ਬਾਅਦ ਵੀ ਕੀਰਤਨ ਕਰਦੇ ਹਨ। ਕੀ ਇਹ ਉਚਿਤ ਹੈ?**

**ਜਵਾਬ:**– ਰਾਤ ਨੂੰ ਸੋਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਣ ਸਮੇਂ ਪੜ੍ਹਿਆ ਜਾਂਦਾ ਹੈ। ਇਸ ਨਾਲ ਦੀਵਾਨ ਦੀ ਸਮਾਪਤੀ ਸਮਝੀ ਜਾਂਦੀ ਹੈ। ਮਹਾਰਾਜ ਦੇ ਨਿਜ ਸਥਾਨ ਤੇ ਲਿਜਾਣ ਵੇਲੇ ਸ਼ਬਦ ਪੜ੍ਹੇ ਜਾਂਦੇ ਹਨ। ਸਤਿਗੁਰੂ ਜੀ ਦੇ ਨਿਜ ਸਥਾਨ ਪਹੁੰਚਣ ਤੋਂ ਬਾਅਦ ਤਾਂ ਕੀਰਤਨ ਕਰਨ ਦਾ ਕੋਈ ਵਿਧਾਨ ਹੀ ਨਹੀਂ ਹੈ।



# ਸ਼ਬਦ ਵਿਚਾਰ

## ਨਗਨ ਫਿਰਤ ਜੌ ਪਾਈਐ ਜੋਗੁ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਨਗਨ ਫਿਰਤ ਜੌ ਪਾਈਐ ਜੋਗੁ ॥**
**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥**
**ਕਿਆ ਨਾਗੇ ਕਿਆ ਬਾਧੇ ਚਾਮ ॥**
**ਜਬ ਨਹੀ ਚੀਨਸਿ ਆਤਮ ਰਾਮ ॥**
**ਰਹਾਉ ॥**
**ਮੂਡ ਮੁੰਡਾਏ ਜੌ ਸਿਧਿ ਪਾਈ ॥**
**ਮੁਕਤੀ ਭੇਡ ਨ ਗਈਆ ਕਾਈ ॥**
**ਬਿੰਦੁ ਰਾਖਿ ਜੌ ਤਰੀਐ ਭਾਈ ॥**
**ਖੁਸਰੈ ਕਿਉ ਨ ਪਰਮ ਗਤਿ ਪਾਈ ॥**
**ਕਹੁ ਕਬੀਰ ਸੁਨਹੁ ਨਰ ਭਾਈ ॥**
**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥**
**(ਬਾਣੀ ਕਬੀਰ ਜੀਉ ਕੀ ਪੰਨਾ-324)**

ਪੰਜਾਬ ਦੀ ਧਰਤੀ ਉਪਜਾਊ ਹੋਣ ਦੇ ਨਾਤੇ, ਵੱਖ ਵੱਖ ਧਰਮਾਂ ਦਿਆਂ ਸਾਧਾਂ ਨੇ ਪਿਛਲੇ ਕੁੱਝ ਸਮੇਂ ਤੋਂ ਗੁਰਬਾਣੀ ਰੰਗ ਦੇ ਕੇ ਆਪਣੇ ਪੈਰ ਪਸਾਰਨ ਦਾ ਯਤਨ ਕੀਤਾ ਹੈ। ਕੁੱਝ ਸਿੱਖੀ ਪਹਿਰਾਵੇ ਵਿੱਚ ਹਨ, ਕੁੱਝ ਅਰਧ ਨਗਨ ਹਾਲਤ ਵਿੱਚ ਆਪਣੀਆਂ ਕੱਛਾਂ ਦਿਖਾਈ ਜਾਣਗੇ ਤੇ ਕੁੱਝ ਗੇਰੂਵੇ ਪਹਿਰਾਵੇ ਵਿੱਚ ਹਨ। ਇੰਜ ਲੱਗਦਾ ਹੈ ਕਿ ਜਿਵੇਂ ਇਹਨਾਂ ਲੋਕਾਂ ਨੇ ਪੰਜਾਬ ਦੀ ਧਰਤੀ ਨੂੰ ਇੱਕ ਧਰਮ ਦੀ ਬਸਤੀ ਸਮਝ ਲਿਆ ਹੋਵੇ। ਇਹ ਸਾਰਾ ਕੁੱਝ ਗੁਰਦੁਆਰਿਆਂ ਵਿਚੋਂ ਤਰਬੀਬ ਨਾਲ ਪਰਚਾਰ ਨਾ ਹੋਣ ਕਰਕੇ ਹੀ ਹੋਇਆ ਹੈ। ਇੰਜ ਲੱਗਦਾ ਹੈ ਕਿ ਗੁਰਦੁਆਰੇ ਸ਼ਾਇਦ ਹੁਣ ਚਿੱਟੇ ਹਾਥੀ ਹੀ ਹੋਣ।

ਸੁਆਲ ਪੈਦਾ ਹੁੰਦਾ ਹੈ, ਕਿ ਕੇਵਲ ਚੋਲ਼ਾ ਪਹਿਣ ਨਾਲ ਰੱਬ ਜੀ ਨਾਲ ਮਿਲਾਪ ਹੋ ਜਾਂਦਾ ਹੈ? ਕੀ ਵਿਆਹ ਨਾ ਕਰਾਉਣ ਨਾਲ ਕੋਈ ਖਾਸ ਪ੍ਰਾਪਤੀ ਹੁੰਦੀ ਹੈ? ਕੀ ਸਿਰ ਮਨਾਉਣ ਵਾਲਾ ਕੁਦਰਤ ਨਾਲ ਖਿਲਵਾੜ ਨਹੀਂ ਕਰ ਰਿਹਾ? ਕੀ ਅਰਧ ਨਗਨ ਰਹਿਣ ਨਾਲ ਮੁਲਕ ਦਾ ਕੋਈ ਭਲਾ ਹੋ ਸਕਦਾ ਹੈ?

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਵਿਚਾਰਨ ਨਾਲ ਸਮਝ ਆਉਂਦੀ ਹੈ ਕਿ ਜੋ ਮਨੌਤਾਂ ਅਸੀਂ ਬਣਾਈ ਬੈਠੇ ਹਾਂ, ਉਹਨਾਂ ਦਾ ਸਿੱਖ ਸਿਧਾਂਤ ਨਾਲ ਦੂਰ ਦਾ ਵੀ ਵਾਹ ਵਾਸਤਾ ਨਹੀਂ ਹੈ। ਨਿੱਤ ਗੁਰਬਾਣੀ ਦੇ ਅਖੰਡਪਾਠ ਕਰਨ ਵਾਲੇ ਵੀ ਵਹਿਮਾਂ ਭਰਮਾਂ ਦੇ ਪੂਰੇ ਸ਼ਿਕਾਰ ਹੋਏ ਹੋਏ ਹਨ। ਉਪਰੋਕਤ ਕੀਤੇ ਸੁਆਲਾਂ ਦੇ ਜੁਆਬ ਸਾਨੂੰ ਗੁਰਬਾਣੀ ਵਿਚੋਂ ਹੀ ਮਿਲ ਜਾਂਦੇ ਹਨ।

ਸਿੱਖੀ ਵਿੱਚ ਸੰਤ ਸਮਾਜ ਦੇ ਨਾਂ ਦੀ ਇੱਕ ਨਵੀਂ ਸ਼੍ਰੇਣੀ ਪੈਦਾ ਹੋਈ ਹੈ। ਜਿਹੜੀ ਇਹ ਦਾਅਵਾ ਕਰਦੀ ਹੈ ਕਿ ਸਾਨੂੰ ਗੁਰਬਾਣੀ ਬਾਰੇ ਸਭ ਤੋਂ ਵੱਧ ਗਿਆਨ ਹੈ ਤੇ ਜੋ ਅਸੀਂ ਕਰ ਰਹੇ ਹਾਂ ਉਹ ਹੀ ਅਸਲੀ ਸਿੱਖ ਸਿਧਾਂਤ ਹੈ। ਆਹ ਜੋ ਮਿਸ਼ਨਰੀ ਹਨ ਇਹ ਲੋਕਾਂ ਦੀ ਸ਼ਰਧਾ ਤੋੜਦੇ ਹਨ। ਆਹ ਮਿਸ਼ਨਰੀ ਕਹਿੰਦੇ ਹਨ ਕਿ ਪੂਰਨਮਾਸ਼ੀ ਨਾਂ ਦੀ ਕੋਈ ਚੀਜ਼ ਨਹੀਂ ਹੈ, ਫਿਰ ਇਹਨਾਂ ਮਿਸ਼ਨਰੀਆਂ ਨੂੰ ਕੋਈ ਪੁੱਛੇ ਕਿ ਤੁਸੀਂ ਸਾਡੇ ਬੜੇ ਮਹਾਰਾਜ ਨਾਲੋਂ ਵੱਡੇ ਹੋ? ਇਹਨਾਂ ਨੂੰ ਕੀ ਪਤਾ ਹੈ ਬੜੇ ਮਹਾਰਾਜ ਜੀ ਨੇ ਕਿੰਨਾ ਕਠਨ ਤਪ ਕੀਤਾ ਹੈ। ਬੜੇ ਮਹਾਰਾਜ ਜੀ ਸਾਨੂੰ ਦੱਸ ਗਏ ਸੀ ਕਿ ਪੂਰਨਮਾਸ਼ੀ ਤੇ ਮੱਸਿਆ ਦੇ ਇਸ਼ਨਾਨ ਨਾਲ ਪੂਰਾ ਸਵਰਗ ਮਿਲਦਾ ਹੈ।

ਇਹ ਸੰਤ ਸਮਾਜ ਵਾਲੇ ਗੁਰਬਾਣੀ ਤਾਂ ਜ਼ਰੂਰ ਪੜ੍ਹਦੇ ਹਨ ਪਰ ਗੁਰਬਾਣੀ ਦੇ ਸਿਧਾਂਤ ਨੂੰ ਆਪਣੀ ਪ੍ਰਤਿਭਾ ਤੇ ਆਪਣੇ ਡੇਰੇ ਦੇ ਅਨੁਸਾਰ ਪੇਸ਼ ਕਰ ਰਹੇ ਹਨ। ਤੇ ਨਾਲ ਹੀ ਕਹਿੰਦੇ ਹਨ ਕਿ ਗੁਰਬਾਣੀ ਵਿੱਚ ਸੰਤ, ਬ੍ਰਹਮ ਗਿਆਨੀ ਤੇ ਸਾਧੂ ਸ਼ਬਦ ਸਾਡੇ ਲਈ ਹੀ ਵਰਤਿਆ ਹੈ। ਸੰਤ ਸਮਾਜ ਨੇ ਲੰਬੇ ਚੋਲ਼ੇ ਪਾ ਕੇ, ਲੱਤਾਂ ਨੰਗੀਆਂ ਰੱਖ ਕੇ ਅਤੇ ਗਲ਼ ਵਿੱਚ ਮਾਲ਼ਾ ਪਾ ਕੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਸਿੱਖੀ ਦਾ ਪ੍ਰਚਾਰ ਕੇਵਲ ਏਸੇ ਰੂਪ ਵਿੱਚ ਹੀ ਕੀਤਾ ਜਾ ਸਕਦਾ ਹੈ। ਚਿੱਤਰਕਾਰਾਂ ਕੋਲੋਂ ਆਪਣੇ ਵਰਗੇ ਚੋਲ਼ਿਆਂ ਦੇ ਰੰਗ-ਬ-ਰੰਗੇ ਬੁਰਸ਼ ਫਿਰਵਾ ਕੇ ਦੱਸ ਰਹੇ ਹਨ ਕਿ ਗੁਰੂਆਂ ਦੇ ਪਹਿਰਾਵੇ ਵੀ ਸਾਡੇ ਚੋਲ਼ਿਆਂ ਵਰਗੇ ਹੀ ਸਨ।

ਬਹੁਤੀ ਲੁਕਾਈ ਆਪਣੀਆਂ ਗ਼ਰਜ਼ਾਂ ਦੀ ਮਾਰੀ ਜਾਂ ਸਰਕਾਰ ਦੇ ਬਦ-ਇੰਤਜ਼ਾਮ ਵਲੋਂ ਦੁਖੀ ਹੋਈ ਇਹਨਾਂ ਦੇ ਪਾਸੋਂ ਸੁੱਖ ਦੀ ਭਾਲ ਵਿੱਚ ਲੁੱਟੀ ਜਾ ਰਹੇ ਹਨ। ਲੋਕ ਸੋਚਦੇ ਹਨ ਕਿ ਸ਼ਾਇਦ ਇਹ ਰੱਬ ਜੀ ਦੇ ਬਹੁਤ ਨੇੜੇ ਹਨ ਤੇ ਇਹ ਮੰਤਰ ਮਾਰ ਦੇਣ ਜਾਂ ਅਸੀਂ ਉਹਨਾਂ ਕੋਲੋਂ ਪੈਸੇ ਦੇ ਕੇ ਲੰਬੀਆਂ ਲੰਬੀਆਂ ਅਰਦਾਸਾਂ ਕਰਾ ਲਈਏ ਤਾਂ ਅਸੀਂ ਸਦਾ ਲਈ ਸੁੱਖੀ ਹੋ ਜਾਵਾਂਗੇ। ਜਦੋਂ ਸੰਤਾਂ ਦੀ ਮਹਾਨਤਾ ਵਾਲੀਆਂ ਤੁਕਾਂ ਨੂੰ ਇਹ ਲੋਕ ਆਪਣੇ ਨਿੱਜ ਦੇ ਜੀਵਨ ਤੇ ਢਕਾਉਂਦੇ ਹਨ ਤਾਂ ਇੰਜ ਜਾਪਦਾ ਹੈ ਏਹੋ ਹੀ ਅਸਲੀ ਸੰਤ ਹਨ ਜੋ ਸਾਡੀ ਤਕਦੀਰ ਨੂੰ ਬਦਲ ਸਕਦੇ ਹਨ।

ਇਨ੍ਹਾਂ ਬ੍ਰਹਮ ਗਿਆਨੀਆਂ ਨੇ ਇੱਕ ਹੋਰ ਭਰਮ ਖੜ੍ਹਾ ਕੀਤਾ ਹੈ ਕਿ ਅਸੀਂ ਵਿਆਹ ਨਹੀਂ ਕਰਾਇਆ ਤੇ ਦੁਨੀਆਂ ਦੇ ਭਲੇ ਲਈ ਨਾਮ ਜਪਦੇ ਹਾਂ। ਇਹ ਲੋਕ ਗ੍ਰਹਿਸਤ ਨੂੰ ਚੰਗਾ ਨਹੀਂ ਸਮਝਦੇ। ਇਹਨਾਂ ਦੇ ਅਨੁਸਾਰ ਗ੍ਰਹਿਸਤੀ ਵਿਕਾਰੀ ਹੁੰਦਾ ਹੈ ਤੇ ਅਸਾਂ ਵਿਆਹ ਨਾ ਕਰਾ ਕੇ ਪਵਿੱਤਰਤਾ ਨੂੰ ਕਾਇਮ ਰੱਖਿਆ ਹੋਇਆ ਹੈ। ਬੰਦਾ ਪੁੱਛੇ ਜੇ ਤੁਹਾਡੇ ਪਿਤਾ ਜੀ ਵਿਆਹ ਨਾ ਕਰਾਉਂਦੇ ਤਾਂ ਤੁਸੀਂ ਕਦੇ ਵੀ ਸੰਸਾਰ ਦਾ ਮੂੰਹ ਨਾ ਦੇਖ ਸਕਦੇ। ਆਮ ਲੋਕ ਇਸ ਪ੍ਰਭਾਵ ਨੂੰ ਵੀ ਕਬੂਲਦੇ ਹਨ ਕਿ ਦੇਖੋ ਜੀ ਕਿੰਨੀ ਵੱਡੀ ਇਹਨਾਂ ਦੀ ਕੁਰਬਾਨੀ ਹੈ ਕਿ ਇਹਨਾਂ ਵਿਚਾਰਿਆਂ ਨੇ ਵਿਆਹ ਹੀ ਨਹੀਂ ਕਰਾਇਆ। ਵਿਆਹ ਨਾ ਕਰਾਉਣਾ ਸਿੱਖ ਧਰਮ ਵਿੱਚ ਕੋਈ ਯੋਗਤਾ ਨਹੀਂ ਹੈ, ਸਗੋਂ ਇੱਕ ਤਰ੍ਹਾਂ ਕੁਦਰਤ ਨਾਲ ਖਿਲਵਾੜ ਹੈ। ਹੁਣ ਦੇਖਣਾ ਹੈ ਕਿ ਗੁਰਬਾਣੀ ਦੇ ਪ੍ਰਚਾਰ ਦਾ ਢੰਢੋਰਾ ਦੇਣ ਵਾਲਿਆਂ ਨੂੰ ਗੁਰਬਾਣੀ ਕੀ ਕਹਿ ਰਹੀ ਹੈ। ਇਹ ਦੇਖਣ ਲਈ ਕਬੀਰ ਸਾਹਿਬ ਜੀ ਦੇ ਉਪਰੋਕਤ ਸ਼ਬਦ ਦੀ ਵਿਚਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਇਸ ਸ਼ਬਦ ਦੀਆਂ ਰਹਾਉ ਦੀਆਂ ਵਿੱਚ ਕਬੀਰ ਸਾਹਿਬ ਜੀ ਫਰਮਾਉਂਦੇ ਹਨ

**ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥ 1 ॥ ਰਹਾਉ ॥**

ਅਖਰੀਂ ਅਰਥ-- ਹੇ ਭਾਈ ! ਜਦ ਤਕ ਤੂੰ ਪਰਮਾਤਮਾ ਨੂੰ ਨਹੀਂ ਪਛਾਣਦਾ, ਤਦ ਤਕ ਨੰਗੇ ਰਿਹਾਂ ਕੀ ਸੌਰ ਜਾਣਾ ਹੈ ਤੇ ਪਿੰਡੇ ਤੇ ਚੰਮ ਲਪੇਟਿਆਂ ਕੀਹ ਮਿਲ ਜਾਣਾ ਹੈ ?

**ਭਾਵ ਅਰਥ-** ਕਬੀਰ ਸਾਹਿਬ ਜੀ ਨੇ

ਦੇਖਿਆ ਕਿ ਭਾਰਤ ਵਿੱਚ ਸਾਧਾਂ ਦੀ ਇੱਕ ਉਹ ਸ਼੍ਰੇਣੀ ਵੀ ਹੈ ਜਿਹੜੀ ਕਪੜੇ ਪਹਿਨਣ ਤੋਂ ਗੁਰੇਜ਼ ਕਰਦੀ ਹੈ। ਆਪਣੇ ਪਿੰਡੇ ਤੇ ਸਵਾਹ ਮਲ਼ ਕੇ ਇਹ ਦੱਸਣ ਦਾ ਯਤਨ ਕਰ ਰਹੇ ਹਨ ਕਿ ਅਸੀਂ ਜ਼ਿਉਂਦੇ ਹੀ ਸਵਾਹ ਹੋਏ ਪਏ ਹਾਂ। ਇਹਨਾਂ ਨੂੰ ਨਾਂਗੇ ਸਾਧ ਕਿਹਾ ਜਾਂਦਾ ਹੈ। ਕੁੱਝ ਉਹ ਸਾਧ ਹਨ ਜਿਨ੍ਹਾਂ ਨੇ ਕੇਵਲ ਲੰਗੋਟ ਹੀ ਬੰਨ੍ਹਿਆ ਹੁੰਦਾ ਹੈ। ਉਦਾਸੀਏ ਵੀ ਲੰਗੋਟਾਂ ਵਾਲੇ ਹੀ ਹਨ। ਕਈ ਲੰਗੋਟ ਵੀ ਨਹੀਂ ਬੰਨ੍ਹਿਆ ਹੁੰਦਾ ਸਿਰਫ ਨਿਕਾ ਜੇਹਾ ਪਰਨਾ ਹੀ ਬੰਨ੍ਹਿਆ ਹੁੰਦਾ ਹੈ। ਗੁਰਬਾਣੀ ਨੇ ਅਜੇਹੇ ਪੂਰੇ ਨੰਗ-ਮ-ਨੰਗੀ ਤੇ ਅੱਧ ਨੰਗ-ਮ-ਨੰਗ ਸਾਧ ਸ਼੍ਰੇਣੀ ਨੂੰ ਕੋਈ ਮਾਨਤਾ ਨਹੀਂ ਦਿੱਤੀ। ਦੂਸਰੀ ਕਿਸਮ ਦੇ ਉਹ ਸਾਧ ਸਨ ਜੋ ਚੋਲ਼ੇ ਆਦਿ ਪਹਿਨਦੇ ਸਨ। ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ ਨੰਗੇ ਰਹੋ ਜਾਂ ਸਰੀਰ 'ਤੇ ਚਮੜੇ ਦੀ ਪੁਸ਼ਾਕ ਪਹਿਨ ਲਓ ਕੋਈ ਫਰਕ ਨਹੀਂ ਪੈਂਦਾ ਜਿੰਨ੍ਹਾ ਚਿਰ ਤੁਸੀਂ ਆਪਣੇ ਆਪ ਦੀ ਪਹਿਚਾਣ ਨਹੀਂ ਕਰਦੇ। ਆਪ ਤੇ ਤੁਸੀਂ ਵਿਆਹ ਨਹੀਂ ਕਰਾਇਆ ਪਰ ਗ੍ਰਹਿਸਤੀ ਲੋਕਾਂ ਪਾਸੋਂ ਪੁੱਤਰ ਲੈ ਕੇ ਆਪਣਾ ਮਤ ਚਲਾ ਰਹੇ ਹੋ। ਕੀ ਤੁਸੀਂ ਆਪਣੀ ਬੁੱਕਲ ਵਿੱਚ ਮੂੰਹ ਪਾ ਕੇ ਦੇਖਿਆ ਹੈ ਕਿ ਸਮਾਜ ਨੂੰ ਤੁਸੀਂ ਕੀ ਦੇ ਰਹੇ ਹੋ? ਜਾਂ ਤੁਹਾਡੀ ਇਸ ਸੋਚ ਨਾਲ ਸਮਾਜ ਨੂੰ ਕੀ ਲਾਭ ਹੋ ਰਿਹਾ ਹੈ। ਜਿਹੜੀ ਬਿਮਾਰੀ ਕਬੀਰ ਜੀ ਨੇ ਆਪਣੇ ਜ਼ਮਾਨੇ ਵਿੱਚ ਦੇਖੀ ਸੀ ਉਹ ਬਿਮਾਰੀ ਅੱਜ ਸਿੱਖੀ ਪਹਿਰਾਵੇ ਵਿੱਚ ਸਿੱਖ ਕੌਮ ਦੇ ਆਪੇ ਬਣੇ ਸਾਧਾਂ ਵਿਚੋਂ ਦੇਖੀ ਜਾ ਸਕਦੀ ਹੈ।

ਹੁਣ ਲਈਏ ਸਿੱਖੀ ਰੂਪ ਵਿੱਚ ਆਏ ਇਹੋ ਜਿਹੇ ਸਾਧ ਲਾਣੇ ਨੂੰ, ਕੀ ਇਹ ਤੁਕਾਂ ਇਹਨਾਂ 'ਤੇ ਨਹੀਂ ਲਾਗੂ ਹੁੰਦੀਆਂ? ਕੀ ਲੱਤਾਂ ਨੰਗੀਆਂ ਰੱਖਣ ਨਾਲ ਰੱਬ ਜੀ ਦੀ ਛੇਤੀ ਪ੍ਰਾਪਤੀ ਹੁੰਦੀ ਹੈ? ਜਾਂ ਲੰਬਾ ਚੋਲ਼ਾ ਪਾਇਆਂ ਕੋਈ ਖਾਸ ਪ੍ਰਾਪਤੀ ਹੁੰਦੀ ਹੈ **ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮ ਰਾਮ॥** ਲੰਬੇ ਚੋਲ਼ੇ ਪਾ ਕੇ ਇੱਕ ਗੱਲ ਪੱਕੀ ਕਰਾ ਗਏ ਹਨ ਕਿ ਸਾਡੇ ਡੇਰੇ ਤੋਂ ਅਖੰਡ ਪਾਠ ਕਰਾਉਣ ਨਾਲ ਤੁਹਾਡੇ ਸਾਰੇ ਕਾਰਜ ਰਾਸ ਹੋਣਗੇ। ਜੇ ਫਿਰ ਵੀ ਤੁਹਾਡਾ ਕੰਮ ਨਾ ਬਣੇ ਤਾਂ ਤੁਸੀਂ ਫਿਰ ਸੰਪਟ ਪਾਠ ਵਿਧੀ ਪੂਰਵਕ ਕਰਾਓ ਤਾਂ ਤੁਹਾਡੀ ਹਰ ਮਨੋ ਕਾਮਨਾ ਪੂਰੀ ਹੋਏਗੀ। ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ ਲੱਤਾਂ ਨੰਗੀਆਂ ਰੱਖਣੀਆਂ ਜਾਂ ਰੰਗ-ਬ-ਰੰਗੇ ਚੋਲ਼ੇ ਪਹਿਨਣੇ ਛੱਡ ਕੇ ਸਮਾਜ ਦੇ ਭਲੇ ਲਈ ਕੁਝ ਕਰਨ ਦਾ ਯਤਨ ਕਰੋ। ਆਪੇ ਨੂੰ ਸਮਝਣ ਦਾ ਯਤਨ ਕਰੋ। ਕਈ ਪ੍ਰਕਾਰ ਦੇ ਚੋਲ਼ੇ ਪਾ ਕੇ ਕੋਈ ਗੁਰੂ ਹੋਣ ਦਾ ਭੁਲੇਖਾ ਪਾ ਰਿਹਾ ਹੈ ਤੇ ਕੋਈ ਸਿੱਧਾ ਹੀ ਰੱਬ ਹੋਣ ਦਾ ਭਰਮ ਪਾਲ਼ੀ ਬੈਠਾ ਹੈ।

ਸ਼ਬਦ ਦੀ ਪਹਿਲੀ ਤੁਕ ਵਿੱਚ ਸਪੱਸ਼ਟ ਕੀਤਾ ਹੈ ਕਿ ਜੇ ਏਦਾਂ ਕੋਈ ਧਰਮ ਜਾਂ ਰੱਬ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਸਭ ਤੋਂ ਪਹਿਲਾਂ ਜੰਗਲ਼ ਦਾ ਹਰੇਕ ਪਸ਼ੂ ਮੁਕਤ ਹੋ ਜਾਣਾ ਚਾਹੀਦਾ ਹੈ ਕਿਉਂ ਉਹ ਵਿਚਾਰੇ ਸਾਰੇ ਨੰਗੇ ਹੀ ਰਹਿੰਦੇ ਹਨ **ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥1॥** ਆਮ ਲੁਕਾਈ ਵਿੱਚ ਇਹ ਭਰਮ ਪੈਦਾ ਹੋ ਗਿਆ ਹੈ ਕਿ ਵਿਹਲੜ ਲੋਕ ਜਿੰਨ੍ਹਾਂ ਨੇ ਲੱਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਇਹ ਦੇਵਤਾ ਸਰੂਪ ਹਨ ਤੇ ਨਾਮ ਜਪਣ ਦੀ ਬਹੁਤ ਔਖੀ ਕਾਰ ਇਹ ਵਿਚਾਰੇ ਨਿਭਾਅ ਰਹੇ ਹਨ। ਗੁਰਬਾਣੀ ਇਸ ਵਿਚਾਰ ਨੂੰ ਇਕ ਵੱਢਿਓਂ ਰੱਦ ਕਰਦੀ ਹੈ।

ਸ਼ਬਦ ਦੇ ਦੂਸਰੇ ਬੰਦ ਵਿੱਚ ਇੱਕ ਉਸ ਸ਼੍ਰੇਣੀ ਦਾ ਜ਼ਿਕਰ ਹੈ ਜਿਹੜੇ ਸਿਰ ਉਤੇ ਕੇਸ ਨਹੀਂ ਰਹਿਣ ਦੇਂਦੇ ਅਤੇ ਦੂਜੇ ਉਹ ਜਿੰਨ੍ਹਾਂ ਨੇ ਜੜਾਵਾਂ ਵਧਾਈਆਂ ਹਨ। ਸਿੱਖੀ ਵਿੱਚ ਵੀ ਕੁੱਝ ਅਜਿਹੇ ਸਾਧ ਮਾਨਤਾ ਪ੍ਰਾਪਤ ਕਰ ਗਏ ਹਨ ਜਿੰਨ੍ਹਾਂ ਨੇ ਘਰੋੜ ਕੇ ਸਿਰ ਮਨਾਇਆ ਹੋਇਆ ਸੀ। ਕਬੀਰ ਸਾਹਿਬ ਜੀ ਇਸ ਪ੍ਰਥਾਏ ਖ਼ਿਆਲ ਦੇਂਦੇ ਹਨ ਜੇ ਏਦਾਂ ਹੀ ਚੰਗੇ ਇਨਸਾਨਾਂ ਦੀ ਗਿਣਤੀ ਵਿੱਚ ਆਇਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਫਿਰ ਭੇਡਾਂ ਮੁਕਤ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਭੇਡਾਂ ਦਾ ਮਾਲਕ ਹਰ ਛੇਆਂ ਮਹੀਨਿਆਂ ਬਾਅਦ ਉੱਨ ਲੈਣ ਦੀ ਖ਼ਾਤਰ ਭੇਡਾਂ ਨੂੰ ਮੁੰਨ ਦਿੰਦਾ ਹੈ--- **ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ ॥2॥**

ਸ਼ਬਦ ਦੇ ਤੀਸਰੇ ਬੰਦ ਵਿੱਚ ਵਿਆਹ ਵਾਲੇ ਵਹਿਮ ਤੋਂ ਸਾਨੂੰ ਮੁਕਤੀ ਦਿਵਾਈ ਹੈ। ਸਿੱਖ ਕੌਮ ਵਿੱਚ ਵੀ ਕੁਝ ਲੋਕਾਂ ਵਿੱਚ ਇਹ ਬਹੁਤ ਵੱਡਾ ਵਹਿਮ ਹੈ ਕਿ ਜਿਸ ਨੇ ਵਿਆਹ ਨਹੀਂ ਕਰਾਇਆ ਤੇ ਲੰਬਾ ਚੋਲ਼ਾ ਪਾਇਆ ਹੋਇਆ ਹੈ ਉਹ ਬਹੁਤ ਵੱਡਾ ਬ੍ਰਹਮ ਗਿਆਨੀ ਹੈ। ਉਸ ਨੇ ਸਾਰੇ ਸੰਸਾਰ ਦਾ ਆਪਣੇ ਸਿਰ 'ਤੇ ਭਾਰ ਉਠਾਇਆ ਹੋਇਆ ਹੈ। ਗੁਰਬਾਣੀ ਨੇ ਇਸ ਖ਼ਿਆਲ ਨੂੰ ਮੂਲੋਂ ਹੀ ਨਕਾਰ ਦਿੱਤਾ ਹੈ **ਬਿੰਦੁ ਰਾਖਿ ਜੌ ਤਰੀਐ ਭਾਈ॥ ਖੁਸਰੈ ਕਿਉ ਨ ਪਰਮ ਗਤਿ ਪਾਈ॥** ਜਿਸ ਨੇ ਵਿਆਹ ਨਹੀਂ ਕਰਾਇਆ ਸਿੱਖ ਉਸ ਤੋਂ ਗ੍ਰਹਿਸਤ ਦੀਆਂ ਬਰੀਕੀਆਂ ਪੁੱਛਣ ਲੱਗਿਆ ਹੋਇਆ ਹੈ।

ਜਿਹੜਾ ਗ੍ਰਹਿਸਤ ਨੂੰ ਮਾੜਾ ਸਮਝਦਾ ਹੋਇਆ ਝਮੇਲ੍ਹਾ ਦੱਸ ਰਿਹਾ ਹੋਵੇ, ਅਵਾਮ ਉਸ ਪਾਸੋਂ ਪੁੱਤਰਾਂ ਦੀਆਂ ਦਾਤਾਂ ਲਈ ਅਰਦਾਸਾਂ ਕਰਾ ਰਿਹਾ ਹੈ। ਜਿਹੜਾ ਆਪ ਸੰਸਾਰਕ ਜ਼ਿੰਮੇਵਾਰੀਆਂ ਤੋਂ ਭਗੋੜਾ ਹੋਇਆ ਹੈ ਕਿਰਤ ਛੱਡ ਚੁੱਕਿਆ ਹੋਵੇ ਉਸ ਪਾਸੋਂ ਸੰਸਾਰ ਨੂੰ ਕੀ ਆਸ ਹੋ ਸਕਦੀ ਹੈ। ਕੁਦਰਤ ਦੀ ਪ੍ਰਕ੍ਰਿਆਂ ਨੂੰ ਸੰਜਮ ਨਾਲ ਵਰਤਣ ਦੀ ਤਾਕੀਦ ਤਾਂ ਹੈ ਪਰ ਪਰਿਵਾਰ ਛੱਡ ਕੇ ਭੱਜਣ ਲਈ ਕਿਤੇ ਵੀ ਗੁਰਮਤਿ ਦਾ ਕੋਈ ਸਿਧਾਂਤ ਨਹੀਂ ਹੈ। ਜਿੰਨ੍ਹਾਂ ਲੋਕਾਂ ਨੇ ਗ੍ਰਹਿਸਤ ਨੂੰ ਗੰਧਲਾ ਕਿਹਾ ਹੈ ਉਹ ਲੋਕ ਆਪਣੀਆਂ ਲੋੜਾਂ ਇਹਨਾਂ ਗ੍ਰਹਿਸਤੀਆਂ ਪਾਸੋਂ ਹੀ ਪੂਰੀਆਂ ਕਰਦੇ ਹਨ।

ਸਮਾਜ ਵਿੱਚ ਅਜੇਹੇ ਅਖੌਤੀ ਧਰਮੀ ਯੋਧਿਆਂ ਦੀਆਂ ਜਦੋਂ ਵਿਭਚਾਰ ਜਾਂ ਕਿਸੇ ਦੇ ਪਰਿਵਾਰਾਂ ਦੀਆਂ ਲੁੱਟ-ਘਸੁੱਟ ਦੀਆਂ ਘਟਨਾਵਾਂ, ਅਖ਼ਬਾਰੀ ਸੁਰਖੀਆਂ ਦਾ ਹਿੱਸਾ ਬਣਦੀਆਂ ਹਨ, ਤਾਂ ਬੰਦਾ ਸੋਚਣ ਲਈ ਮਜ਼ਬੂਰ ਹੁੰਦਾ ਹੈ, ਕਿ ਇਹਨਾਂ ਪਖੰਡੀ ਸਾਧਾਂ ਨੇ ਧਰਮ ਦੀ ਆੜ ਲੈ ਕੇ ਸਿਰਫ ਲੋਕਾਂ ਦੀ ਕਿਰਤ ਨੂੰ ਲੁੱਟਿਆ ਹੀ ਨਹੀਂ ਹੈ, ਸਗੋਂ ਕਈ ਘਿਨਾਉਣੀਆਂ ਹਰਕਤਾਂ ਕਰਕੇ ਸਮਾਜ ਨਾਲ ਧ੍ਰੋਅ ਵੀ ਕਮਾਇਆ ਹੈ।

ਕਬੀਰ ਸਾਹਿਬ ਜੀ ਨੇ ਇਸ ਸਮਾਜਿਕ ਕੋਹੜ ਨੂੰ ਬਹੁਤ ਹੀ ਨੇੜਿਓਂ ਹੋ ਕੇ ਤੱਕਿਆ ਤੇ ਸਮਾਜ ਨੂੰ ਨਵੀਂ ਵਿਚਾਰਧਾਰਾ ਦਿੱਤੀ। ਅਵਾਮ ਨੂੰ ਸਮਝਾਇਆ, ਜ਼ਰਾ ਕੁ ਸੋਚੋ ਜਿੰਨ੍ਹਾਂ ਚਿਰ ਅਸੀਂ ਖ਼ੁਦ ਆਪਣੇ ਆਪ ਦੀ ਪਹਿਚਾਣ ਨਹੀਂ ਕਰਦੇ, ਉਹਨਾਂ ਚਿਰ ਜ਼ਿੰਦਗੀ ਦੇ ਮਹੱਤਵ ਦੀ ਸਮਝ ਨਹੀਂ ਆ ਸਕਦੀ **ਕਹੁ ਕਬੀਰ ਸੁਨਹੁ ਨਰ ਭਾਈ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥4॥**

**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥** ਭਾਵ ਰੱਬੀ ਗੁਣਾਂ ਨੂੰ ਵਿਚਾਰ ਕੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਿਆਂ ਹੀ ਜ਼ਿੰਦਗੀ ਜਿਉਣ ਦੀ ਜਾਚ ਆ ਸਕਦੀ ਹੈ। ਸਾਰੀ ਵਿਚਾਰ ਦਾ ਭਾਵ ਅਰਥ ਇਹ ਹੈ ਕਿ ਲੱਤਾਂ ਨੰਗੀਆਂ ਰੱਖਣੀਆਂ ਕੋਈ ਸਿੱਖ ਸਿਧਾਂਤ ਨਹੀਂ ਹੈ। ਦੂਜਾ ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਤੋਂ ਭੱਜਣਾ ਕੋਈ ਗੁਰਮਤਿ ਦੀ ਯੋਗਤਾ ਨਹੀਂ ਹੈ। ਤੀਜਾ ਘਰੜ ਬਰੜ ਵਾਲੇ ਸਾਧਾਂ ਦੀ ਸਿੱਖੀ 'ਚ ਕੋਈ ਵੀ ਮਾਨਤਾ ਨਹੀਂ ਹੈ।

ਪੰਜਾਬ ਦੀ ਧਰਤੀ ਨੂੰ ਧਰਮੀ ਦੀ ਬਸਤੀ ਸਮਝ ਕੇ ਰੰਗ-ਬ-ਰੰਗੇ ਚੋਲਿਆਂ ਵਾਲੇ ਘਰੜ ਮਰੜ ਸਾਧ ਜਦੋਂ ਪੁਰਾਣਿਕ ਕਥਾ ਕਹਾਣੀਆਂ ਦੀਆਂ ਉਗਾਲ਼ੀਆਂ ਕਰਦੇ ਹਨ ਤਾਂ ਸਭ ਤੋਂ ਵੱਧ ਸਰੋਤਾ ਜਨ ਸਿੱਖ ਹੁੰਦੇ ਹਨ। ਇਹਨਾਂ ਦੀ ਜਬਲੀਆਂ ਸੁਣਨ ਦਾ ਪ੍ਰਬੰਧ ਵੀ ਸਿੱਖ ਹੀ ਕਰਦੇ ਨਜ਼ਰ ਆਉਣਗੇ। ਅੱਗੇ ਤਾਂ ਸਿੱਖੀ ਪਹਿਰਾਵੇ ਵਿੱਚ ਸਾਧ ਮਿਲਦੇ ਸੀ ਹੁਣ ਭਗਵੇ ਭੇਸ ਵਿੱਚ ਕੁੱਝ ਸਾਲਾਂ ਤੋਂ ਮਾਰਕੀਟ ਨਜ਼ਰੀਏ ਨਾਲ ਘਰੜ-ਮਰੜ ਹਿੰਦੂ

ਬਾਕੀ ਸਫਾ 12 'ਤੇ

3 ਜੇਠ (17 ਮਈ) 'ਤੇ ਵਿਸ਼ੇਸ਼

# ਛੋਟਾ ਘੱਲੂਘਾਰਾ (ਕਾਹਨੂੰਵਾਨ ਛੰਭ) ਅਤੇ ਉਸਦੇ ਕਾਰਨ



-ਕੈਪਟਨ
ਅਵਤਾਰ ਸਿੰਘ
97819-90206

ਪ੍ਰਭੂ ਦੀ ਭੈ-ਭਾਵਨੀ ਵਿੱਚ ਰਹਿਣ ਵਾਲੇ, ਅਤੇ ਸਾਬਤ ਸੂਰਤ ਦੇ ਮਾਲਕ, ਨਿਡਰ ਅਤੇ ਨਿਰਵੈਰ ਸੁਭਾਅ ਦੇ ਮਾਲਕ ਗੁਰੂ ਦੇ ਸਿੱਖ ਅਖਵਾਉਂਦੇ ਹਨ। ਇਨ੍ਹਾਂ ਦੀ ਜੀਵਨ ਜਾਚ ਦਾ ਮੁੱਖ ਅੰਗ ਪ੍ਰਭੂ ਦਾ ਨਾਮ ਜਪਣਾ,ਸੱਚੀ-ਸੁੱਚੀ ਕਿਰਤ ਕਰਨੀ ਅਤੇ ਲੋੜਵੰਦਾਂ ਨਾਲ ਵੰਡ ਛਕਣਾ ਹੈ। ਇਹ ਮਿਹਨਤੀ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਲੋਕ, ਦੁਨੀਆਂ ਦੇ ਹਰ ਕੋਨੇ ਵਿੱਚ ਵੇਖੇ ਜਾ ਸਕਦੇ ਹਨ। ਬਾਹਰਲੇ ਦੇਸ਼ਾਂ ਵਿੱਚ ਮਜਦੂਰੀ ਕਰਨ ਗਏ ਵੀ ਹਜ਼ਾਰਾਂ ਏਕੜਾਂ ਅਤੇ ਫਰਮਾਂ ਦੇ ਮਾਲਕ ਬਣੇ ਹੋਏ ਹਨ ਜਿੱਥੇ ਵੀ ਗਏ ਆਪਣਾ ਗੁਰਦੁਆਰਾ ਸਾਹਿਬ ਜ਼ਰੂਰ ਸਥਾਪਿਤ ਕੀਤਾ।

ਸਿੱਖਾਂ ਨੇ ਇੱਕ ਵੱਖਰੇ ਸਮਾਜ ਦਾ ਰੂਪ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਲਿਆ ਸੀ ਉਦੋਂ ਚਲ ਰਹੇ ਗਲਤ ਰੀਤੀ ਰਿਵਾਜਾਂ, ਧਾਰਮਿਕ ਅੰਧ ਵਿਸ਼ਵਾਸ਼ਾਂ, ਪਖੰਡਾਂ, ਪੁਜਾਰੀਆਂ ਦੇ ਕੁਕਰਮਾਂ ਅਤੇ ਸ਼ਾਸ਼ਕਾਂ ਦੇ ਅੱਤਿਆਚਾਰਾਂ ਦਾ ਵਿਰੋਧ ਕਰਨ ਕਰਕੇ, ਇਨ੍ਹਾਂ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਸ਼ੁਰੂ ਤੋਂ ਹੀ ਸੰਘਰਸ਼ ਕਰਨਾ ਪਿਆ। ਪੰਜਵੇ ਗੁਰੂ, ਗੁਰੂ ਅਰਜਨ ਸਾਹਿਬ ਜੀ ਨੇ ਧਰਮ ਖਾਤਰ ਅਤੇ ਨੌਂਵੇ ਗੁਰੂ, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੂਜਿਆਂ ਦੇ ਧਰਮ ਖਾਤਰ ਸ਼ਹੀਦੀ ਪ੍ਰਾਪਤ ਕੀਤੀ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰੀਆਂ ਨੂੰ ਸਬਕ ਸਿਖਾਉਣ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਇਹ ਖਾਲਸਾ ਪੰਥ ਸਮੂਹ ਸਿੱਖਾਂ ਤੇ ਸਿੱਖ ਸੰਗਤਾਂ ਦਾ ਮਹਾਨ ਸੰਗਠਨ ਸੀ ਜਿਸ ਦਾ ਉਦੇਸ਼ ਲੋਕ ਹਿੱਤਾਂ ਵਾਲਾ 'ਹਲੇਮੀ ਰਾਜ' ਸਥਾਪਿਤ ਕਰਨਾ ਹੈ।

ਸੱਚ-ਧਰਮ ਦੀ ਚੜ੍ਹਦੀ ਕਲਾ ਅਤੇ ਸਰਕਾਰੀ ਜ਼ੁਲਮਾਂ ਦੀ ਮਾਰ ਹੇਠ ਆਏ ਲੋਕਾਂ ਦੀ ਰਾਖੀ ਲਈ ਖਾਲਸਾ ਪੰਥ ਨੂੰ ਤਕਰੀਬਨ ਇੱਕ ਸਦੀ ਤੱਕ ਲੰਮਾ ਸੰਘਰਸ਼ ਕਰਨਾ ਪਿਆ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਕੌਮ ਨੂੰ ਕਾਨੂੰਨ ਵਿਰੁੱਧ ਘੋਸ਼ਿਤ ਕਰ ਦਿੱਤਾ ਅਤੇ ਜਾਨਵਰਾਂ ਦੀ ਤਰ੍ਹਾਂ ਸਿੱਖਾਂ ਦਾ ਸ਼ਿਕਾਰ ਕੀਤਾ ਗਿਆ। ਇਨਾਂ ਨੂੰ ਖਤਮ ਕਰਨ ਲਈ ਹਰ ਹੀਲੇ ਅਤੇ ਤਰੀਕੇ ਵਰਤੇ ਗਏ ਜਿਵੇਂ ਪਾਣੀ ਵਿੱਚ ਉਬਾਲਣਾ, ਤੱਤੀ ਲੋਹ ਤੇ ਬਿਠਾਉਣਾ, ਆਰੇ ਨਾਲ ਚੀਰਨਾ, ਜਿਊਂਦੇ ਜੀਅ ਅੱਗ ਨਾਲ ਸਾੜ ਦੇਣਾ, ਸਿਰ ਦੀ ਖੋਪਰੀ ਲਾਹ ਦੇਣੀ, ਜੰਬੂਰਾਂ ਨਾਲ ਮਾਸ ਨੋਚਣਾ, ਬੰਦ-ਬੰਦ ਕੱਟ ਦੇਣਾ, ਖੱਲਾਂ ਲਾਹ ਦੇਣੀਆ, ਫਾਂਸੀ ਚੜਾਉਣਾ, ਤੋਪਾਂ ਨਾਲ ਉਡਾ ਦੇਣਾ, ਮੋਟੇ ਸੋਟਿਆ ਨਾਲ ਸਿਰ ਫੇਹ ਦੇਣਾ, ਚਰਖੜੀਆਂ ਤੇ ਚੜ੍ਹਾ ਦੇਣਾ, ਧਰਤੀ ਵਿੱਚ ਗੱਡ ਕੇ ਕੁੱਤਿਆਂ ਦਾ ਭੋਜਨ ਬਣਾਉਣਾ ਭਾਵ ਵੱਧ ਤੋਂ ਵੱਧ ਦੁਖ ਦਾਇਕ ਮੌਤ ਦੇਣ ਦਾ ਚਾਰਾ ਸਰਕਾਰੀ ਤੰਤਰ ਵੱਲੋਂ ਕੀਤਾ ਗਿਆ। ਇੱਕੋ ਹੀ ਸਮੇਂ 10,000 ਹਜ਼ਾਰ ਅਤੇ 30,000 ਤੱਕ ਸ਼ਹੀਦੀਆਂ ਹੋ ਜਾਣ ਉਪਰੰਤ ਵੀ ਚੜ੍ਹਦੀ ਕਲਾ ਵਿੱਚ ਅਰਦਾਸ ਕਰਨੀ, ਇਸ ਪੰਥ ਦੀ ਅੱਡਰੀ ਪਹਿਚਾਣ ਬਣੀ ਰਹੀ। ਇਸ ਦੇ ਹਰ ਮੈਂਬਰ ਦੇ ਅੰਦਰ ਗੁਰੂ ਪ੍ਰਤੀ ਵਫ਼ਾਦਾਰੀ, ਜੁਲਮ ਦਾ ਟਾਕਰਾ, ਲੋੜਵੰਦਾਂ ਦੀ ਬਾਂਹ ਫੜਨੀ ਅਤੇ ਆਪਣੇ ਗੁਰ ਅਸਥਾਨਾਂ ਪ੍ਰਤੀ ਪਿਆਰ ਸਤਿਕਾਰ ਕੁੱਟ-ਕੁੱਟ ਕੇ ਭਰਿਆ ਹੋਇਆ ਹੈ।

ਮੁਗਲ ਹਕੂਮਤ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਕਸਮ ਖਾ ਚੁੱਕੀ ਸੀ ਕਿਉਂਕਿ ਸਾਰੇ ਹਿੰਦੁਸਤਾਨ ਵਿੱਚ ਕੇਵਲ ਸਿੱਖਾਂ ਨੇ ਹੀ ਮੁਗਲਾਂ ਅਤੇ ਪਠਾਣਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਚੱਪੜਚਿੱੜੀ ਦੇ ਮੈਦਾਨ ਵਿੱਚ 12 ਮਈ 1710 ਨੂੰ ਮੁਗਲਾਂ ਦੀ ਭਾਰੀ ਫੌਜ ਨੂੰ ਹਰਾ ਕੇ ਖਾਲਸਾ ਰਾਜ ਸਥਾਪਿਤ ਕੀਤਾ ਸੀ। ਪਰ 1716 ਈ: ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਸਿੱਖਾਂ ਨੂੰ ਲਗਾਤਾਰ 50 ਸਾਲ ਲੰਮਾ ਸੰਘਰਸ਼ ਕਰਨਾ ਪਿਆ। ਇਸ ਸਮੇਂ ਸਿੱਖਾਂ ਨੂੰ ਖਤਮ ਕਰਨ ਵਾਸਤੇ ਹਰ ਯਤਨ ਕੀਤਾ ਗਿਆ ਫਰੁਖਸ਼ੀਅਰ ਬਾਦਸ਼ਾਹ ਅਤੇ ਮੁਹੰਮਦ ਸ਼ਾਹ ਦੇ ਸੂਬੇਦਾਰ ਜ਼ਕਰੀਆਂ ਖਾਨ ਨੇ ਬੜੀ ਅੱਤ ਚੁੱਕੀ ਹੋਈ ਸੀ। ਨਾਦਰਸ਼ਾਹ ਨੂੰ ਸਿੰਘਾਂ ਨੇ ਲੁਟਿਆ ਅਤੇ




ਦੋ ਤਿੰਨ ਹਜ਼ਾਰ ਸਿੰਘ ਰਾਵੀ ਪਾਰ ਕਰ ਕੇ ਗੁਰਦਾਸਪੁਰ ਦੇ ਰਿਆੜਕੀ ਇਲਾਕੇ ਵਿਚ ਜਾ ਪੁੱਜੇ। ਅੱਤ ਦੀ ਗਰਮੀ ਪੈ ਰਹੀ ਸੀ। ਸਿੰਘ ਥੱਕੇ ਹੋਏ ਸਨ ਪੈਰਾਂ ਤੋਂ ਨੰਗੇ ਸਨ, ਜ਼ਖ਼ਮੀ ਸਨ, ਤੇ ਭੁੱਖੇ ਸਨ। ਪਰ ਉਨ੍ਹਾਂ ਨੇ ਦਿਲ ਨਾ ਛੱਡੇ, ਉਨ੍ਹਾਂ ਨੇ ਕਪੜੇ ਪਾੜ ਪਾੜ ਕੇ ਪੈਰਾਂ ਉਪਰ ਬੱਧੇ। ਇਸ ਤਰ੍ਹਾਂ ਪੈਰਾਂ ਉਤੇ ਪੱਟੀਆਂ ਬੰਨ੍ਹ ਕੇ ਉਹ ਰੇਤਲੇ ਇਲਾਕੇ ਵਿਚ ਦੀ ਲੰਘ ਕੇ ਬਿਆਸ ਵੱਲ ਨੂੰ ਹੋਏ। ਸ੍ਰੀ ਹਰਗੋਬਿੰਦਪੁਰ ਦੇ ਪੱਤਣ ਤੋਂ ਉਨ੍ਹਾਂ ਨੇ ਬਿਆਸ ਪਾਰ ਕੀਤਾ। ਯਾਹੀਯਾ ਪੁਰ ਦੇ ਨੇੜੇ ਉਨ੍ਹਾਂ ਨੇ ਆਪਣੀਆਂ ਢਾਲਾਂ ਨੂੰ ਸੜਦੀ ਰੇਤ ਵਿਚ ਨੱਪ ਕੇ ਉਨ੍ਹਾਂ ਉਪਰ ਰੋਟੀਆਂ ਸੇਕਣ ਲਈ ਧਰੀਆਂ। ਐਨ ਉਸ ਵੇਲੇ ਕੁਝ ਪਠਾਣ ਇਨ੍ਹਾਂ ਉਪਰ ਆ ਪਏ। ਇਹ ਉਨ੍ਹਾਂ ਦਾ ਤਾਂ ਕੰਮ ਪਾਰ ਕਰ ਦੇਂਦੇ ਅਤੇ ਰੋਟੀਆਂ ਵੀ ਖਾ ਲੈਂਦੇ, ਪਰ ਉਸ ਵੇਲੇ ਪਤਾ ਲੱਗਾ ਕਿ ਲਖਪਤ ਵੀ ਦਰਿਆ ਪਾਰ ਕਰ ਚੁਕਿਆ ਹੈ ਅਤੇ ਨੇੜੇ ਪੁੱਜ ਚੁਕਿਆ ਹੈ। ਸਿੰਘਾਂ ਨੇ ਉਥੋਂ ਕੂਚ ਕਰ ਦਿਤਾ ਅਤੇ ਸਤਲੁਜ ਵੱਲ ਨੂੰ ਹੋਏ। ਅਲੀਵਾਲ ਦੇ ਪੱਤਣ ਤੋਂ ਸਤਲੁਜ ਪਾਰ ਕਰ ਕੇ ਉਹ ਮਾਲਵੇ ਵਿਚ ਪੁੱਜ ਗਏ। ਲਖਪਤ ਰਾਇ ਲੜ ਲੜ ਕੇ ਹੰਭ ਗਿਆ ਸੀ। ਉਸ ਦੀ ਫੌਜ ਕਾਫੀ ਮਰ ਖੱਪ ਚੁਕੀ ਸੀ। ਉਹ ਲਾਹੌਰ ਨੂੰ ਮੁੜ ਗਿਆ।

2200 ਦੇ ਕਰੀਬ ਹਿੰਦੂ ਲੜਕੀਆਂ ਨੂੰ ਕੈਦ ਵਿੱਚੋਂ ਛੁਡਵਾਇਆ ਜਿਸ ਤੇ ਜ਼ਕਰੀਆਂ ਖ਼ਾਨ ਨੂੰ ਸੁਚੇਤ ਹੋਣ ਵਾਸਤੇ ਨਾਦਰਸ਼ਾਹ ਅਬਦਾਲੀ ਨੇ ਫੁਰਮਾਨ ਕੀਤਾ। ਸਿੱਖਾਂ ਦੇ ਸਿਰਾਂ ਦਾ ਇਨਾਮ ਰੱਖੇ ਗਏ ਬਾਬਾ ਬੋਤਾ ਸਿੰਘ ਅਤੇ ਬਾਬਾ ਗਿਰਜਾ ਸਿੰਘ ਜੀ ਨੇ ਸਰਕਾਰ ਨੂੰ ਲਲਕਾਰਿਆ ਅਤੇ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ।

1740 ਈ: ਵਿੱਚ ਮੱਸੇ ਰੰਗੜ ਨੇ ਦਰਬਾਰ ਸਾਹਿਬ ਵਿੱਚ ਬੈਠ ਕੇ ਸ਼ਰਾਬ ਦਾ ਦੌਰ ਚਲਾਇਆ ਅਤੇ ਕੰਜਰੀਆਂ ਦਾ ਨਾਚ ਕਰਵਾਇਆ ਜਿਸ ਦਾ ਜਵਾਬ ਸੁਖਾ ਸਿੰਘ ਮਾੜੀ ਕੰਬੋ ਕੀ ਅਤੇ ਸਰਦਾਰ ਮਹਿਤਾਬ ਸਿੰਘ ਮੀਰਾਂ ਕੋਟ ਨੇ ਦਿਨ ਦੀਂਵੀ ਮੱਸੇ ਰੰਗੜ ਦਾ ਸਿਰ ਵੱਢ ਕੇ ਦਿੱਤਾ ਇਸ ਤੋਂ ਔਖੇ ਹੋਏ ਸਰਕਾਰੀ ਤੰਤਰ ਨੇ ਪਿੰਡਾਂ ਵਿੱਚ ਸਿੱਖਾਂ ਨੂੰ ਫੜ-ਫੜ ਕੇ ਕਤਲ ਕਰਨਾ ਸ਼ੁਰੂ ਕੀਤਾ ਅਤੇ ਭਾਈ ਤਾਰੂ ਸਿੰਘ ਪੂਹਲਾ ਪਿੰਡ ਦੇ ਰਹਿਣ ਵਾਲੇ ਨੂੰ ਲਾਹੌਰ ਵਿੱਚ ਖੋਪਰੀ ਉਤਾਰ ਕੇ ਸ਼ਹੀਦ ਕੀਤਾ ਪਰ ਜ਼ਕਰੀਆ ਖਾਨ ਭਾਈ ਤਾਰੂ ਸਿੰਘ ਜੀ ਤੋਂ ਕੁਝ ਘੰਟੇ ਪਹਿਲਾਂ ਪਿਸ਼ਾਬ ਦਾ ਬੰਨ ਪੈਣ ਕਰਕੇ ਤੜਫ-ਤੜਫ ਕੇ ਭਾਈ ਤਾਰੂ ਸਿੰਘ ਦੇ ਪੈਰ ਦੀਆਂ ਜੁੱਤੀਆਂ ਖਾਂਦਾ ਹੋਇਆ ਮਰ ਗਿਆ।ਪਰ ਇਸ ਪਾਪੀ ਨੇ ਮੱਸੇ ਰੰਗੜ ਦਾ ਸਿਰ ਵੱਢਣ ਵਾਲੇ ਭਾਈ ਮਹਿਤਾਬ ਸਿੰਘ ਨੂੰ ਲਾਹੌਰ ਵਿਖੇ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕੀਤਾ ਸੀ।

1 ਜੁਲਾਈ 1745 ਵਿੱਚ ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਯਾਹੀਆ ਖਾਨ ਨੇ ਆਪਣੇ ਪਿਉ ਤੋਂ ਜਿਆਦਾ ਅੱਤ ਚੁੱਕ ਲਈ ਤੇ ਸਰਕਾਰੀ ਠੇਕੇਦਾਰ ਭਾਈ ਸੁਬੇਗ ਸਿੰਘ ਅਤੇ ਉਸ ਦੇ ਪੁੱਤਰ ਸ਼ਾਹਬਾਜ ਸਿੰਘ ਮਾਰਚ 1746 ਵਿੱਚ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਇੱਕ ਪਾਸੇ ਸਿੰਘਾਂ ਤੇ ਜ਼ੁਲਮ ਹੋ ਰਹੇ ਸਨ ਦੂਜੇ ਪਾਸੇ ਸਿੰਘ ਛੋਟੇ ਛੋਟੇ ਜੱਥੇ ਬਣਾ ਕੇ ਸਰਕਾਰ ਵਿਰੁੱਧ ਕਾਰਵਾਈਆਂ ਕਰ ਰਹੇ ਸਨ। ਅੱਤਿਆਚਾਰ ਅਤੇ ਸਖ਼ਤੀਆਂ ਸਹਿੰਦਿਆ ਹੋਇਆਂ ਵੀ ਉਹ ਪਾਤਸ਼ਾਹੀ ਪ੍ਰਾਪਤ ਕਰਨ ਦੇ ਆਹਰ ਵਿੱਚ ਲੱਗੇ ਹੋਏ ਸਨ। ਸਿੱਖਾਂ ਦੀ ਇਹ ਖਾਸੀਅਤ ਉਨ੍ਹਾਂ ਨੂੰ ਬਾਕੀ ਲੋਕਾਂ ਨਾਲੋਂ ਸਿਆਣਪਤਾ ਬਖਸ਼ਦੀ ਹੈ।

ਮੁਗਲ ਹਕੂਮਤ ਸਿੱਖਾਂ ਦਾ ਨਾਂ-ਨਿਸ਼ਾਨ ਮਿਟਾ ਦੇਣ ਦੀ ਸਹੁੰ ਖਾ ਚੁਕੀ ਸੀ। ਭਾਈ ਤਾਰੂ ਸਿੰਘ, ਭਾਈ ਸਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ ਤੇ ਹੋਰ ਅਨੇਕਾਂ ਸਿੰਘ ਸ਼ਹੀਦ ਕੀਤੇ ਜਾ ਚੁਕੇ ਸਨ। ਜਿਥੇ ਵੀ ਕੋਈ ਸਿੱਖ ਲੱਭਦਾ ਸੀ, ਮਾਰ ਦਿੱਤਾ ਜਾਂਦਾ ਸੀ। ਸਭ ਲੋਕਾਂ ਨੂੰ ਹੁਕਮ ਦਿੱਤਾ ਗਿਆ ਸੀ। ਸਿੱਖਾਂ ਨੂੰ ਓਟ ਆਸਰਾ ਤੇ ਟਿਕਾਣਾ ਨਾ ਦੇਵੋ।

ਥਾਂ-ਥਾਂ ਤੋਂ ਧੱਕਿਆ ਸਿੰਘਾਂ ਦਾ ਇਕ ਜਥਾ ਐਮਨਾਬਾਦ ਪੁੱਜਾ। ਉਹ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਪਰ ਉਸ ਦੇ ਫ਼ੌਜਦਾਰ, ਜਸਪਤ ਰਾਏ ਨੇ ਉਨ੍ਹਾਂ ਨੂੰ ਕਹਿ ਭੇਜਿਆ ਕਿ ਇਥੋਂ ਹੁਣੇ ਹੀ ਚਲੇ ਜਾਓ। ਸਿੱਖਾਂ ਨੇ ਕਿਹਾ ਕਿ ਅਸੀਂ ਕਈ ਦਿਨਾਂ ਦੇ ਭੁੱਖੇ ਹਾਂ। ਕੇਵਲ ਇਕ ਰਾਤ ਰਹਿ ਕੇ ਇਥੇ ਮੁੱਲ ਲੈ ਕੇ ਅੰਨ ਪਾਣੀ ਛਕਾਂਗੇ ਤੇ ਸਵੇਰੇ ਚਲੇ ਜਾਵਾਂਗੇ। ਪਰ ਜਸਪਤ ਹੰਕਾਰਿਆ ਹੋਇਆ ਸੀ । ਉਹ ਫੌਜ ਲੈ ਕੇ ਸਿੱਖਾਂ ਉਦਾਲੇ ਆ ਹੋਇਆ ਸਿੱਖਾਂ ਨੇ ਅੱਗੋਂ ਡਟ ਕੇ ਟਾਕਰਾ ਕੀਤਾ। ਇਕ ਨਿਬਾਹੂ ਸਿੰਘ ਨਾਮੀਂ ਸਿੱਖ ਨੇ, ਉਸ ਦੇ ਹਾਥੀ ਉਤੇ ਚੜ੍ਹਕੇ ਜਸਪਤ ਰਾਇ ਦਾ ਸਿਰ ਵੱਢ ਲਿਆ।

ਜਸਪਤ ਰਾਇ ਲਖਪਤ ਰਾਇ ਦਾ ਭਰਾ ਸੀ ਅਤੇ ਲਖਪਤ ਰਾਇ, ਯਾਹੀਯਾ ਖ਼ਾਂ ਸੂਬਾ ਲਾਹੌਰ ਦਾ ਦੀਵਾਨ ਸੀ। ਜਦ ਲਖਪਤ ਰਾਇ ਨੇ ਆਪਣੇ ਭਰਾ ਦੇ ਮਾਰੇ ਜਾਣ ਦੀ ਖਬਰ ਸੁਣੀ, ਤਾਂ ਉਹ ਗੁੱਸੇ ਨਾਲ ਲਾਲ ਪੀਲਾ ਹੋ ਗਿਆ। ਨਵਾਬ ਯਾਹੀਯਾ ਖ਼ਾਂ ਪਾਸ ਜਾ ਕੇ ਉਸ ਨੇ ਆਪਣੀ ਪੱਗ ਲਾਹ ਕੇ ਉਸ ਦੇ ਪੈਰਾਂ ਵਿਚ ਸੁੱਟੀ ਅਤੇ ਕਿਹਾ, 'ਮੈਂ ਤਦ ਹੀ ਸਿਰ ਤੇ ਪੱਗ ਬੰਨ੍ਹਾਂਗਾ, ਜਦ ਸਿੱਖਾਂ ਦਾ ਖੁਰਾ ਖੋਜ ਮਿਟਾ ਲਵਾਂਗਾ। ਮੈਂ ਖੱਤਰੀ ਹਾਂ, ਖਾਲਸਾ ਸਾਜਣ ਵਾਲਾ ਗੁਰੂ ਗੋਬਿੰਦ ਸਿੰਘ ਵੀ ਖੱਤਰੀ ਸੀ। ਪਰ ਮੈਂ ਉਨਾਂ ਚਿਰ ਆਪਣੇ ਆਪ ਨੂੰ ਖੱਤਰੀ ਨਹੀਂ ਅਖਵਾਵਾਂਗਾ ਜਦ ਤਕ ਉਸ ਦੇ ਸਿੱਖਾਂ ਦਾ ਨਾਂ-ਨਿਸ਼ਾਨ ਮਿਟਾ



ਗੁਰਦੁਆਰਾ ਘੱਲੂਘਾਰਾ ਸਾਹਿਬ (ਕਾਹਨੂੰਵਾਨ ਛੰਭ) ਗੁਰਦਾਸਪੁਰ

ਨਹੀਂ ਲੈਂਦਾ।' ਉਸ ਨੇ ਸੂਬੇ ਵੱਲੋਂ ਐਲਾਨ ਕਰਵਾ ਦਿਤਾ ਕਿ ਸਿੱਖਾਂ ਨੂੰ ਮਾਰ ਮੁਕਾ ਦਿੱਤਾ ਜਾਵੇ। ਪਹਿਲਾ ਕੰਮ ਇਹ ਕੀਤਾ ਕਿ ਲਾਹੌਰ ਵਿਚ ਜਿੰਨੇ ਸਿੱਖ ਵਸਦੇ ਸਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਸੋਮਵਾਰ, ਮਾਰਚ 1746 ਨੂੰ ਬੁੱਚੜਾਂ ਦੇ ਹਵਾਲੇ ਕੀਤਾ ਗਿਆ ਤਾਂ ਕਿ ਉਨ੍ਹਾਂ ਨੂੰ ਕਤਲ ਕੀਤਾ ਜਾਵੇ। ਹਿੰਦੂ ਆਗੂਆਂ ਦਾ

**ਹਨ੍ਹੇਰਾ ਪੈਣ ਤੀਕ ਸਿੰਘ ਹੌਲੀ-ਹੌਲੀ ਦੁਸ਼ਮਣ ਦੀ ਫੌਜ ਨੂੰ ਚੀਰ ਕੇ ਲੰਘ ਗਏ ਦੋ ਕੁ ਮੀਲ ਦੀ ਵਿਥ 'ਤੇ ਜਾ ਰੁਕੇ। ਸਾਰਿਆਂ ਨੂੰ ਹੀ ਫੱਟ ਲੱਗੇ ਹੋਏ ਸਨ। ਉਨ੍ਹਾਂ ਪਾਸ ਖਾਣ ਪੀਣ ਨੂੰ ਵੀ ਕੁਝ ਨਹੀਂ ਸੀ। ਅੱਧੀ ਕੁ ਰਾਤ ਨੂੰ ਉਨ੍ਹਾਂ ਨੇ ਫੈਸਲਾ ਕੀਤਾ ਕਿ ਰੱਜ ਲੇਹੜ ਕੇ ਅਰਾਮ ਨਾਲ ਪਏ ਹੋਏ ਵੈਰੀ ਉੱਪਰ ਹੱਲਾ ਬੋਲਿਆ ਜਾਵੇ ਤੇ ਜੋ ਕੁਝ ਮਿਲ ਸਕੇ ਖੋਹ ਕੇ ਲਿਆਂਦਾ ਜਾਵੇ। ਇਉਂ ਹੀ ਕੀਤਾ ਗਿਆ। ਵੈਰੀ ਬੇਫ਼ਿਕਰ ਸੁੱਤੇ ਹੋਏ ਸਨ, ਸਿੰਘਾਂ ਨੇ ਉਨ੍ਹਾਂ ਦੇ ਖੂਬ ਆਹੂ ਲਾਹੇ। ਚੋਖਾ ਸਮਾਨ ਵੀ ਇਨ੍ਹਾਂ ਦੇ ਹੱਥ ਲੱਗਾ। ਕੁਝ ਚਿਰ ਮਗਰੋਂ ਸਿੰਘ ਪਿਛਾਂਹ ਨੂੰ ਹਰਨ ਹੋ ਗਏ ਅਤੇ ਸੰਘਣੇ ਜੰਗਲ ਵਿਚ ਜਾ ਵੜੇ। ਇਹ ਵਾਕਿਆ 1 ਜੂਨ ਸੰਨ 1746 ਦਾ ਹੈ।**

ਇਕ ਡੈਪੂਟੇਸ਼ਨ, ਜਿਸ ਵਿਚ ਲਖਪਤ ਰਾਇ ਦੇ ਕੁਲ-ਗੁਰੂ, ਗੁਸਾਈਂ ਜਗਤ ਭਗਤ, ਦੀਵਾਨ ਕੌੜਾ ਮੱਲ, ਦੀਵਾਨ ਲੱਛੀ ਰਾਮ, ਦੀਵਾਨ ਸੂਰਤ ਸਿੰਘ, ਭਾਈ ਦੇਸ ਰਾਜ ਅਤੇ ਚੌਧਰੀ ਜਵਾਹਰ ਮੱਲ, ਆਦਿ ਸ਼ਾਮਲ ਸਨ, ਦੀਵਾਨ ਲਖਪਤ ਰਾਇ ਨੂੰ ਮਿਲਿਆ ਅਤੇ ਉਸ ਨੂੰ ਕਿਹਾ ਕਿ ਬੇਦੋਸ਼ਿਆਂ ਦਾ ਖੂਨ ਨਾ ਕਰੇ; ਖਾਸ ਕਰਕੇ ਸੋਮਾਵਤੀ ਮੱਸਿਆ ਵਾਲੇ ਦਿਨ, ਇਸ ਪਾਪ ਤੋਂ ਬਾਜ਼ ਰਹੇ, ਪਰ ਉਸ ਨੇ ਇਕ ਨਾ ਮੰਨੀ। ਲਾਹੌਰ ਦੇ ਸਾਰੇ ਸਿੱਖ ਹੀ ਸ਼ਹੀਦ ਕਰ ਦਿੱਤੇ ਗਏ।

ਡੌਂਡੀ ਪਿੱਟੀ ਗਈ ਕਿ ਕੋਈ ਆਦਮੀ ਸਿੱਖਾਂ ਦੀ ਬਾਣੀ ਨਾ ਪੜ੍ਹੇ ਤੇ ਕੋਈ 'ਗੁਰੂ' ਸ਼ਬਦ ਮੂੰਹੋਂ ਨਾ ਕੱਢੇ, ਜਿਹੜਾ ਆਦਮੀ 'ਗੁਰੂ' ਲਫ਼ਜ਼ ਕਹੇਗਾ, ਉਹ ਫੜਿਆ ਜਾਵੇਗਾ ਤੇ ਉਸ ਦਾ ਪੇਟ ਚਾਕ ਕੀਤਾ ਜਾਵੇਗਾ। ਇਹ ਵੀ ਹੁਕਮ ਹੋਇਆ ਕਿ 'ਗੁੜ' ਸ਼ਬਦ 'ਗੁਰ' ਜਾਂ 'ਗੁਰੂ' ਨਾਲ ਮਿਲਦਾ ਜੁਲਦਾ ਹੈ, ਇਹ ਵੀ ਨਾ ਵਰਤਿਆ ਜਾਵੇ ਤੇ 'ਗੁੜ' ਨੂੰ ਭੇਲੀ ਜਾਂ ਰੋੜੀ ਕਿਹਾ ਜਾਵੇ। ਸ਼ਬਦ ਗ੍ਰੰਥ ਦੀ ਜਗ੍ਹਾ ਪੋਥੀ ਵਰਤਣ ਦਾ ਹੁੱਕਮ ਹੋਇਆ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬੀੜਾਂ ਇਕੱਠੀਆਂ ਕਰ ਕੇ ਦਰਿਆਵਾਂ ਤੇ ਖੂਹਾਂ ਵਿਚ ਸੁਟੀਆਂ ਗਈਆਂ। ਅੰਮ੍ਰਿਤਸਰ ਦਾ ਸਰੋਵਰ ਪੂਰ ਦਿੱਤਾ ਗਿਆ ।

ਯਾਹੀਆ ਖ਼ਾਂ ਤੇ ਲਖਪਤ ਰਾਇ ਦੀ ਕਮਾਨ ਹੇਠ ਬਹੁਤ ਵੱਡੀ ਫ਼ੌਜ ਨੇ ਸਿੱਖਾਂ ਨੂੰ ਮਾਰ ਮੁਕਾਉਣ ਨਈ ਚੜ੍ਹਾਈ ਕਰ ਦਿੱਤੀ। ਇਸ ਵਿਚ ਮੁਗਲ ਫੌਜ ਤੋਂ ਬਿਨਾਂ ਦੇਸ਼ ਭਰ ਵਿਚੋਂ ਹਕੂਮਤ ਦੇ ਪੱਖੀਆਂ ਤਾਬੇਦਾਰਾਂ ਦੇ ਭੇਜੇ ਹੋਏ ਹਜ਼ਾਰਾਂ ਹੀ ਬੰਦੇ ਸਨ। ਉਸ ਵੇਲੇ ਪੰਦਰਾਂ ਕੁ ਹਜਾਰ ਸਿੱਖਾਂ ਨੇ ਕਾਹਨੂੰਵਾਨ (ਜਿਲ੍ਹਾ

ਗੁਰਦਾਸਪੁਰ) ਦੇ ਛੰਭ ਵਿਚ ਪਨਾਹ ਲਈ ਹੋਈ ਸੀ। ਇਹ ਥਾਂ ਅਜੇਹੀ ਸੀ ਕਿ ਜਿਥੇ ਮੁਗ਼ਲ ਫ਼ੌਜਾਂ ਤੇ ਤੋਪਾਂ ਦਾ ਪੁੱਜਣਾ ਔਖਾ ਸੀ। ਪਰ ਮੁਗਲ ਫੌਜਾਂ ਨੇ ਜੰਗਲ ਕੱਟ ਕਟਵਾ ਕੇ ਲੰਘਣ ਲਈ ਰਾਹ ਬਣਾ ਲਿਆ। ਤੋਪਾਂ ਦੇ ਜੋਰ ਨਾਲ ਸਿੱਖਾਂ ਨੂੰ ਛੰਭੋਂ ਬਾਹਰ ਰਾਵੀ ਦਰਿਆ ਵੱਲ ਧੱਕਿਆ ਗਿਆ। ਸਿੰਘ ਰਾਵੀ ਤੋਂ ਪਾਰ ਹੋ ਗਏ ਤੇ ਉਨ੍ਹਾਂ ਨੇ ਪੜੋਲ ਤੇ ਕਠੂਹੇ ਦਾ ਰੁਖ ਕੀਤਾ। ਲਖਪਤ ਵੀ ਉਨ੍ਹਾਂ ਦੇ ਮਗਰੇ ਹੀ ਚੜਿਆ ਆ ਰਿਹਾ ਸੀ। ਸਿੱਖਾਂ ਲਈ ਇਕੋ ਹੀ ਰਾਹ ਇਹ ਸੀ ਕਿ ਉਹ ਬਸੋਲੀ ਵੱਲ ਨੂੰ ਚਲੇ ਜਾਣ। ਉਨ੍ਹਾਂ ਨੂੰ ਆਸ ਸੀ ਕਿ ਉਥੋਂ ਦੀ ਹਿੰਦੂ ਜਨਤਾ ਉਨ੍ਹਾਂ ਨੂੰ ਪਨਾਹ ਦੇਵੇਗੀ। ਪਰ ਉਨ੍ਹਾਂ ਦੀ ਆਸ ਝੂਠੀ ਨਿਕਲੀ, ਕਿਉਂਕਿ ਉਨ੍ਹਾਂ ਲੋਕਾਂ ਨੂੰ ਪਹਿਲੋਂ ਹੀ ਲਾਹੌਰ ਤੋਂ ਹੁਕਮ ਪੁੱਜ ਚੁਕੇ ਸਨ ਕਿ ਸਿੱਖਾਂ ਨੂੰ ਓਟ-ਆਸਰਾ ਨਾ ਦਿੱਤਾ ਜਾਵੇ। ਜਦ ਸਿੱਖ ਅਗਾਂਹ ਹੋਏ, ਤਾਂ ਲੋਕਾਂ ਨੇ ਅੱਗੋਂ ਗੋਲੀਆਂ ਤੇ ਪੱਥਰਾਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ। ਉਨ੍ਹਾਂ ਨੂੰ ਉਥੇ ਹੀ ਠਹਿਰਨਾ ਪਿਆ। ਉਹ ਡਾਢੀ ਕੁੜਿੱਕੀ ਵਿਚ ਫਸ ਗਏ ਸਨ। ਸਾਹਮਣੇ ਪਾਸੇ ਤਿੱਖੇ ਸਿੱਧੇ ਪਹਾੜ ਸਨ ਜਿਨ੍ਹਾਂ ਉਪਰੋਂ ਵਿਰੋਧੀ ਲੋਕ ਗੋਲੀਆਂ ਤੇ ਪੱਥਰਾਂ ਦੇ ਰੂਪ ਵਿਚ ਮੌਤ ਵਰਸਾ ਰਹੇ ਸਨ, ਉਨ੍ਹਾਂ ਦੇ ਸੱਜੇ ਪਾਸੇ ਚੜ੍ਹਿਆ ਹੋਇਆ ਦਰਿਆ ਸੀ ਅਤੇ ਉਨ੍ਹਾਂ ਦੇ ਮਗਰ ਮਾਰੋ-ਮਾਰ ਕਰਦਾ ਵੈਰੀ ਆ ਰਿਹਾ ਸੀ । ਉਨ੍ਹਾਂ ਪਾਸ ਨਾ ਦਾਰੂ ਸਿੱਕਾ ਸੀ ਤੇ ਨਾ ਰਸਦ। ਉਨ੍ਹਾਂ ਦੇ ਘੋੜੇ ਭੁੱਖ ਤੇ ਪੈਂਡੇ ਨਾਲ ਕਮਜ਼ੋਰ ਹੋ ਚੁਕੇ ਸਨ ਅਤੇ ਪਹਾੜੀ ਰਸਤਿਆਂ ਵਿਚ ਡਿੱਗ ਡਿੱਗ ਪੈਂਦੇ ਸਨ।

ਪਰ ਇਸ ਬਿਪਤਾ ਦੇ ਸਮੇਂ ਉਨ੍ਹਾਂ ਨੇ ਦਿਲ ਨਾ ਛੱਡੇ। ਉਨ੍ਹਾਂ ਨੇ ਫ਼ੈਸਲਾ ਕਰ ਲਿਆ ਕਿ ਪਿਛਾਂਹ ਮੁੜ ਕੇ ਮਾਝੇ ਵਿਚ ਜਾਇਆ ਜਾਵੇ। ਪਰ ਰਾਵੀ ਚੜ੍ਹੀ ਹੋਈ ਸੀ। ਉਸ ਵਿਚ ਦੀ ਲੰਘਣਾ ਅਸੰਭਵ ਜਾਪਦਾ ਸੀ। ਸਰਦਾਰ ਗੁਰਦਿਆਲ ਸਿੰਘ ਡੱਲੇਵਾਲ ਦੇ ਦੋਹਾਂ ਗੱਭਰੂ ਭਰਾਵਾਂ ਨੇ ਕਿਹਾ; 'ਅਸੀਂ ਰਾਵੀ ਵਿਚ ਘੋੜੇ ਠੇਹਲ ਦੇਂਦੇ ਹਾਂ, ਤੇ ਵੇਖਦੇ ਹਾਂ ਕਿ ਪਾਰ ਪੁਜਿਆ ਜਾ ਸਕਦਾ ਹੈ ਕਿ ਨਹੀਂ। ਜੇ ਅਸੀਂ ਪਾਰ ਪਹੁੰਚ ਗਏ ਤਾਂ ਸਾਰੇ ਠਿੱਲ੍ਹ ਪੈਣ; ਜੇ ਅਸੀਂ ਵਿਚ ਹੀ ਰਹੇ ਤਾਂ ਤੁਸਾਂ ਕੋਈ ਹੋਰ ਵਿਉਂਤ ਸੋਚਣੀ। ਪਰ ਉਹ ਰੁੜ੍ਹ ਗਏ। ਆਗੂਆਂ ਨੇ ਫ਼ੈਸਲਾ ਕੀਤਾ ਕਿ ਜਿਹੜੇ ਪੈਦਲ ਹਨ, ਉਹ ਤਾਂ ਅਗਾਂਹ ਪਹਾੜਾਂ ਵੱਲ ਨੂੰ ਚਲੇ ਜਾਣ ਅਤੇ ਜਿਨ੍ਹਾਂ ਪਾਸ ਘੋੜੇ ਹਨ, ਉਹ ਵੈਰੀ ਦੇ ਦਲ ਵਿਚ ਦੀ ਚੀਰ ਕੇ ਲੰਘ ਜਾਣ ਦਾ ਯਤਨ ਕਰਨ।

ਜਿਹੜੇ ਪਹਾੜਾਂ ਵੱਲ ਨੂੰ ਗਏ, ਉਹ ਮੰਡੀ ਤੇ ਕੁੱਲੂ ਦੇ ਇਲਾਕਿਆਂ ਵਿੱਚ ਬੜੇ ਕਸ਼ਟ ਝਲਦੇ ਫਿਰਦੇ ਰਹੇ ਅਤੇ ਵਖਤਾਂ ਭਰੇ ਛੇ ਮਹੀਨੇ ਕੱਟ ਕੇ ਕੀਰਤਪੁਰ ਖਾਲਸੇ ਨੂੰ ਜਾ ਮਿਲੇ। ਬਾਕੀ ਦੇ ਸਿੰਘਾਂ ਨੇ ਭਾਈ ਸੁੱਖਾ ਸਿੰਘ ਦੀ ਕਮਾਨ ਹੇਠ ਵੈਰੀਆਂ ਦੇ ਦਲ ਤੇ ਹੱਲਾ ਕਰ ਦਿੱਤਾ, ਭਿਆਨਕ ਯੁੱਧ ਹੋਇਆ ਖਾਲਸੇ ਨੇ ਵੈਰੀਆਂ ਦੇ ਆਹੂ ਲਾਹ ਸੁੱਟੇ। ਪਰ ਉਨ੍ਹਾਂ ਦੀ ਗਿਣਤੀ ਥੋੜ੍ਹੀ ਸੀ। ਵੈਰੀ ਦਲ ਅਣਗਿਣਤ ਸੀ। ਸਿੱਖ ਚਹੁੰਆਂ ਪਾਸਿਆਂ ਤੋਂ ਘੇਰੇ ਗਏ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਸ਼ਹੀਦ ਹੋ ਗਏ। ਭਾਈ ਸੁੱਖਾ ਸਿੰਘ ਜੀ ਅੱਗੇ ਵਧ ਵਧ ਕੇ ਹੱਲੇ ਕਰ ਕਰਕੇ ਲਖਪਤ ਨੂੰ ਲੱਭਦੇ ਰਹੇ, ਪਰ ਉਹ ਹੱਥ ਨਾ ਆਇਆ। ਇਸ ਘਮਸਾਨ ਦੇ ਯੁੱਧ ਵਿਚ ਭਾਈ ਸੁੱਖਾ ਸਿੰਘ ਦੀ ਲੱਤ ਵਿੱਚ ਗੋਲੀ ਲੱਗਣ ਕਾਰਨ ਭਾਈ ਜੀ ਜ਼ਖ਼ਮੀ ਹੋ ਗਏ। ਉਨ੍ਹਾਂ ਨੇ ਕੋਈ ਪਰਵਾਹ ਨਾ ਕੀਤੀ। ਪੱਗ ਪਾੜ ਕੇ ਲੱਤ ਕਾਠੀ ਦੇ ਹੰਨੇ ਨਾਲ ਬੰਨ੍ਹ ਲਈ ਤੇ ਤਲਵਾਰ ਚਲਾਈ ਗਏ। ਜਿਥੇ ਲੋੜ ਪੈਂਦੀ, ਘੋੜਾ ਛੇੜ ਕੇ ਉਥੇ ਪੁਜਦੇ ਰਹੇ। ਹੋਰ ਸਿੰਘ ਵੀ ਬੜੀ ਬਹਾਦਰੀ ਨਾਲ ਲੜੇ। ਬਹੁਤ ਸਾਰੇ ਸਿੰਘ ਸ਼ਹੀਦ ਹੋਏ, ਪਰ ਉਨ੍ਹਾਂ ਨਾਲੋਂ ਕਈ ਗੁਣਾਂ ਵਧ ਵੈਰੀ ਵੀ ਮਾਰੇ ਗਏ।

ਹਨ੍ਹੇਰਾ ਪੈਣ ਤੀਕ ਸਿੰਘ ਹੌਲੀ-ਹੌਲੀ ਦੁਸ਼ਮਣ ਦੀ ਫੌਜ ਨੂੰ ਚੀਰ ਕੇ ਲੰਘ ਗਏ ਦੋ ਕੁ ਮੀਲ ਦੀ ਵਿਥ 'ਤੇ ਜਾ ਰੁਕੇ। ਸਾਰਿਆਂ ਨੂੰ ਹੀ ਫੱਟ ਲੱਗੇ ਹੋਏ ਸਨ। ਉਨ੍ਹਾਂ ਪਾਸ ਖਾਣ ਪੀਣ ਨੂੰ ਵੀ ਕੁਝ ਨਹੀਂ ਸੀ। ਅੱਧੀ ਕੁ ਰਾਤ ਨੂੰ ਉਨ੍ਹਾਂ ਨੇ ਫੈਸਲਾ ਕੀਤਾ ਕਿ ਰੱਜ ਲੇਹੜ ਕੇ ਅਰਾਮ ਨਾਲ ਪਏ ਹੋਏ ਵੈਰੀ ਉੱਪਰ ਹੱਲਾ ਬੋਲਿਆ ਜਾਵੇ ਤੇ ਜੋ ਕੁਝ ਮਿਲ ਸਕੇ ਖੋਹ ਕੇ ਲਿਆਂਦਾ ਜਾਵੇ। ਇਉਂ ਹੀ ਕੀਤਾ ਗਿਆ। ਵੈਰੀ ਬੇਫ਼ਿਕਰ ਸੁੱਤੇ ਹੋਏ ਸਨ, ਸਿੰਘਾਂ ਨੇ ਉਨ੍ਹਾਂ ਦੇ ਖੂਬ ਆਹੂ ਲਾਹੇ। ਚੋਖਾ ਸਮਾਨ ਵੀ ਇਨ੍ਹਾਂ ਦੇ ਹੱਥ ਲੱਗਾ। ਕੁਝ ਚਿਰ ਮਗਰੋਂ ਸਿੰਘ ਪਿਛਾਂਹ ਨੂੰ ਹਰਨ ਹੋ ਗਏ ਅਤੇ ਸੰਘਣੇ ਜੰਗਲ ਵਿਚ ਜਾ ਵੜੇ। ਇਹ ਵਾਕਿਆ 1 ਜੂਨ ਸੰਨ 1746 ਦਾ ਹੈ।

ਦੋ ਤਿੰਨ ਹਜ਼ਾਰ ਸਿੰਘ ਰਾਵੀ ਪਾਰ ਕਰ ਕੇ ਗੁਰਦਾਸਪੁਰ ਦੇ ਰਿਆੜਕੀ ਇਲਾਕੇ ਵਿਚ ਜਾ ਪੁੱਜੇ। ਅੱਤ ਦੀ ਗਰਮੀ ਪੈ ਰਹੀ ਸੀ। ਸਿੰਘ ਥੱਕੇ ਹੋਏ ਸਨ ਪੈਰਾਂ ਤੋਂ ਨੰਗੇ ਸਨ, ਜ਼ਖ਼ਮੀ ਸਨ, ਤੇ ਭੁੱਖੇ ਸਨ। ਪਰ ਉਨ੍ਹਾਂ ਨੇ ਦਿਲ ਨਾ ਛੱਡੇ, ਉਨ੍ਹਾਂ ਨੇ ਕਪੜੇ ਪਾੜ ਪਾੜ ਕੇ ਪੈਰਾਂ ਉਪਰ ਬੱਧੇ। ਇਸ ਤਰ੍ਹਾਂ ਪੈਰਾਂ ਉਤੇ ਪੱਟੀਆਂ ਬੰਨ੍ਹ ਕੇ ਉਹ ਰੇਤਲੇ ਇਲਾਕੇ ਵਿਚ ਦੀ ਲੰਘ ਕੇ ਬਿਆਸ ਵੱਲ ਨੂੰ ਹੋਏ। ਸ੍ਰੀ ਹਰਗੋਬਿੰਦਪੁਰ ਦੇ ਪੱਤਣ ਤੋਂ ਉਨ੍ਹਾਂ ਨੇ ਬਿਆਸ ਪਾਰ ਕੀਤਾ। ਯਾਹੀਯਾ ਪੁਰ ਦੇ ਨੇੜੇ ਉਨ੍ਹਾਂ ਨੇ ਆਪਣੀਆਂ ਢਾਲਾਂ ਨੂੰ ਸੜਦੀ ਰੇਤ ਵਿਚ ਨੱਪ ਕੇ ਉਨ੍ਹਾਂ ਉਪਰ ਰੋਟੀਆਂ ਸੇਕਣ ਲਈ ਧਰੀਆਂ। ਐਨ ਉਸ ਵੇਲੇ ਕੁਝ ਪਠਾਣ ਇਨ੍ਹਾਂ ਉਪਰ ਆ ਪਏ। ਇਹ ਉਨ੍ਹਾਂ ਦਾ ਤਾਂ ਕੰਮ ਪਾਰ ਕਰ ਦੇਂਦੇ ਅਤੇ ਰੋਟੀਆਂ ਵੀ ਖਾ ਲੈਂਦੇ, ਪਰ ਉਸ ਵੇਲੇ ਪਤਾ ਲੱਗਾ ਕਿ ਲਖਪਤ ਵੀ ਦਰਿਆ ਪਾਰ ਕਰ ਚੁਕਿਆ ਹੈ ਅਤੇ ਨੇੜੇ ਪੁੱਜ ਚੁਕਿਆ ਹੈ। ਸਿੰਘਾਂ ਨੇ ਉਥੋਂ ਕੂਚ ਕਰ ਦਿਤਾ ਅਤੇ ਸਤਲੁਜ ਵੱਲ ਨੂੰ ਹੋਏ। ਅਲੀਵਾਲ ਦੇ ਪੱਤਣ ਤੋਂ ਸਤਲੁਜ ਪਾਰ ਕਰ ਕੇ ਉਹ ਮਾਲਵੇ ਵਿਚ ਪੁੱਜ ਗਏ। ਲਖਪਤ ਰਾਇ ਲੜ ਲੜ ਕੇ ਹੰਭ ਗਿਆ ਸੀ। ਉਸ ਦੀ ਫੌਜ ਕਾਫੀ ਮਰ ਖੱਪ ਚੁਕੀ ਸੀ। ਉਹ ਲਾਹੌਰ ਨੂੰ ਮੁੜ ਗਿਆ।

ਇਸ ਮੁਹਿੰਮ ਵਿਚ ਉਸ ਨੇ ਘੱਟੋ ਘੱਟ ਸੱਤ ਹਜ਼ਾਰ ਸਿੰਘ ਸ਼ਹੀਦ ਕੀਤੇ। ਇਸ ਤੋਂ ਬਿਨਾਂ ਉਹ ਤਿੰਨ ਹਜ਼ਾਰ ਸਿੱਖਾਂ ਨੂੰ ਕੈਦ ਕਰ ਕੇ ਲਾਹੌਰ ਲੈ ਗਿਆ। ਇਨ੍ਹਾਂ ਨੂੰ ਬਹੁਤ ਸਖਤ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਦੇ ਸੀਸਾਂ ਦੇ ਮੁਨਾਰੇ ਬਣਾਏ ਗਏ, ਅਤੇ ਉਨ੍ਹਾਂ ਦੀਆਂ ਦੇਹਾਂ ਨੂੰ ਇਕ ਮਸੀਤ ਦੀ ਕੰਧ ਹੇਠ ਦੱਬਿਆ ਗਿਆ।

ਇਹ ਪਹਿਲਾ ਮੌਕਾ ਸੀ ਜਦ ਕਿ ਸਿੱਖਾਂ ਦਾ ਇਕੋ ਮੁਹਿੰਮ ਵਿਚ ਇੰਨਾਂ ਨੁਕਸਾਨ ਹੋਇਆ। ਇਸ ਸਾਕੇ ਨੂੰ ਛੋਟਾ ਘਲੂਘਾਰਾ ਕਹਿੰਦੇ ਹਨ। ਇਹ ਘਲੂਘਾਰਾ ਜੇਠ ਸੰਮਤ 1803 (ਜੂਨ ਸੰਨ 1746) ਵਿਚ ਹੋਇਆ ਹੈ। -0-

**ਸ਼ਬਦ ਵਿਚਾਰ, ਸਫਾ 9 ਦਾ ਬਾਕੀ**

ਸਾਧਾਂ ਨੇ ਪੰਜਾਬ ਵਿੱਚ ਆਪਣੇ ਪੱਕੇ ਤੌਰ 'ਤੇ ਪੈਰ ਪਸਾਰਦਿਆਂ ਜ਼ਮੀਨਾਂ ਮੁੱਲ ਜਾਂ ਫਰੀ ਲੈ ਵੱਡੇ ਵੱਡੇ ਡੇਰੇ ਸਥਾਪਿਤ ਕਰ ਲਏ ਹਨ। ਇਹਨਾਂ ਚਲਾਕ ਸਾਧਾਂ ਨੇ ਗੁਰਬਾਣੀ ਦੀਆਂ ਤੁਕਾਂ ਨੂੰ ਆਪਣੇ ਹਿਸਾਬ ਨਾਲ ਪੇਸ਼ ਕਰਕੇ ਦੱਸਣ ਦਾ ਯਤਨ ਕੀਤਾ ਹੈ ਕਿ ਅਸੀਂ ਵੀ ਗੁਰਬਾਣੀ ਹੀ ਪੜ੍ਹਦੇ ਹਾਂ। ਭੋਲੀ ਸਿੱਖ ਸੰਗਤ ਇਹ ਸਮਝ ਜਾਂਦੀ ਹੈ ਕਿ ਸ਼ਾਇਦ ਇਹ ਗੁਰਬਾਣੀ ਦਾ ਹੀ ਪ੍ਰਚਾਰ ਕਰ ਰਹੇ ਹੋਣ। ਅਸਲ ਵਿੱਚ ਗੁਰਬਾਣੀ ਦਾ ਓਟ ਆਸਰਾ ਲੈ ਕੇ ਇਹ ਅਰਧ ਨੰਗੇ ਸਾਧ ਭਗਵੇਪਨ ਜਾਂ ਸਨਾਤਨੀ ਮਤ ਦੀਆਂ ਗੋਲੀਆਂ ਲਪੇਟ ਲਪੇਟ ਕੇ ਦੇ ਰਹੇ ਹਨ।

ਇਸ ਦਾ ਇੱਕ ਹੀ ਉੱਤਰ ਹੈ ਅਰਬਾਂ ਰੁਪਇਆਂ ਵਾਲੀ ਸ਼੍ਰੋਮਣੀ ਕਮੇਟੀ ਨੇ ਅਜੇ ਤੀਕ ਅਜਿਹੇ ਲੋਕਾਂ ਦਾ ਮੁਕਾਬਲਾ ਕਰਨ ਲਈ ਉੱਚ ਪੱਧਰ ਦੇ ਪ੍ਰਚਾਰਕ ਪੈਦਾ ਹੀ ਨਹੀਂ ਕੀਤੇ। ਨਾਂ ਹੀ ਸਿੱਖੀ ਪ੍ਰਚਾਰ ਲਈ ਸਾਡੀਆਂ ਉੱਚ ਕਮੇਟੀਆਂ ਸੁਚੇਤ ਹਨ। ਹੁਣ ਭਗਵਾ ਕਰਣ ਏਥੋਂ ਤੀਕ ਪਸਰ ਚੁੱਕਿਆ ਹੈ, ਗੁਰਮਤਿ ਸਿਧਾਂਤ ਦੀ ਗੱਲ ਕਰਨ ਵਾਲੇ ਨੂੰ ਹੀ ਭਗਵਾ ਕਿਹਾ ਜਾ ਰਿਹਾ ਹੈ।

ਘਰੜ-ਮਰੜ, ਧੋਤੀਧਾਰੀ, ਅੱਧ ਨੰਗ-ਮ-ਨੰਗੇ ਦੂਜੇ ਪਾਸੇ ਸਿੱਖੀ ਪਹਿਰਾਵੇ ਵਿੱਚ ਚਿੱਟੇ ਚੋਲਿਆਂ ਵਾਲੇ ਤੇ ਨੰਗੀਆਂ ਲੱਤਾਂ ਵਾਲੇ ਗ੍ਰਹਿਸਤੀ ਜੀਵਨ ਤੋਂ ਭਗੌੜੇ ਸਿੱਖ ਬੇੜੇ ਦੇ ਮਲਾਹ ਬਣ ਚੁੱਕੇ ਹਨ।

ਹੁਣ---ਖ਼ੁਦਾਇਆ ਖ਼ੈਰ ਕਰੀਂ।

-0-

**ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**

# ਗੁਰੂ ਅਮਰਦਾਸ ਸਾਹਿਬ ਜੀ

-ਹਰਪ੍ਰੀਤ ਸਿੰਘ
80541-94177

ਗੁਰੂ ਅਮਰਦਾਸ ਜੀ ਨੇ ਪਹਿਲੇ ਦੋ ਗੁਰੂ ਸਾਹਿਬਾਨ ਦੀ ਤਰ੍ਹਾਂ ਸਮਾਜ ਵਿੱਚ ਕ੍ਰਾਂਤੀ ਲਿਆਂਦੀ ਜਿਵੇਂ ਕਿ ਜਾਤ-ਪਾਤ ਦੂਰ ਕਰਨਾ, ਲੰਗਰ ਪ੍ਰਥਾ ਵਿੱਚ ਸੁਧਾਰ, ਬਾਈ ਮੰਜੀਆਂ ਸਥਾਪਿਤ ਕਰਨੀਆਂ, ਸਤੀ ਪ੍ਰਥਾ ਤੇ ਰੋਕ, ਵਿਆਹ ਸ਼ਾਦੀਆਂ ਦੀਆਂ ਰਸਮਾਂ ਵਿੱਚ ਸੁਧਾਰ ਅਤੇ ਸਿੱਖੀ ਦੀ ਨਿਆਰੀ ਹੋਂਦ ਦਾ ਉਪਦੇਸ਼ ਦਿੱਤਾ।

ਆਪ ਜੀ ਨੇ ਸਿਰੀਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ ਨਾਮਕ 17 ਰਾਗਾਂ ਵਿੱਚ ਬਾਣੀ ਉਚਾਰੀ ਆਪ ਜੀ ਨੇ ਜੋ ਜੋ ਸਮਾਜ ਵਿੱਚ ਕ੍ਰਾਂਤੀਆਂ ਲਿਆਦੀਆਂ ਉਨ੍ਹਾਂ ਬਾਰੇ ਵੀਚਾਰ ਅਤੇ ਅੱਜ ਦੇ ਮਾਹੌਲ ਨਾਲ ਤੁਲਨਾ ਕਰੀਏ-

**ਜਾਤ-ਪਾਤ ਦਾ ਵਿਤਕਰਾ ਅਤੇ ਧਰਮ:** ਵਰਣ ਆਸ਼ਰਮੀ ਮਤ ਨੂੰ ਮੰਨਣ ਵਾਲਾ ਇਨਸਾਨ ਜਾਤ-ਪਾਤ ਦੇ ਆਧਾਰ ਤੇ ਮਨੁੱਖ ਦਾ ਉੱਚਾ ਨੀਵਾਂ ਹੋਣਾ ਮੰਨਦਾ ਹੈ। ਬ੍ਰਾਹਮਣੀ ਮੱਤ ਅਨੁਸਾਰ ਸ਼ੂਦਰ ਸਭ ਤੋਂ ਨੀਵੀਂ ਜਾਤ ਮੰਨੀ ਜਾਂਦੀ ਹੈ ਅਤੇ ਇਸ ਕਰਕੇ ਉਸਨੂੰ ਬ੍ਰਾਹਮਣਾਂ, ਖਤ੍ਰੀਆਂ, ਅਤੇ ਵੈਸ਼ ਦੇ ਕੰਮਾਂ ਤੋਂ ਦੂਰ ਰੱਖਿਆ ਗਿਆ ਹੈ ਜਿਵੇਂ ਕਿ ਪੂਜਾ ਪਾਠ ਕਰਨਾ ਬ੍ਰਾਹਮਣਾਂ ਦਾ ਕੰਮ ਹੈ। ਜੇਕਰ ਕੋਈ ਸ਼ੂਦਰ ਮੰਤ੍ਰ ਸੁਣ ਕੇ ਉਚਾਰਣ ਕਰਨ ਲੱਗ ਪੈਂਦਾ ਸੀ ਤੇ ਸ਼ੀਸ਼ਾ ਪਿਘਲਾ ਕੇ ਉਸਦੇ ਕੰਨਾਂ ਵਿੱਚ ਪਾ ਦਿੱਤਾ ਜਾਂਦਾ ਸੀ ਪਰ ਗੁਰੂ ਅਮਰਦਾਸ ਜੀ ਨੇ ਜਾਤ-ਪਾਤ ਨੂੰ ਮੁੱਢ ਤੋਂ ਹੀ ਨਿਕਾਰ ਦਿੱਤਾ ਅਤੇ ਬਚਨ ਲਾਗੂ ਕਰਵਾ ਦਿੱਤਾ ਕਿ:

**ਪਹਿਲੇ ਪੰਗਤ ਪਾਛੈ ਸੰਗਤ** ਕਿਉਂਕਿ ਜਿਹੜੇ ਪ੍ਰਭੂ ਦੇ ਬਣਾਏ ਹੋਏ ਬੰਦਿਆਂ ਤੋਂ ਹੀ ਨਫਰਤ ਕਰਦੇ ਹਨ ਉਨ੍ਹਾਂ ਨੇ ਸੰਗਤ ਵਿੱਚ ਵੀ ਆ ਕੇ ਕੁਝ ਨਹੀਂ ਸਿਖਣਾ ਕਿਉਂਕਿ ਸੰਗਤ ਵਿੱਚ ਉਹ ਸਿਰਫ ਸੁਣ ਕੇ ਚਲੇ ਜਾਂਦੇ ਹਨ ਪਰ ਅਮਲ ਨਹੀਂ ਕਰਦੇ। ਗੁਰੂ ਅਮਰਦਾਸ ਜੀ ਨੇ ਬੜੇ ਸਪਸ਼ਟ ਲਫਜਾਂ ਵਿੱਚ ਫੁਰਮਾਇਆ ਹੈ:

**ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥1॥ ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥1॥ ਰਹਾਉ॥ (1128)**

**ਭਾਵ:** ਕੋਈ ਭੀ ਧਿਰ (ਉੱਚੀ) ਜਾਤ ਦਾ ਮਾਣ ਨਾ ਕਰਿਓ! ਜਾਤਿ ਦੇ ਆਸਰੇ ਬ੍ਰਾਹਮਣ ਨਹੀਂ ਬਣੀਦਾ ਉਹ ਮਨੁੱਖ ਬ੍ਰਾਹਮਣ ਬਣ ਜਾਂਦਾ ਹੈ ਜਿਹੜਾ ਬ੍ਰਹਮ (ਪ੍ਰਮਾਤਮਾ) ਨਾਲ ਡੂੰਘੀ ਸਾਂਝ ਪਾ ਲੈਂਦਾ ਹੈ।

ਹੇ ਮੂਰਖ! ਹੇ ਗੰਵਾਰ! (ਉੱਚੀ) ਜਾਤਿ ਦਾ ਮਾਣ ਨਾ ਕਰ। ਇਸ ਮਾਣ-ਅਹੰਕਾਰ ਤੋਂ (ਭਾਈਚਾਰਕ ਜੀਵਨ ਵਿੱਚ) ਕਈ ਵਿਗਾੜ ਚਲ ਪੈਂਦੇ ਹਨ। ਰਹਾਉ॥

ਲੰਗਰ ਤਿਆਰ ਕਰਨ ਵਿੱਚ ਹਰ ਕੋਈ ਬਿਨਾਂ ਜਾਤ-ਪਾਤ, ਮਜ਼ਹਬ ਆਦਿ ਦੇ ਵਿਤਕਰਿਆਂ ਦੇ ਸ਼ਾਮਲ ਹੁੰਦਾ ਸੀ। ਛੱਕਣ ਲਈ ਵੀ ਸਾਂਝੀਆਂ ਪੰਗਤਾਂ ਲਗਦੀਆਂ ਸਨ। ਜ਼ਾਤਿ ਅਭਿਮਾਨੀਆਂ ਨੇ ਆਪਣੀਆਂ ਕੀਮਤੀ ਰਾਵਾਂ ਦੇਣ ਦੇ ਨਿਰਾਰਥਕ ਯਤਨ ਜ਼ਰੂਰ ਕੀਤੇ ਕਿ ਚਲੋ ਪੰਗਤ ਵਿੱਚ ਰਲ ਕੇ ਛੱਕ ਲੈਂਦੇ ਹਾਂ। ਪਰ ਅੱਡ ਅੱਡ ਜਾਤਾਂ ਦੀਆਂ ਅੱਡ ਅੱਡ ਪੰਗਤਾਂ ਲਗਵਾ ਦਿੱਤੀਆਂ ਜਾਂਦੀਆਂ ਸਨ ਪਰ ਗੁਰੂ ਅਮਰਦਾਸ ਜੀ ਦੀ ਪਰਬਤ ਵਰਗੀ ਮਜ਼ਬੂਤ ਤੇ ਅਡੋਲ ਸਖਸ਼ੀਅਤ ਸਾਹਮਣੇ ਕਿਸੇ ਦੀ ਕੋਈ ਪੇਸ਼ ਨਾ ਜਾ ਸਕੀ।

**ਅੱਜ ਦੇ ਹਾਲਤਾਂ ਤੇ ਵੀਚਾਰ:** ਅੱਜ ਵੀ ਕਈ ਥਾਵਾਂ ਤੇ ਜਾਤ-ਪਾਤ ਦਾ ਵਿਤਕਰਾ ਚਲ ਰਿਹਾ ਹੈ ਤੇ ਸ਼ੂਦਰਾਂ ਨੂੰ ਹਰੀਜਨ ਕਹਿ ਕੇ ਅੱਡ ਪੰਗਤ ਬਣਾਈ ਜਾਂਦੀ ਹੈ। ਇਹ ਬਾਹਰੋਂ ਸਿੱਖ ਦਾ ਪਹਿਰਾਵਾ ਅਤੇ ਅੰਦਰੋਂ ਬ੍ਰਾਹਮਣੀ ਮੱਤ ਨੂੰ ਮੰਨਣ ਵਾਲਿਆਂ ਦੇ ਵਿਚਾਰ ਹਨ, ਜਿਸ ਤਰ੍ਹਾਂ ਮਹਾਤਮਾ ਗਾਂਧੀ ਨੇ ਸ਼ੂਦਰਾਂ ਨੂੰ ਹਰੀਜਨ ਕਹਿ ਕੇ ਇਹ ਖੇਡ ਖੇਡੀ ਕਿ ਸ਼ੂਦਰ ਆਪਣੇ ਆਪ ਨੂੰ ਸ਼ੂਦਰ ਹੀ ਰੱਖਣ ਅਤੇ ਗੁੱਸਾ ਵੀ ਨਾ ਕਰਨ। ਇਸੇ ਜਾਤ-ਪਾਤ ਨੂੰ ਖਤਮ ਕਰਨ ਲਈ ਸਰੋਵਰ, ਬਾਉਲੀਆਂ ਉਸਾਰੀਆਂ ਗਈਆਂ ਕਿਉਂਕਿ ਖੜੇ ਜਲਾਂ ਵਿੱਚ ਸਭ ਤਰ੍ਹਾਂ ਦੇ ਬੰਦੇ ਇਸ਼ਨਾਨ ਕਰਕੇ ਆਪਣੇ ਜਾਤ-ਪਾਤ ਦੇ ਵਿਤਕਰਿਆਂ ਨੂੰ ਤੋੜਨ ਵਿੱਚ ਕਾਮਯਾਬ ਹੁੰਦੇ ਗਏ ਅਤੇ ਇਸ ਤਰ੍ਹਾਂ ਬ੍ਰਾਹਮਣ ਭਾਉ ਸਾਡੇ ਗਲੋਂ ਲੱਥਦਾ ਗਿਆ।

ਪੁਰਾਤਨ ਰਵਾਇਤ ਹੀ ਆਉਂਦੀ ਹੈ ਕਿ ਚੌਰਾਸੀ ਪਉੜੀਆਂ ਵਾਲੀ ਇਸ ਬਾਉਲੀ ਵਿੱਚ ਇਸ਼ਨਾਨ ਕਰਨ ਵਾਲਾ ਬੰਦਾ ਚੌਰਾਸੀ ਦੇ ਗੇੜ ਵਿਚੋਂ ਨਿਕਲ ਜਾਂਦਾ ਹੈ। ਗੱਲ ਸੌ ਫੀਸਦੀ ਠੀਕ ਹੈ। ਗੁਰਮਤਿ ਨੂੰ ਨਾ ਸਮਝਣ ਵਾਲਾ ਵਰਣ-ਆਸ਼ਰਮੀ ਵਿਤਕਰਿਆਂ ਦਾ ਸ਼ਰਧਾਲੂ ਵਾਸਤਵ ਵਿੱਚ ਚੌਰਾਸੀ ਦਾ ਹੀ ਮੁਥਾਜ ਹੈ ਅਤੇ ਇਸ ਬਾਉਲੀ ਵਿੱਚ ਇਸ਼ਨਾਨ ਕਰਨ ਸਮੇਂ ਇਸ ਚੌਰਾਸੀ ਮੱਤ ਦਾ ਜਾਲ ਕੁਦਰਤੀ ਤੌਰ ਤੇ ਕਟਿਆ ਜਾਂਦਾ ਹੈ ਭਾਵ ਜਾਤ-ਪਾਤ ਦੇ ਬੰਧਨ ਕੱਟੇ ਜਾਂਦੇ ਹਨ।

ਅੱਜ ਲੋੜ ਹੈ ਕਿ ਜਿਥੇ ਦੋ ਤਰ੍ਹਾਂ ਦੀਆਂ ਪੰਗਤਾਂ ਲਗਦੀਆਂ ਹਨ ਉਨ੍ਹਾਂ ਦਾ ਆਪਾਂ ਬਾਈਕਾਟ ਕਰੀਏ। ਹਾਂ ਬਾਈਕਾਟ ਕਰਨ ਵਿੱਚ ਆਪਣਾ ਵਿਰੋਧ ਜ਼ਰੂਰ ਹੋਏਗਾ। ਕਿਉਂਕਿ ਭਗਤ ਕਬੀਰ ਜੀ ਦਾ ਬਚਨ ਹੈ ਜਦੋਂ ਮੇਰੀ ਸਾਂਝ ਇੱਕ ਪ੍ਰਮਾਤਮਾ ਦੇ ਉਪਦੇਸ਼ ਨਾਲ ਬਣੀ ਤਾਂ ਲੋਕ ਦੁੱਖ ਮਨਾਉਂਦੇ ਹੀ ਹਨ ਜਿਹਾ ਕਿ:

**ਜਬ ਹਮ ਏਕੋ ਏਕੁ ਕਰਿ ਜਾਨਿਆ ॥ ਤਬ ਲੋਗਹ ਕਾਹੇ ਦੁਖੁ ਮਾਨਿਆ ॥ (324)**

**ਭਾਵ:** ਜਦੋਂ ਅਸਾਂ (ਭਾਵ, ਮੈਂ) ਇਹ ਸਮਝ ਲਿਆ ਹੈ ਕਿ ਸਭ ਥਾਈਂ ਇੱਕ ਪ੍ਰਮਾਤਮਾ ਹੀ ਵਿਆਪਕ ਹੈ (ਤਾਂ)। ਇਸ ਗੱਲ ਨੂੰ ਲੋਕਾਂ ਨੇ ਮਾੜਾ ਸਮਝਿਆ (ਪਤਾ ਨਹੀਂ) ਇਸ ਗੱਲ ਦਾ ਕਿਉਂ ਦੁੱਖ ਕੀਤਾ।

-0-

ਨੋਟ: ਗੋਇੰਦਵਾਲ ਸਾਹਿਬ ਦੀ ਬਾਉਲੀ 84 ਪੌੜੀਆਂ ਦੀ ਕਦੋਂ ਬਣੀ ਕੋਈ ਪਤਾ ਨਹੀਂ। ਜਦੋਂ ਇਹ ਬਾਉਲੀ ਗੁਰੂ ਸਾਹਿਬ ਦੇ ਸਮੇਂ ਤਿਆਰ ਹੋਈ ਸੀ ਉਸ ਸਮੇਂ ਪਾਣੀ ਦਾ ਪੱਧਰ ਬਹੁਤ ਉੱਚਾ ਸੀ, 84 ਪੌੜੀਆਂ ਦੀ ਕੋਈ ਤੁਕ ਨਹੀਂ ਬਣਦੀ। ਸਮੇਂ ਦੇ ਗੇੜ ਨਾਲ ਪਾਣੀ ਥੱਲੇ ਜਾਂਦਾ ਗਿਆ ਅਤੇ ਪੌੜੀਆਂ ਦੀ ਗਿਣਤੀ 84 ਹੋ ਗਈ ਪਰ ਹੁਣ ਪਾਣੀ ਹੋਰ ਡੂੰਘਾ ਹੋ ਗਿਆ ਹੈ ਜਿਸ ਕਰਕੇ 84 ਦੀ ਗਿਣਤੀ ਪੂਰੀ ਕਰਨ ਵਾਸਤੇ ਪੌੜੀਆਂ ਦਾ ਡਿਜ਼ਾਇਨ ਬਦਲੀ ਕਰਨਾ ਪੈ ਰਿਹਾ ਹੈ।



-ਗੁਰਮਤਿ ਵਿਰਸਾ ਬਿਊਰੋ

# ਸੁਖਮਨੀ: ਚੜ੍ਹਦੀ ਕਲਾ ਦਾ ਮਾਰਗ

**-ਇੰਜੀ: ਜੋਗਿੰਦਰ ਸਿੰਘ 94630-55206**

ਸਿੱਖ ਸਭਿਆਚਾਰ ਅਤੇ ਸਮਾਜਿਕ ਵਿਵਹਾਰ ਦੀ ਅਧੋਗਤੀ ਅਤੇ ਢਹਿੰਦੀਆਂ-ਕਲਾਂ ਦਾ ਸ਼ਾਹਾਨਾ ਪ੍ਰਦਰਸ਼ਨ ਵੇਖਿਆ ਜਾ ਸਕਦਾ ਹੈ, ਉਸ ਘਟਨਾ ਵਿਚੋਂ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਸਮੇਂ, ਚਾਰ ਹਿੰਦੂ ਰਾਣੀਆਂ ਅਤੇ ਸੱਤ ਨੌਕਰਾਣੀਆਂ, ਉਸ ਦੀ ਬਲਦੀ ਚਿਖਾ; 'ਤੇ ਨਾਲ ਹੀ ਸਤੀ ਹੋਈਆਂ, ਜਿਸ ਰੀਤੀ ਦੀ ਗੁਰੂ ਸਾਹਿਬਾਨ ਅਤੇ ਗੁਰਬਾਣੀ ਸਪੱਸ਼ਟ ਰੂਪ ਵਿੱਚ ਨਿਖੇਧੀ ਅਤੇ ਮਨਾਹੀ ਕਰਦੀ ਹੈ।

ਖਾਲਸਾ ਰਾਜ ਦੇ ਹੁਕਮਰਾਨਾਂ ਵਿੱਚ ਸਿੱਖੀ ਕਿਰਦਾਰ ਅਤੇ ਰਹਿਤ-ਬਹਿਤ ਦੀ ਘਾਟ, ਬੁਧਿ-ਬਿਬੇਕ ਵਿੱਚ ਖੋਟ ਅਤੇ ਆਪਸੀ ਰਿਸ਼ਤਿਆਂ ਵਿੱਚ ਵਿਸਾਹ ਅਤੇ ਭਰੋਸੇ ਦੀ ਘਾਟ ਨੇ ਬਾਹਰਲੇ ਬਹੁਰੂਪੀਆਂ ਦੀਆਂ ਸਾਜਿਸ਼ਾਂ ਨੂੰ ਸੌਖਾ ਬਣਾ ਦਿੱਤਾ ਸੀ ਤੇ ਵਿਦੇਸ਼ੀ ਫਿਰੰਗੀਆਂ ਨੇ ਵਸਦੇ-ਰਸਦੇ ਪੰਜਾਬ ਨੂੰ ਗੁਲਾਮੀ ਦੀਆਂ ਬੇੜੀਆਂ'ਚ ਜਕੜ ਲਿਆ। ਨਾ ਕੇਵਲ ਸਿੱਖ ਰਾਜ ਸਮੇਂ ਦੁਨਿਆਵੀਂ ਲਾਲਚਾਂ ਵੱਸ ਬਣੀਆਂ **ਸਿੱਖ-ਸੰਗਤਾਂ** ਵਾਪਸ ਆਪਣੇ ਵਤਨਾਂ ਨੂੰ ਪਰਤ ਗਈਆਂ, ਬਲਕਿ ਵੱਡੇ-ਵੱਡੇ ਰਈਸ ਸਿੱਖ-ਘਰਾਣਿਆਂ ਦਾ ਰੁੱਖ ਵੀ ਈਸਾਈ ਧਰਮ ਵੱਲ ਹੋ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਦੀ ਸਿੱਖਾਂ ਦੀ ਇੱਕ ਕਰੋੜ ਦੀ ਆਬਾਦੀ ਸੰਨ 1868 ਈ: ਦੀ ਜਨ-ਗਣਨਾ ਅਨੁਸਾਰ ਘਟ ਕੇ, ਪੂਰੇ ਪੰਜਾਬ ਭਾਵ ਸਤਲੁਜੋਂ ਪਾਰ ਦੀਆਂ ਰਿਆਸਤਾਂ ਸਮੇਤ ਗਿਆਰਾਂ ਲੱਖ, ਚਾਲੀ ਹਜ਼ਾਰ ਰਹਿ ਗਈ ਅਤੇ ਸਰਕਾਰੀ ਰਿਪੋਰਟਾਂ ਅਨੁਸਾਰ ਸਿੱਖ ਧਰਮ ਬੜੀ ਤੇਜ਼ੀ ਨਾਲ ਨਿਘਾਰ ਵੱਲ ਵੱਧ ਰਿਹਾ ਸੀ। ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਹਫੜਾ-ਦਫੜੀ ਵਿੱਚ ਆਪਣੀ ਪਛਾਣ ਬਣਾਏ ਰੱਖਣ ਦੇ ਘੋਰ ਸੰਕਟ ਨੇ ਸਿੱਖ ਧਰਮ ਦੀਆਂ ਸੰਸਥਾਵਾਂ ਤੇ ਸੱਭਿਆਚਾਰਕ ਤਾਣੇ-ਬਾਣੇ ਦੀਆਂ ਚੂਲਾਂ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਈਸਾਈ ਪਾਦਰੀਆਂ ਨੇ ਲਾਹੌਰ, ਅੰਮ੍ਰਿਤਸਰ, ਕਪੂਰਥਲਾ ਤੇ ਲੁਧਿਆਣਾ ਵਰਗੇ ਸ਼ਹਿਰਾਂ'ਚ ਆਪਣਾ ਜਾਲ ਖਿਲਾਰਨਾ ਸ਼ੁਰੂ ਕਰ ਦਿੱਤਾ ਸੀ। ਪੂਰਬੀ ਭਈਆਂ ਅਤੇ ਉੱਤਰੀ ਡੋਗਰਿਆਂ ਦੀ ਚਾਣਕਿਆ ਨੀਤੀ ਸਦਕਾ, ਸਿੱਖ ਗੁਰਦੁਆਰਿਆਂ ਦੀਆਂ ਪਵਿੱਤਰ ਪਰਿਕਰਮਾ ਅਤੇ ਚੌਗਿਰਦਿਆਂ ਵਿੱਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਪਹਿਲਾਂ ਹੀ ਪਹੁੰਚਾਈਆਂ-ਸਜਾਈਆਂ ਜਾ ਚੁੱਕੀਆਂ ਸਨ।

ਅਜਿਹੇ ਅਣਕਿਆਸੇ ਡਾਵਾਂ-ਡੋਲ ਤੇ ਆਪੋ-ਧਾਪੀ ਦੇ ਸਵਾਰਥੀ ਵਾਤਾਵਰਣ ਦੇ ਸਨਮੁਖ ਧਰਮ ਅਤੇ ਸਭਿਆਚਾਰ ਉੱਤੇ ਕੀਤੇ ਜਾ ਰਹੇ ਹੱਲਿਆਂ ਨੂੰ ਠੱਲ੍ਹ ਪਾਉਣ ਵਿੱਚ, ਰਾਵਲਪਿੰਡੀ ਵਾਲੇ ਨਿਰੰਕਾਰੀ-ਦਰਬਾਰ ਨਾਲ ਜੁੜੇ ਗੁਰਸਿੱਖਾਂ ਅਤੇ ਬਾਬਾ ਰਾਮ ਸਿੰਘ ਜੀ ਦੀ ਨਾਮਧਾਰੀ ਲਹਿਰ ਦਾ ਵੱਡਮੁੱਲਾ ਯੋਗਦਾਨ ਹੈ। ਅੰਮ੍ਰਿਤਸਰ ਤੇ ਲਾਹੌਰ ਵਿਚਲੀਆਂ ਸਿੰਘ ਸਭਾਵਾਂ ਨੇ ਸਿੱਖ ਰਵਾਇਤਾਂ, ਸਿਧਾਂਤਾਂ, ਰੀਤਾਂ-ਰਸਮਾਂ ਤੇ ਆਚਰਣਕ ਸੁਧਾਰਾਂ ਨੂੰ ਪੁਨਰ-ਸੁਰਜੀਤ ਕਰਦਿਆਂ, ਬੇਦੀਆਂ, ਸੋਢੀਆਂ, ਬ੍ਰਾਹਮਣਾਂ ਤੇ ਮਹੰਤਾਂ ਦੇ ਪਾਖੰਡਾਂ ਨੂੰ ਧੜੱਲੇ ਨਾਲ ਸੰਗਤਾਂ ਵਿੱਚ ਨਸ਼ਰ ਕੀਤਾ ਅਤੇ ਸਾਧਾਰਣ ਗਰੀਬ ਸਿੱਖਾਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਗੁਰੂ ਦੇ ਲੜ ਲਾਉਣ ਹਿੱਤ ਵਿਸ਼ੇਸ਼ ਦ੍ਰਿੜਤਾ ਨਾਲ ਵੱਡੀਆਂ ਲਹਿਰਾਂ ਵਿੱਚ ਆਪਣਾ ਸਮੁੱਚਾ ਜੀਵਨ ਅਰਪਣ ਕਰ ਦਿੱਤਾ। ਪ੍ਰੋਫੈਸਰ ਗੁਰਮੁਖ ਸਿੰਘ, ਪ੍ਰੋ: ਗਿਆਨੀ ਦਿੱਤ ਸਿੰਘ, ਭਾਈ ਤਖ਼ਤ ਸਿੰਘ ਜ਼ਿੰਦਾ ਸ਼ਹੀਦ, ਭਾਈ ਮਈਆ ਸਿੰਘ, ਭਾਈ ਜਵਾਹਰ ਸਿੰਘ ਆਦਿ ਸ਼ਾਸਤ੍ਰਾਰਥ ਅਤੇ ਡਟਵੀਆਂ ਪ੍ਰਚਾਰਕ ਗਤੀਵਿਧੀਆਂ ਵਿੱਚ ਜਾਣ ਹੂਲ ਕੇ ਕੁੱਦ ਪਏ। **ਖਾਲਸਾ ਐਡਵੋਕੇਟ** ਅਖਬਾਰ ਅਤੇ **ਖਾਲਸਾ ਟ੍ਰੈਕਟ ਸੁਸਾਇਟੀ** ਰਾਹੀਂ ਭਾਈ ਵੀਰ ਸਿੰਘ, ਵੈਦ ਭਾਈ ਮੋਹਨ ਸਿੰਘ ਵੈਦ ਅਤੇ ਬਾਬੂ ਤੇਜਾ ਸਿੰਘ ਓਵਰਸੀਅਰ ਹੁਰਾਂ ਆਪਣੀਆਂ ਲਿਖਤਾਂ ਵਿੱਚ ਧਾਰਮਿਕ, ਸਮਾਜਿਕ, ਸਦਾਚਾਰਕ, ਆਰਥਿਕ ਤੇ ਵਿਦਿਅਕ ਖੇਤਰਾਂ ਦੀਆਂ ਸਮੱਸਿਆਵਾਂ ਅਤੇ ਸਾਧਨਾਂ-ਸਮਾਧਾਨਾਂ ਸੰਬੰਧੀ ਆਮ ਸਿੱਖ-ਸੰਗਤਾਂ ਨੂੰ ਵੱਡਮੁੱਲੀ ਜਾਣਕਾਰੀ ਦਿੱਤੀ ਅਤੇ ਉਤਸ਼ਾਹ ਭਰਪੂਰ ਮਾਹੌਲ ਦੀ ਪੁਨਰ-ਸਿਰਜਣਾ ਕੀਤੀ।

ਇਨ੍ਹਾਂ ਨਵ-ਜਾਗ੍ਰਿਤੀ ਤੇ ਕੌਮੀ ਨਵ-ਉਸਾਰੀ ਦੇ ਪ੍ਰਕਾਰਜਾਂ ਵਿੱਚ ਪੰਜਵੇਂ ਨਾਨਕ ਧੰਨ ਗੁਰੂ ਅਰਜੁਨ ਸਾਹਿਬ ਜੀ ਦੀ ਸਰਲ-ਸੁਖੈਨ, ਸਾਦਾ-ਸਪਾਟ, ਮੂਲਕ-ਤੱਥਾਂ ਤੋਂ ਤਦਬੀਰਾਂ ਸੁਝਾਉਂਦੀ ਅਤੇ ਸਾਰਥਕ-ਤਰਜੀਹਾਂ ਤੋਂ ਨਿਸ਼ਚਤ-ਤਕਦੀਰਾਂ ਘੜਦੀ ਸ਼ਾਹਕਾਰ ਰਚਨਾ **ਸੁਖਮਨੀ** ਦਾ ਵਿਸ਼ੇਸ਼ ਮਹੱਤਵਪੂਰਨ ਸਥਾਨ, ਲੋਕ-ਮਾਨਸਿਕਤਾ'ਚ ਉਜਾਗਰ ਹੋਇਆ। ਗੁਰਦੁਆਰਿਆਂ ਵਿੱਚ ਅੰਮ੍ਰਿਤ ਵੇਲੇ **ਸੁਖਮਨੀ ਸਾਹਿਬ** ਜੀ ਦਾ ਪਾਠ ਸਤਿਗੁਰੂ ਜੀ ਦੇ ਓਟ-ਆਸਰੇ ਦਾ ਚਿੰਨ੍ਹ ਬਣ ਗਿਆ ਅਤੇ ਦੁਪਹਿਰੋਂ ਬਾਅਦ ਇਸਤਰੀ-ਸਤਿਸੰਗਾਂ ਵਿਚਲੀ ਨਿਵੇਕਲੀ ਮੌਲਿਕ ਰੀਤਿ ਵਿੱਚ ਸਮੂਹਿਕ ਗਾਈ ਜਾਣ ਵਾਲੀ **ਸੁਖਮਨੀ** ਨੇ ਸਿੱਖ-ਚੇਤਨਾ ਵਿੱਚ **ਚੜ੍ਹਦੀਆਂ-ਕਲਾਂ** ਜਗਾਉਂਦੀ ਨਵੀਂ ਰੂਹ ਦਾ ਸੰਚਾਰ ਕਰ ਦਿੱਤਾ।

ਇੰਝ ਪ੍ਰਤੀਤ ਹੁੰਦਾ ਹੈ ਕਿ ਮਾਯੂਸ ਤੇ ਨਿਰਾਸ਼ ਹੋਈਆਂ ਸਿੱਖ ਸੰਗਤਾਂ ਨੂੰ **ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥** ਨੇ ਨਵੀਂ ਜ਼ਿੰਦਗੀ ਦੀਆਂ ਨਵ-ਉਸਾਰੀਆਂ ਵਾਸਤੇ ਲੋੜੀਂਦੀਆਂ ਸਮੂਹਿਕ ਕਾਰ-ਸੇਵਾਵਾਂ ਵਿੱਚ ਤਨੋਂ-ਮਨੋਂ ਗਲਤਾਨ ਕਰ ਦਿੱਤਾ ਹੋਵੇ-ਨਵੀਆਂ ਉਮੀਦਾਂ, ਨਵੀਆਂ ਆਸਾਂ, ਆਪਣੀ ਹੋਣੀ ਨੂੰ ਆਪੂੰ ਸਿਰਜਣ ਦੀਆਂ ਪ੍ਰਭੂ ਸਿਮਰਨ ਵਿੱਚ ਜੁੜ ਕੇ, ਸਿਮਰ-ਸਿਮਰ ਕੇ ਸੁੱਖ ਪਾਉਣ ਦਾ ਚਾਉ, ਨਿੰਜੀ ਤੇ ਆਪਸੀ ਕਲਹ-ਕਲੇਸਾਂ ਨੂੰ ਮੂਲੋਂ ਮਿਟਾ ਸੁੱਟਣ ਦਾ ਸੱਜਰਾ ਉਮਾਹੁ-ਸਿਮਰਉਂ! ਸਿਮਰਉਂ! ਸਿਮਰਉਂ! ਜਿਸ ਨੂੰ ਵੇਦਾਂ ਪੁਰਾਣਾਂ, ਸਿਮ੍ਰਤੀਆਂ ਤੇ ਹੋਰ ਅਨੇਕਾਂ ਨੇ ਸਿਮਰਿਆ ਅਤੇ ਜਿਸ ਦੇ ਸਿਮਰਨ ਨਾਲ ਦੁੱਖ ਨਹੀਂ ਪਹੁੰਚਦੇ, ਮੌਤ ਨਹੀਂ ਡਰਾਉਂਦੀ, ਰੁਕਾਵਟਾਂ-ਔਕੜਾਂ ਦੂਰ ਹੋ ਜਾਂਦੀਆਂ ਨੇ ਤੇ ਦੁਸ਼ਮਣ ਸ਼ਕਤੀਆਂ ਟਲ ਜਾਂਦੀਆਂ ਨੇ, ਸਾਰੇ ਡਰਾਂ-ਭੈਆਂ ਤੋਂ ਮੁਕਤ ਹੋ ਕੇ ਮਨੁੱਖ **ਰਿਧਿ ਸਿਧਿ ਨਉ ਨਿਧਿ ॥** ਅਤੇ **ਗਿਆਨੁ ਧਿਆਨੁ ਤਤੁ ਬੁਧਿ॥** ਨੂੰ ਪ੍ਰਾਪਤ ਕਰ ਸਕਦਾ ਹੈ, ਉਸ **ਬਿਸੰਭਰ** ਜਗਤ ਦੇ ਮਾਲਕ-ਪਾਲਕ ਵਾਹਿਗੁਰੂ ਨੂੰ ਮੈਂ ਵੀ ਸਿਮਰਾਂ।

ਸਾਡਾ ਰਾਜ-ਬਾਗ ਖੁੱਸ ਗਿਆ, ਸਾਹਿਬੀ-ਸਲਾਮੀ ਜਾਂਦੀ ਰਹੀ, ਠਾਠ-ਬਾਠ ਮੁੱਕ ਗਏ, ਫਤਹਿਯਾਬੀਆਂ ਕੇਵਲ ਕਹਾਣੀਆਂ ਬਣ ਗਈਆਂ, ਚੜ੍ਹਤਾਂ, ਧੌਂਸੇ, ਨਗਾਰੇ ਚੁੱਪ ਹੋ ਗਏ ਤੇ ਪੱਲੇ ਪੈ ਗਈਆਂ ਗੁਲਾਮੀਆਂ, ਬਦਹਵਾਸੀਆਂ, ਮੁਹਤਾਜੀਆਂ ਤੇ ਸ਼ਰਮਿੰਦਗੀਆਂ-ਕਿਉਂਕਿ ਅਸੀਂ ਪ੍ਰਭੂ ਸਿਮਰਨ ਤੋਂ ਦੂਰ, ਭਟਕ ਗਏ ਸਾਂ, ਵਿਛੜ ਗਏ ਸਾਂ ਤਾਂ ਹੀ ਚੋਟਾਂ ਖਾ ਰਹੇ ਹਾਂ। ਸਾਡੀ **ਸੁਖਮਨੀ ਸਾਹਿਬ** ਤਾਂ ਪੁਕਾਰ-ਪੁਕਾਰ ਕੇ ਉੱਚਾ ਬੁਲੰਦ ਹੋਕਾ ਦੇ ਰਹੀ ਹੈ, ਐਲਾਨ ਕਰ ਰਹੀ ਹੈ, ਬਾਰੰਬਾਰ ਯਕੀਨਦਹਾਨੀ ਦੁਹਰਾ ਰਹੀ ਹੈ ਕਿ

**ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥**
**ਪ੍ਰਭ ਕੈ ਸਿਮਰਨਿ ਪੂਰਨ ਆਸਾ ॥**

**ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥**
**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥**
**ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥**
**ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥**

**ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥**
**ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥**

**ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥**
**ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥**
**(263)** ਇਤਿਆਦਿਕ

ਇਸੇ ਸੰਦਰਭ ਵਿੱਚ ਉੱਨੀ ਸੌ ਸੰਤਾਲੀ ਦੀ

ਦੇਸ਼-ਵੰਡ ਤੋਂ ਬਿਲਕੁਲ ਪਹਿਲੇ ਤੇ ਕੁਝ ਮਗਰਲੇ ਸਮੇਂ ਨਾਲ ਜੁੜੀਆਂ ਘਟਨਾਵਾਂ ਮੇਰੇ ਸਾਹਵੇਂ ਆ ਖਲੋਂਦੀਆ ਹਨ। ਮੈਂ, ਮਾਂ-ਮਹਿਟਰ ਨੂੰ, ਭੈਣ ਗੁਰਦੇਈ ਆਪਣੇ ਬੱਚੇ ਵਜੋਂ ਪਾਲਣਾ ਕਰ ਰਹੀ ਸੀ, ਉਦੋਂ ਮਸਾਂ ਛੇਵੇਂ ਵਰ੍ਹੇ'ਚ ਪੈਰ ਧਰ ਰਿਹਾ ਸਾਂ, ਹੁਣੇ-ਹੁਣੇ ਸਕੂਲੇ ਪੜ੍ਹਨ ਪਾਇਆ ਗਿਆ ਸੀ, ਕਦੇ ਗਿਆ ਤੇ ਕਦੇ ਨਾ ਗਿਆ, ਬੱਚਿਆਂ ਵਾਲੇ ਖੇਡਣ ਦੇ ਦਿਨ-ਤੇ ਇੱਕ ਦਿਨ ਤਤ-ਫਟ ਅਸੀਂ ਪਿਸ਼ਾਵਰ ਸ਼ਹਿਰ ਵਿਚਲੇ ਦੁਮੰਜ਼ਿਲੇ ਘਰ ਨੂੰ ਜਿੰਦਰਾ ਮਾਰ ਕੇ ਭਾਈ ਜੋਗਾ ਸਿੰਘ ਜੀ ਦੇ ਨਾਂ ਉੱਤੇ ਬਣੇ ਵੱਡੇ ਗੁਰਦੁਆਰੇ ਆਣ ਪਨਾਹ ਲਈ। ਪਾਕਿਸਤਾਨ ਬਣ ਜਾਣ ਦਾ ਐਲਾਨਨਾਮਾ ਹੋ ਗਿਆ ਸੀ, ਇਲਾਕੇ ਵਿੱਚ ਫਸਾਦ ਸ਼ੁਰੂ ਹੋ ਗਏ ਸਨ ਤੇ ਹਿੰਦੂ-ਸਿੱਖਾਂ ਨੂੰ ਲੁੱਟਣ ਤੇ ਮਾਰ-ਮੁਕਾਉਣ ਦੀਆਂ ਖਬਰਾਂ ਨਾਲ ਸਿੱਖ-ਭਾਈਚਾਰੇ ਨੂੰ ਗੁਰਧਾਮਾਂ ਦੀਆਂ ਚਾਰ ਦੀਵਾਰੀਆਂ ਦੇ ਅੰਦਰਵਾਰ, ਆਣ ਇਕੱਠੇ ਹੋਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ ਸੁੱਝ ਰਿਹਾ। ਸੰਘਣੀ ਆਬਾਦੀ ਵਿੱਚ ਉਸਾਰੇ ਗਏ ਇਸ ਆਲੀਸ਼ਾਨ ਗੁਰਦੁਆਰੇ ਦੀਆਂ ਬਾਹਰਲੀਆਂ ਦੀਵਾਰਾਂ ਨੂੰ ਦਿਨ ਰਾਤ ਇੱਕ ਕਰਕੇ ਹੋਰ ਮਜਬੂਤ ਅਤੇ ਹਥਿਆਰਬੰਦ ਚੌਕਸੀ ਨਾਲ ਲੈਸ ਕਰ ਦਿੱਤਾ ਗਿਆ। ਅੰਮ੍ਰਿਤ ਵੇਲੇ ਦੇ ਨਿਤਨੇਮ ਕੀਰਤਨ-ਕਥਾ ਤੋਂ ਬਾਅਦ ਸੰਗਤਾਂ ਵਿੱਚ ਅਖਬਾਰੀ ਤੇ ਰੇਡੀਓ-ਸਮਾਚਾਰਾਂ ਬਾਰੇ ਭਖਵੀਆਂ ਲੰਬੀਆਂ ਵਿਚਾਰ-ਚਰਚਾਵਾਂ ਛਿੜੀਆਂ ਰਹਿੰਦੀਆਂ, ਰੋਜ਼-ਰੋਜ਼ ਗੁਰੂ ਘਰ ਵਿੱਚ ਕੁਝ ਨਵੇਂ ਸ਼ਾਮਿਲ ਹੋਏ ਗੁਰਸਿੱਖ ਪਰਿਵਾਰਾਂ ਦੀਆਂ ਹੱਡ-ਬੀਤੀਆਂ ਧਿਆਨ ਨਾਲ ਵਾਰੋ-ਵਾਰੀ ਸੁਣੀਆਂ ਜਾਂਦੀਆਂ ਤੇ ਨਾਲੋ-ਨਾਲ ਸਤਿਨਾਮ-ਵਾਹਿਗੁਰੂ ਦੀ ਜਾਪੁ-ਧੁਨੀ ਦੀ ਲੈ ਵਿੱਚ ਬੰਨ੍ਹੀ-ਗੁੰਨ੍ਹੀ ਹੋਈ, ਗੁਰੂ ਕੇ ਲੰਗਰਾਂ ਦੀ ਸੇਵਾ ਵੀ ਪੂਰੇ ਜੋਸ਼ ਤੇ ਹੁਲਾਸ ਵਿੱਚ ਚਲਦੀ ਰਹਿੰਦੀ ਸੀ। ਸ਼ਾਇਦ ਸਾਰਿਆਂ ਨੂੰ ਅਜਿਹੇ ਮਜ਼ਬੀ ਕਤਲੋਗਾਰਤ ਵਿਚੋਂ ਬਚ ਨਿਕਲਣ ਦੀ ਉਮੀਦ ਨਹੀਂ ਸੀ ਦਿਸਦੀ, ਤਾਂਹੀਏ ਗੁਰੂ ਕੇ ਲੰਗਰਾਂ ਵਿੱਚ ਨਿੱਤ ਨਵੇਂ ਸਵਾਦਲੇ ਭੋਜਨਾਂ ਅਤੇ ਪਕਵਾਨਾਂ ਨੂੰ ਗੁਰੂਆਂ ਕੀਆਂ ਖੁਸ਼ੀਆਂ ਮੰਨ ਕੇ ਵਰਤਾਇਆ ਜਾਂਦਾ ਸੀ, ਹਰ ਕੋਈ ਆਪਣੀ ਜਮ੍ਹਾਂ ਕੀਤੀ ਰਾਸ-ਪੂੰਜੀ'ਚੋਂ ਗੁਰ-ਭਾਈਆਂ ਨਾਲ ਰਲ ਕੇ ਵੰਡ-ਛਕਣਾ ਆਪਣੀ ਚੰਗੀ ਕਿਸਮਤ ਸਮਝਦਾ ਸੀ, ਪਤਾ ਨਹੀਂ ਕਿਸ ਵੇਲੇ ਕੀ ਭਾਣਾ ਵਰਤ ਜਾਏ।

ਦੁਪਹਿਰ ਦੇ ਖਾਉ-ਪੀਉ ਮਗਰੋਂ, ਥੋੜੇ ਚਿਰ ਦੇ ਹੀ ਆਰਾਮ ਪਿਛੋਂ ਆਪੋ-ਆਪਣੀਆਂ ਨਿੱਕੀਆਂ-ਵੱਡੀਆਂ ਟੋਲੀਆਂ ਜਾਂ ਜੋਟੀਆਂ ਬਣਾ ਕੇ, ਵਿਸ਼ੇਸ਼ ਕਰ ਮਾਈਆਂ-ਭੈਣਾਂ ਨੇ ਸੁਖਮਨੀ ਸਾਹਿਬ ਦੇ ਪਾਠਾਂ ਦਾ ਸਿਲਸਿਲਾ ਸ਼ੁਰੂ ਕਰ ਦੇਣ ਨੂੰ ਆਪਣਾ ਨਿਤ-ਕਰਮ ਬਣਾ ਲਿਆ ਸੀ। ਕਈ ਬਜ਼ੁਰਗ, ਬੱਚਿਆਂ ਨੂੰ ਪਾਠ-ਸਿਖਾਲਣ ਜਾਂ ਉਨ੍ਹਾਂ ਨੂੰ ਸ਼ੋਰ-ਸ਼ਰਾਰਤਾਂ ਕਰਨੋਂ ਹਟਾਉਣ ਵਿੱਚ ਮਸਰੂਫ ਰਹਿੰਦੇ ਤੇ ਬਾਕੀ ਬੰਦੇ ਪਤਾ ਨਹੀਂ ਕਿਹੜੀ-ਕਿਹੜੀ ਨੱਠ ਭੱਜ ਵਿੱਚ ਰੁੱਝੇ ਰਹਿੰਦੇ, ਮੈਨੂੰ ਕੋਈ ਯਾਦ ਨਹੀਂ। ਪਰ ਇਹ ਪੱਕੀ ਤਰ੍ਹਾਂ ਆਖ ਸਕਦਾ ਹਾਂ ਕਿ ਮੈਂ ਕਿਸੇ ਨੂੰ ਨਮੋਸ਼ੀ, ਨਿਮੋਝੂਣਤਾ ਜਾਂ ਦਿਲਗੀਰੀ ਵਿੱਚ ਨਹੀਂ ਤੱਕਿਆ। ਉਤਸ਼ਾਹ, ਹੌਸਲਾ, ਬੇਪਰਵਾਹੀ ਤੇ ਗੁਰੂ ਦਾ ਓਟ ਆਸਰਾ ਜਿਵੇਂ ਸਾਰਿਆਂ ਪਾਸੇ ਪਸਰ ਰਿਹਾ ਹੋਵੇ। ਮੋਟੇ ਤੌਰ'ਤੇ ਬੱਸ ਦੋ ਹੀ ਗੱਲਾਂ ਅਜੇ ਤੱਕ ਮੈਨੂੰ ਨਹੀਂ ਭੁੱਲੀਆਂ, ਮਨ-ਭਾਉਂਦਾ ਖਾਣ-ਪਾਣ ਤੇ ਚਾਉਂ-ਚਾਈਂ ਆਸ-ਭਰੋਸੇ'ਚ ਕੀਤਾ ਜਾਂਦਾ ਸੁਖਮਨੀ ਸਾਹਿਬ ਦਾ ਪਾਠ, ਜਿਸਦੇ ਵਿੱਚ-ਵਿੱਚ ਕੁਝ ਪੰਕਤੀਆਂ ਨੂੰ ਵਿਸ਼ੇਸ਼ ਧਾਰਨਾ ਨਾਲ ਗਾਵਿਆ ਜਾਂਦਾ ਸੀ:

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ (262)**

ਤੇ ਫਿਰ ਜਦੋਂ ਸਰਕਾਰ ਵਲੋਂ ਸਪੈਸ਼ਲ ਟ੍ਰੇਨ ਦਾ ਬੰਦੋਬਸਤ ਹੋਇਆ ਤਾਂ ਰੇਲਵੇ ਸਟੇਸ਼ਨ ਤੋਂ ਅੰਮ੍ਰਿਤਸਰ ਪਹੁੰਚਣ ਲਈ ਰਸਤੇ ਵਿੱਚ ਦੋ ਪੂਰੀਆਂ ਰਾਤਾਂ ਦੌਰਾਨ, ਉਜਾੜ-ਬੀਆਬਾਨ ਵਿੱਚ ਰੇਲ ਗੱਡੀ ਖੜ੍ਹੀ ਕਰਕੇ ਡੱਬਿਆਂ ਦੀਆਂ ਲਾਈਟਾਂ ਬੁਝਾਅ ਦਿੱਤੀਆਂ ਜਾਂਦੀਆਂ ਤੇ ਇੰਜਨ ਜ਼ੋਰ-ਸ਼ੋਰ ਦੀਆਂ ਲੰਮੀਆਂ ਸੀਟੀਆਂ ਮਾਰਦਾ, ਲੋਕੀਂ ਆਖਣ ਕਿ ਨੇੜੇ ਦੇ ਪਿੰਡ'ਚ ਮੁਸਲਮਾਨਾਂ ਨੂੰ ਖੁਲ੍ਹਾ ਬੁਲਾਵਾ ਦੇਂਦਾ ਹੈ ਕਿ ਆਓ ਤੇ ਸਿੱਖਾਂ ਨੂੰ ਵੱਢ ਸੁੱਟੋ; ਸੰਗਤਾਂ ਜੋਟੀਆਂ ਵਿੱਚ ਸ਼ਬਦ ਪੜ੍ਹਨ ਲਗਦੀਆਂ ਜਾਂ ਸਤਿਨਾਮ-ਵਾਹਿਗੁਰੂ ਦਾ ਜਾਪੁ-ਜਿਵੇਂ ਆਪਣੀ ਅੰਤਿਮ ਅਰਦਾਸ ਆਪੂੰ ਹੀ ਕਰਨੀ ਹੋਵੇ-ਜਿਵੇਂ ਸੁਖਮਨੀ ਨੇ ਆਪਣੇ ਨਾਮੁ-ਲੇਵਿਆਂ ਦੇ ਅੰਤਰੀਵ ਨੂੰ ਮ੍ਰਿਤੂ-ਭੈਅ ਤੋਂ ਖਾਲੀ ਕਰਕੇ, ਸਹਜ-ਸੁਖ ਦੀ ਦਾਤ ਨਾਲ ਨਿਵਾਜ ਦਿੱਤਾ ਹੋਵੇ-ਜਿਵੇਂ ਉਹਨਾਂ ਲਈ ਹੁਣ ਜੀਵਨ-ਮਰਨ ਦੀਆਂ ਸਰਹੱਦਾਂ ਗੁਰੂ-ਭਗਤੀ ਪ੍ਰਤੀ ਸ਼ਰਧਾ-ਭਰੋਸੇ ਵਿੱਚ ਵਿਲੀਨ ਹੋ ਗਈਆਂ ਹੋਵਣ:

**ਆਵਨ ਜਾਨੁ ਇਕੁ ਖੇਲੁ ਬਨਾਇਆ ॥**
**ਆਗਿਆਕਾਰੀ ਕੀਨੀ ਮਾਇਆ ॥**
ਅਤੇ
**ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥**
**ਜੈਸੀ ਆਗਿਆ ਤੈਸਾ ਕਰਮੁ ॥ (294)**

**ਜੋ ਹੋਆ ਹੋਵਤ ਸੋ ਜਾਨੈ ॥**
**ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ (296)**

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥**
**(394)**

ਗੁਰੂ ਮਿਹਰ ਸਦਕਾ ਅਸੀਂ ਸੁਖਾਲੀ-ਸੁਆਸੀਂ ਹਿੰਦੋਸਤਾਨ ਅੱਪੜ ਗਏ, ਪਰ ਜਿਹੜੀਆਂ ਗੱਡੀਆਂ ਦੇ ਬੇਦੋਸ਼ੇ ਮੁਸਾਫਰਾਂ ਨੂੰ ਫਿਰਕਾਪ੍ਰਸਤੀ ਦੇ ਦੈਂਤ ਨੇ ਨਿਗਲ ਲਿਆ, ਉਨ੍ਹਾਂ ਮਾਸੂਮਾਂ ਦੀਆਂ ਚੀਸਾਂ ਚੀਕ-ਚਿਹਾੜਿਆਂ, ਕੀਰਨਿਆਂ-ਕੁਰਲਾਹਟਾਂ ਦਰਦਾਂ ਤੇ ਵਿਰਲਾਪਾਂ ਦਾ ਅੰਦਾਜ਼ਾ, ਅਜੋਕੇ ਸਮੇਂ ਦਾ ਪਾਠਕ ਸ਼ਾਇਦ ਨਾ ਲਗਾ ਸਕੇ।

ਘਰ ਨਾ ਘਾਟ, ਬੇ-ਸਰੋ ਸਾਮਾਨ ਉਜੜੇ-ਪੁਜੜੇ ਰਿਫ੍ਯੂਜੀਆਂ ਦੀ ਸਭ ਤੋਂ ਵੱਡੀ ਆਸ-ਉਮੀਦ ਵਾਹਿਗੁਰੂ ਜੀ ਦੀ ਮਿਹਰਾਮਤ ਹੀ ਸੀ। ਮਨੁੱਖੀ ਵਿਵਹਾਰ ਦਾ ਇਤਿਹਾਸ ਵੀ ਇਹੋ ਦਰਸਾਂਦਾ ਹੈ ਕਿ ਅਤਿ ਦੀਆਂ ਔਕੜਾਂ ਸਮੇਂ ਰੱਬੀ-ਹੋਂਦ ਤੇ ਓਸ ਦੀ ਰਹਿਮਤ ਪ੍ਰਤੀ ਮਾਨਵ ਦੀ ਆਸਥਾ ਤੇ ਵਿਸ਼ਵਾਸ਼ ਉਸੇ ਅਨੁਪਾਤ ਨਾਲ ਵਧ ਜਾਂਦਾ ਹੈ। ਘਰ-ਪਰਿਵਾਰਾਂ ਅੰਦਰ ਪਾਠ-ਪੂਜਾ ਦਾ ਰੁਝਾਨ ਵਧ ਗਿਆ, ਮਹੱਲਿਆਂ ਦੇ ਗੁਰਦੁਆਰਿਆਂ ਵਿੱਚ ਸੁਖਮਨੀ ਸਾਹਿਬ ਸੁਸਾਇਟੀਆਂ ਬਣ ਗਈਆਂ ਜਿਨ੍ਹਾਂ ਨੇ ਹੌਲੀ-ਹੌਲੀ ਪਰਸਪਰ ਸਹਿਯੋਗ ਸਦਕਾ ਸ਼ਹਿਰੀ ਤੇ ਸ਼ਹਿਰੋਂ ਬਾਹਰਲੀਆਂ ਭਰਾਤਰੀ ਸਭਾਵਾਂ ਨਾਲ ਸੰਗਠਨਾਤਮਕ ਸੰਬੰਧ ਸਥਾਪਤੀਆਂ ਵੀ ਬਣਾ ਲਈਆਂ ਸਨ। ਉਪਰੋਕਤ ਵਿਵਰਣ ਦੁਆਰਾ ਇਹ ਵਿਚਾਰ ਪੇਸ਼ ਕੀਤਾ ਹੈ ਕਿ ਵੱਡੀਆਂ ਦੁੱਖਾਂ-ਕਸ਼ਟਾਂ ਦੀਆਂ ਪ੍ਰਸਥਿਤੀਆਂ ਨੇ ਸੁਖਮਨੀ ਸਾਹਿਬ ਦੇ ਪਾਠ ਕਰਨ ਹਿਤ ਪ੍ਰੇਰਨਾ ਤੇ ਪ੍ਰੋਤਸਾਹਨ ਵੰਡਿਆ ਅਤੇ ਸਰਬੱਤ ਦੇ ਭਲੇ ਵਾਸਤੇ ਸਮੁੱਚੇ ਸੰਗਤੀ ਰੂਪ ਵਿੱਚ ਅਰਦਾਸਾਂ ਕੀਤੀਆਂ ਜਾਂਦੀਆਂ ਸਨ।

ਵਰਤਮਾਨ ਸਮੇਂ ਅੰਦਰ, ਧਰਮ-ਸਾਧਨਾਂ ਦੇ ਇਹਨਾਂ ਪ੍ਰਕਾਰਜਾਂ ਵਿੱਚ ਲੱਗੇ ਸ਼ਰਧਾਲੂਆਂ ਦੇ ਮਨ-ਬੁੱਧੀ ਅਤੇ ਜੀਵਨ-ਵਿਵਹਾਰ ਵਿੱਚ, **ਸੁਖਮਨੀ** ਪਾਠ ਦੇ ਪ੍ਰਭਾਵ ਨੂੰ ਜਾਨਣ-ਪਹਿਚਾਨਣ ਦੀ ਦਿਲਚਸਪੀ ਵਿੱਚ ਕੁਝ ਖਾਸ ਨੁਕਤੇ ਉਘੜ ਕੇ ਸਾਹਮਣੇ ਆਉਂਦੇ ਹਨ।

1) ਉੱਤਮ ਸ਼ਰੇਣੀ ਦੇ ਉਹ ਗੁਰਮੁਖ-ਜਨ ਸੰਤ-ਮੀਤ ਹਨ, ਜੋ ਬਿਲਕੁਲ ਇਕਲਵਾਂਝੇ **ਸਾਵਧਾਨ ਏਕਾਗਰ ਚੀਤ** ਹੋ ਕੇ ਪਾਠ ਕਰਦਿਆਂ, ਸੁਖਮਨੀ ਬਾਣੀ ਦੇ ਮਨੋਭਾਵਾਂ ਨਾਲ ਇੱਕ-ਸੁਰਤਾ ਵਿੱਚ ਪ੍ਰਭੂ-ਸਿਮਰਨ ਦੁਆਰਾ ਸਹਜ-ਸੁਖਸ੍ਰੋਤ ਵਿੱਚ ਜੁੜ ਜਾਣ। ਗੁਰੂ ਅਰਜਨ ਸਾਹਿਬ ਜੀ ਦੇ ਮੁਖਾਰਬਿੰਦ ਤੋਂ **ਵਾਹਿਗੁਰੂ** ਜੀ ਦੀ ਹਜ਼ੂਰੀ ਦੇ ਸਨਮੁਖ ਹੋ ਕੇ ਉਚਾਰੀ ਗਈ ਸੁਖਮਨੀ ਬਾਣੀ ਉਨ੍ਹਾਂ ਦੇ ਪਵਿਤ੍ਰ ਹਿਰਦੇ ਚੋਂ ਉਗਮਦੀ, ਵਿਸਮਾਦਮਈ ਤਰੋ-ਤਾਜ਼ਗੀ ਨੂੰ ਸਵਰ-ਤੰਤੂਆਂ ਬਾਣੀ ਹੋਰ ਲਿਸ਼ਕਾਉਂਦੀ-ਚਮਕਾਉਂਦੀ, ਉਨ੍ਹਾਂ ਦੇ ਹੋਠਾਂ ਤੋਂ ਫੁੱਲਾਂ ਵਰਗੀਆਂ ਰੌਣਕਾਂ, ਲਾਲੀਆਂ, ਮਿਠਾਸਾਂ ਤੇ ਖੁਸ਼ਬੂਆਂ ਸਮੇਟਦੀ ਪੂਰੇ ਜੋਬਨ ਵਿੱਚ, ਮਨੁੱਖੀ ਜੀਵਨ ਨੂੰ ਪ੍ਰਫੁੱਲਤਾ ਦੀਆਂ ਸਿਖਰਾਂ'ਪਰ ਪਹੁੰਚਣ ਹਿਤ ਪ੍ਰਵਾਹਿਤ ਹੋਈ ਸੀ-ਤੇ ਅੱਜ ਇਹ ਮੇਰੇ ਮੂੰਹ, ਕੰਠ ਤੇ ਹਿਰਦੇ ਨੂੰ ਛੂਹ ਰਹੀ ਹੈ...ਵਾਹ! ਵਾਹ! ਅਜਿਹੇ ਅਹਿਸਾਸਾਂ, ਸੰਵੇਗਾਂ ਤੇ ਵਲਵਲਿਆਂ ਦੀਆਂ ਲਹਿਰਾਂ ਦੇ ਅੰਗ-ਸੰਗ ਵਹਿਣ ਦਾ ਸੁਆਦ ਮਾਣਦਿਆਂ **ਅੰਮ੍ਰਿਤ ਪ੍ਰਭ ਨਾਮੁ** ॥ ਦੀ ਪ੍ਰੇਮ-ਸੰਜੋਗੀ ਭਾਵੁਕਤਾ ਦੇ ਸੰਘਣੇਪਣ ਵਿੱਚ ਗੁਆਚ ਜਾਣ ਦਾ ਅਨੰਦ ਤਾਂ ਥੋੜ੍ਹੇ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੀ ਗਤਿ-ਮਿਤਿ ਅਸੀਂ ਕੀ

ਜਾਣੀਏ?

2) ਉਪਜੀਵਕਾ ਦੀ ਖਾਤਿਰ ਕਈ ਗੁਰਦੁਆਰਿਆਂ ਵਿੱਚ ਗ੍ਰੰਥੀ-ਸਿੰਘਾਂ ਨੂੰ ਤੜਕਸਾਰ ਸੁਖਮਨੀ-ਪਾਠ, ਡਿਊਟੀ-ਕ੍ਰਮ ਅਨੁਸਾਰ ਲਾਜ਼ਮੀ ਹੀ ਕਰਨਾ ਪੈਂਦਾ ਹੈ ਅਤੇ ਇਸ ਤਰ੍ਹਾਂ ਅਨੇਕਾਂ ਗੁਰਸਿੱਖ ਮਾਈ-ਭਾਈ ਨਿਯਮਤ ਰੂਪ ਵਿੱਚ ਰੋਜ਼ਾਨਾ, ਕੁਝ ਗਿਣਤੀ ਦੇ ਪਾਠ ਪੂਰੇ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਕਿਸੇ ਵਿਸ਼ੇਸ ਨਿੱਜੀ ਕਾਰਜ ਦੀ ਸਫਲਤਾ ਨਮਿਤ, ਕਿਸੇ ਸੰਤ-ਮਹਾਤਮਾ ਵਲੋਂ ਤਾਕੀਦ ਕੀਤੀ ਗਈ ਹੁੰਦੀ ਹੈ। ਇਨ੍ਹਾਂ ਪਾਠਕਾਂ ਸੰਬੰਧੀ ਕਿਸੇ ਟਿੱਪਣੀ ਦੀ ਜ਼ਰੂਰਤ ਅਸੀਂ ਨਹੀਂ ਸਮਝਦੇ, ਵਾਹਿਗੁਰੂ ਸਾਰਿਆਂ ਦੀਆਂ ਸ਼ੁੱਭ ਕਾਮਨਾਵਾਂ ਪੂਰੀਆਂ ਕਰੇ।

3) ਸਾਡੀ ਦਿਲਚਸਪੀ ਦਾ ਵਿਸ਼ਾ ਤਾਂ ਜਨ-ਸਾਧਾਰਣ, ਸਰਲ-ਸੁਭਾਅ ਗੁਰੂ-ਪਿਆਰ ਵਾਲਿਆਂ ਨਿਤਨੇਮੀਆਂ ਦੀ ਸੁਖਮਨੀ ਸਾਹਿਬ ਪ੍ਰਤੀ ਪ੍ਰੇਮ ਖਿੱਚ ਦੇ ਵਰਤਾਰੇ ਨੂੰ ਸਮਝਣ-ਬੁੱਝਣ ਦਾ ਹੈ। ਧਰਮ ਪ੍ਰਤੀ ਝੁਕਾਅ ਰੱਖਣ ਵਾਲਾ ਬੰਦਾ ਰੱਬੀ ਹੋਂਦ ਨੂੰ ਸਵੀਕਾਰਦਾ ਹੈ, ਇਹ ਝੁਕਾਅ ਉਸ ਨੇ ਬਚਪਨ ਵਿੱਚ ਹੀ ਆਪਣੇ ਘਰ ਦੇ ਵੱਡਿਆਂ ਸੰਬੰਧੀਆਂ ਦੇ ਵਿਹਾਰ ਤੋਂ, ਉਨ੍ਹਾਂ ਨੂੰ ਪਾਠ-ਪੂਜਾ ਕਰਦਿਆਂ ਵੇਖਦਿਆਂ, ਉਨ੍ਹਾਂ ਕੋਲੋਂ ਨਿੱਕੀਆਂ-ਨਿੱਕੀਆਂ ਪੁੱਛਾਂ ਪੁਛਦਿਆਂ ਤੇ ਫਿਰ ਰੀਸ-ਪਰੀਸੀ ਗ੍ਰਹਿਣ ਕਰ ਲਿਆ ਹੁੰਦਾ ਹੈ। ਸਕੂਲਾਂ'ਚ ਅਧਿਆਪਕਾਂ ਪਾਸੋਂ ਤੇ ਧਰਮ ਅਸਥਾਨਾਂ ਦੇ ਵਕਤਿਆਂ ਪਾਸੋਂ ਵੀ ਇਸ ਝੁਕਾਅ ਵਿੱਚ ਵਾਧਾ ਤੇ ਪਰਪੱਕਤਾ ਬਣਦੀ ਜਾਂਦੀ ਹੈ। ਉਹ ਨਿਯਮ ਨਾਲ ਗੁਰਦੁਆਰੇ ਜਾਣ ਅਤੇ ਕਥਾ-ਕੀਰਤਨ ਸੁਣਦਿਆਂ, ਆਪੂੰ ਪਾਠ ਕਰਨਾ ਸਿੱਖਣ ਤੇ ਗੁਰੂ ਗ੍ਰੰਥ ਸਾਹਿਬ'ਚੋਂ ਵਾਕ ਲੈਣ ਵੱਲ ਪ੍ਰੇਰਿਤ ਹੁੰਦਾ ਹੈ...ਤੇ ਆਪਣੀਆਂ ਨਿੱਜੀ ਲੋੜਾਂ, ਇਮਤਿਹਾਨ'ਚੋਂ ਪਾਸ ਹੋਣ ਦੇ ਚੰਗੇ ਅੰਕ ਪ੍ਰਾਪਤੀ ਵਾਸਤੇ ਅਰਦਾਸਾਂ ਕਰਦਾ ਹੈ। ਸੁਖਮਨੀ ਸਾਹਿਬ ਜੀ ਦੇ ਵਿਸ਼ਾ ਵਸਤੂ ਵਿੱਚ ਲਗਭਗ ਸਾਰੀਆਂ ਮਨੁੱਖੀ ਜ਼ਰੂਰਤਾਂ ਤੇ ਉਨ੍ਹਾਂ ਦੀ ਪੂਰਤੀ ਦਾ ਸਾਧਨ ਸੁਆਸ-ਸੁਆਸ ਨਾਮੁ ਜਪਣਾ ਚੰਗੀ ਤਰ੍ਹਾਂ ਸਮਝਾਇਆ ਗਿਆ ਹੈ, ਪਰ ਬੱਚਿਆਂ ਨੇ ਸਕੂਲੇ ਜਾਣਾ ਅਤੇ ਵੱਡਿਆਂ ਨੇ ਆਪੋ-ਆਪਣੇ ਕੰਮਾਂ-ਕਾਰਾਂ'ਪਰ ਲਾਜ਼ਮੀ ਜਾਣਾ ਹੁੰਦੈ...ਇਸ ਕਰਕੇ ਰੋਜ਼ਾਨਾ ਥੋੜ੍ਹਾ ਸਮਾਂ ਧਰਮ-ਲੇਖੇ ਕੱਢ ਕੇ ਅਸੀਂ ਕੁਝ ਕੁ ਧਰਵਾਸ ਬਣਾ ਲੈਂਦੇ ਹਾਂ ਕਿ ਮੈਂ ਗੁਰੂ-ਹੁਕਮਾਂ ਅਨੁਸਾਰ ਨਾਮੁ ਜਪ ਰਿਹਾ ਹਾਂ ਤੇ,

**ਚਾਰਿ ਪਦਾਰਥ ਜੇ ਕੋ ਮਾਗੈ ॥**<br>
**ਸਾਧ ਜਨਾ ਕੀ ਸੇਵਾ ਲਾਗੈ ॥**<br>
**ਜੇ ਕੋ ਆਪੁਨਾ ਦੂਖੁ ਮਿਟਾਵੈ ॥**<br>
**ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥**

ਅਤੇ

**ਨਿਰਧਨ ਕਉ ਧਨੁ ਤੇਰੋ ਨਾਉ ॥**<br>
**ਨਿਥਾਵੇ ਕਉ ਨਾਉ ਤੇਰਾ ਥਾਉ ॥**<br>
**ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥**<br>
**ਸਗਲ ਘਟਾ ਕਉ ਦੇਵਹੁ ਦਾਨੁ ॥ (266)**

ਆਦਿਕ! ਗੁਰੂ ਬਖਸ਼ਿਸ਼ਾਂ ਲੈਣ ਦਾ ਅਧਿਕਾਰੀ ਬਣ ਰਿਹਾ ਹਾਂ। ਆਸਾਂ-ਉਮੀਦਾਂ ਦਾ ਇਹ ਨਿੱਤ ਪ੍ਰਫੁੱਲਿਤ ਹੁੰਦਾ ਚਾਉ ਸਾਨੂੰ ਚੜ੍ਹਦੀਆਂ ਕਲਾਂ ਵਿੱਚ ਉੱਦਮਸ਼ੀਲ ਤੇ ਉਤਸ਼ਾਹੀ ਜ਼ਿੰਦਗੀ ਜਿਊਣ ਦਾ ਢੰਗ ਸਿਖਾਂਦਾ ਹੈ।

ਧਨ-ਦੌਲਤ, ਇੱਜ਼ਤ-ਆਬਰੂ ਤੇ ਭਾਈਚਾਰੇ ਅਤੇ ਵਾਹਿਗੁਰੂ ਦੀ ਦਰਗਾਹ ਵਿੱਚ ਵਡਿਆਈ ਕਿਸ ਨੂੰ ਨਹੀਂ ਖਿੱਚ ਪਾਉਂਦੀ? ਤੇ ਇਹ ਸਾਰਾ ਕੁਝ ਪ੍ਰਭੂ-ਸਿਮਰਨ ਵਿੱਚ ਨਿਹਿਤ ਦੱਸਿਆ ਗਿਆ ਹੈ:

**ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥**<br>
**ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥**<br>
**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥**<br>
**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥**

ਸੰਸਾਰਿਕ ਜੀਵਨ ਵਿੱਚ ਕਸ਼ਟ, ਦੁੱਖ, ਬਿਮਾਰੀਆਂ ਤੇ ਹੋਰ ਵਿਭਿੰਨ ਔਕੜਾਂ-ਮੁਸੀਬਤਾਂ ਤਾਂ ਆਉਂਦੀਆਂ ਹੀ ਰਹਿੰਦੀਆਂ ਹਨ। ਸੁਖਮਨੀ ਸਾਹਿਬ ਦਾ ਸ਼ਰਧਾਪੂਰਵਕ ਕੀਤਾ ਪਾਠ ਧੀਰਜ ਬਨ੍ਹਾਉਂਦਾ ਹੈ, ਦਿਲਾਸਾ ਦਿੰਦਾ ਹੈ, ਡਿੱਗੇ ਮਨ ਨੂੰ ਮੁੜ ਕੇ ਖੜ੍ਹਾ ਕਰਦਾ ਹੈ, ਉਪਰਾਮ-ਉਦਾਸ ਨਹੀਂ ਹੋਣ ਦਿੰਦਾ, ਝੂਰਨ ਤੇ ਕੁੜ੍ਹਨ ਤੋਂ ਬਚਾਂਦਾ ਹੈ।

ਵਾਹ! ਕਿਆ ਕਮਾਲ ਦਾ ਚੜ੍ਹਦੀਆਂ ਕਲਾਂ ਭਰਪੂਰ ਗੁਰਮਤੀ ਮਾਰਗ-ਦਰਸ਼ਨ ਪ੍ਰਸਤੂਤ ਹੋਇਆ ਹੈ:

**ਜਹ ਮੁਸਕਲ ਹੋਵੈ ਅਤਿ ਭਾਰੀ ॥**<br>
**ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥..**<br>
**ਅਨਿਕ ਬਿਘਨ ਜਹ ਆਇ ਸੰਘਾਰੈ ॥**<br>
**ਹਰਿ ਕਾ ਨਾਮੁ ਤਤਕਾਲ ਉਧਾਰੈ ॥..**<br>
**ਅਨਿਕ ਉਪਾਵੀ ਰੋਗੁ ਨ ਜਾਇ ॥**<br>
**ਰੋਗੁ ਮਿਟੈ ਹਰਿ ਅਵਖਧੁ ਲਾਇ ॥..**<br>
**ਸਾਧਸੰਗਿ ਹਰਿ ਹਰਿ ਜਸੁ ਕਹਤ ॥**<br>
**ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥**

ਇਤਿਆਦਿਕ

ਧਾਰਮਿਕ ਸ਼ਰਧਾਲੂ ਨੂੰ ਵਿੱਦਿਅਕ, ਬੌਧਿਕ ਜਾਂ ਕੱਟੜਤਾ ਤੇ ਕਰਮਕਾਂਡ ਨਾਲ ਕੋਈ ਵਿਸ਼ੇਸ਼ ਸਰੋਕਾਰ ਨਹੀਂ, ਉਹ ਤਾਂ ਗੁਰੂ ਅਰਜਨ ਸਾਹਿਬ ਜੀ ਦੇ ਪ੍ਰਤੀ ਸਿਦਕ, ਓਟ-ਆਸਰਾ ਤੇ ਸ਼ਰਣਾਗਤ ਭਾਵ ਵਿੱਚ ਨਤ-ਮਸਤਕ ਹੁੰਦਾ ਹੈ, ਚਾਹੇ ਉਹ ਅੰਮ੍ਰਿਤਧਾਰੀ ਸਿੰਘ ਹੋਵੇ ਜਾਂ ਅਜੇ ਪਾਹੁਲ ਨਾ ਲਿਤੀ ਹੋਵੇ, ਸਹਿਜਧਾਰੀ ਹੋਵੇ ਜਾਂ ਕਿਸੇ ਹੋਰ ਧਰਮ ਨਾਲ ਸੰਬੰਧਿਤ ਹੋਵੇ, ਉਸਨੂੰ **ਸੁਖਮਨੀ ਸਾਹਿਬ** ਇਕਸਾਰ ਆਪਣੇ ਮੂਲ-ਮੰਤਵ ਵੱਲ ਖਿਚਦੀ ਹੈ, ਪ੍ਰਭੂ-ਪ੍ਰੇਮ ਉਪਜਾਉਂਦੀ ਹੈ ਤੇ ਪ੍ਰਭੂ ਨਾਮੁ ਨਾਲ ਜੁੜਨ ਦੇ ਲਾਭਾਂ, ਵਾਧਿਆਂ, ਕਮਾਈਆਂ, ਵਡਿਆਈਆਂ ਉਭਾਰਤਾ ਤੇ ਉਧਾਰਤਾ ਦੀ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੀ ਹੈ। ਕਈ ਅਨਪੜ੍ਹ ਸਰੋਤੇ ਵੀ ਸੁਖਮਨੀ ਬਾਣੀ ਦੀਆਂ ਸਰਲ-ਸੁਖੈਨ ਪੰਕਤੀਆਂ ਜ਼ਬਾਨੀ ਯਾਦ ਕਰ ਲੈਂਦੇ ਹਨ ਤੇ ਉਨ੍ਹਾਂ ਦੇ ਭਾਵ ਅਰਥਾਂ ਨੂੰ ਆਪਣੀ ਚੇਤਨਤਾ ਵਿੱਚ ਟਿਕਾ ਕੇ ਰਹੱਸਮਈ ਖੁਸ਼ੀਆਂ ਖੇੜਿਆਂ ਨੂੰ ਮਾਣਦੇ ਹਨ ਤੇ ਚੜ੍ਹਦੀ-ਕਲਾ ਵਿੱਚ ਉਤਸ਼ਾਹ ਭਰਪੂਰ ਜੀਵਨ ਜਿਉਂਦੇ ਹਨ। ਇਨ੍ਹਾਂ ਜਗਿਆਸੂ ਪ੍ਰੇਮੀਆਂ ਦੀ ਅਨਪੜ੍ਹਤਾ ਕੋਈ ਰੁਕਾਵਟ ਨਹੀਂ ਬਣ ਸਕਦੀ ਤੇ ਉਹ ਸ਼ਾਇਦ ਦੂਸਰੇ ਪੜ੍ਹਿਆਂ-ਲਿਖਿਆਂ ਨਾਲੋਂ ਵਧੇਰੇ ਅੰਤਰੀਵ ਮਾਨਸਿਕ ਸ਼ਾਂਤੀ ਦੇ ਨੇੜੇ ਪਹੁੰਚ ਜਾਂਦੇ ਹਨ, ਜਦੋਂ ਉਹ ਭਿੱਜੇ ਮਨ ਨਾਲ ਬੋਲ ਰਹੇ ਹੁੰਦੇ ਹਨ,

**ਖੇਮ ਕੁਸਲ ਸਹਜ ਆਨੰਦ ॥**<br>
**ਸਾਧਸੰਗਿ ਭਜੁ ਪਰਮਾਨੰਦ ॥**

ਅਤੇ

**ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥**<br>
**ਜਾ ਕੈ ਮਨਿ ਲਾਗਾ ਹਰਿ ਰੰਗੁ ॥**<br>
**ਜੈ ਜੈ ਸਬਦੁ ਅਨਾਹਦੁ ਵਾਜੈ ॥**<br>
**ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥**<br>
**(295)**

ਐਸੀ ਵਿਸਮਾਦਮਈ ਬਣ ਜਾਂਦੀ ਹੈ ਨਾਮੁ-ਰੰਗ-ਰੱਤੜਿਆਂ ਦੀ ਮਾਨਸਿਕਤਾ, ਬੌਧਿਕਤਾ ਤੇ ਜੀਵਨ-ਸ਼ੈਲੀ! **ਸੁਖਮਨੀ** ਉਨ੍ਹਾਂ ਨੂੰ ਮਨੁ, ਬਚੁ ਕਰਮੁ ਕਰਕੇ ਪ੍ਰਭੂ-ਪਰਾਇਣਤਾ ਵਾਲੇ ਪਾਸੇ ਪ੍ਰੇਰਦਿਆਂ ਅਤੇ ਪ੍ਰੋਤਸਾਹਿਤ ਕਰਦਿਆਂ

**ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥**<br>
**ਲਗਾ ਕਿਤੁ ਕੁਫਕੜੇ**<br>
**ਸਭ ਮੁਕਦੀ ਚਲੀ ਰੈਣਿ ॥**<br>
**(43)**

ਅਤੇ

**ਭਈ ਪਰਾਪਤਿ ਮਾਨੁਖ ਦੇਹੁਰੀਆ॥**<br>
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**<br>
**ਅਵਰਿ ਕਾਜ ਤੇਰੈ ਕਿਤੈ ਨ ਕਾਮ॥**<br>
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥**

ਰੂਪੀ ਸਿਧਾਂਤਕ ਚੇਤਾਵਨੀਆਂ ਦੀ ਯਾਦ-ਦਹਾਨੀ ਕਰਵਾਉਂਦਿਆਂ, ਸਾਰਥਕ-ਸਾਧਨਾਂ ਦਾ ਰਸਤਾ ਦ੍ਰਿਸ਼ਟਾਉਂਦੀ ਹੈ ਅਤੇ ਮਨੁੱਖਾ ਜੀਵਨ ਦੇ ਅਸਲ-ਮਨੋਰਥ ਦੀ ਪ੍ਰਾਪਤੀ ਵਾਸਤੇ ਤੀਬਰ ਉਤੇਜਨਾ ਪੈਦਾ ਕਰਦੀ ਹੈ:

**ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥**<br>
**ਜਪਿ ਨਾਨਕ ਦਰਗਹਿ ਪਰਵਾਨੁ ॥**

**ਤਿਤੁ ਘਰਿ ਜਾਇ ਬਸੈ ਅਬਿਨਾਸੀ ॥**<br>
**ਕਹੁ ਨਾਨਕ ਕਾਟੀ ਜਮ ਫਾਸੀ ॥**

**ਹਲਤੁ ਪਲਤੁ ਦੁਇ ਲੇਹੁ ਸਵਾਰਿ ॥**<br>
**ਰਾਮ ਨਾਮੁ ਅੰਤਰਿ ਉਰਿ ਧਾਰਿ ॥**

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥**<br>
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥**

ਅਤੇ

**ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥**

**ਦੁਲਭ ਦੇਹ ਤਤਕਾਲ ਉਧਾਰੈ ॥**

ਇਸ ਤਰ੍ਹਾਂ ਸੰਸਾਰਿਕ ਪ੍ਰਗਤੀਸ਼ੀਲਤਾ ਦੇ ਨਾਲੋ-ਨਾਲ ਸ੍ਰੇਸ਼ਟ ਧਾਰਮਿਕ ਵਿਵਹਾਰ ਅਤੇ ਉੱਚ ਤੋਂ ਉੱਚਤਰ ਅਧਿਆਤਮਿਕ ਅਵਸਥਾਵਾਂ ਦਾ ਰਾਹ-ਦਸੇਰਾ ਬਣਦੀ ਹੈ **ਸੁਖਮਨੀ ਸਾਹਿਬ।** ਸਿੱਖ ਧਰਮ ਚਿੰਤਨ ਦੇ ਪ੍ਰਕਾਸ਼-ਮਾਨ ਹੋਣ ਤੋਂ ਪਹਿਲਾਂ ਜਗਤ ਵਿੱਚ ਪ੍ਰਚਲਿਤ ਵੱਖ-ਵੱਖ ਮੱਤ-ਮਤਾਂਤਰ, ਰੱਬੀ-ਦਰਗਾਹੇ ਕਬੂਲ ਪੈਣ ਲਈ ਉਹਨਾਂ ਵਲੋਂ ਨਿਸ਼ਚਿਤ ਕੀਤੇ ਸਾਧਨਾਂ-ਅਭਿਆਸਾਂ ਵਿੱਚ ਸ਼ਮੂਲੀਅਤ ਲੈਣ ਲਈ ਲੋਕਾਂ ਨੂੰ ਦੁਨਿਆਵੀਂ ਧੰਦਿਆਂ ਤੇ ਰਿਸ਼ਤਿਆਂ ਦਾ ਤਿਆਗ ਕਰਨਾ ਅਵੱਸ਼ਕ ਮੁੱਢਲੀ ਸ਼ਰਤ ਰੱਖਦੇ ਸਨ, ਜਿਵੇਂ ਕਿ ਜੋਗੀਆਂ ਸੰਨਿਆਸੀਆਂ, ਰਿਸ਼ੀਆਂ-ਮੁਨੀਆਂ ਸੰਤਾਂ ਤੇ ਸਿੱਧ-ਪੁਰਸ਼ਾਂ ਅਤੇ ਪੀਰਾਂ, ਫਕੀਰਾਂ, ਸੂਫੀਆਂ, ਜੈਨੀਆਂ, ਬੋਧੀਆਂ ਤੇ ਈਸਾਈਆਂ ਆਦਿ ਦੇ ਅਣਗਿਣਤ ਫਿਰਕੇ, ਘਰ ਗ੍ਰਿਹਿਸਤੀ ਦੀ ਨੇੜਤਾ ਵਿੱਚ ਨਰਕ ਦਾ ਭਾਗੀ ਹੋਣ ਦੀਆਂ ਸੰਭਾਵਨਾਵਾਂ ਵੇਖਦੇ ਹਨ। ਪਰ ਸਿੱਖ ਗੁਰੂਆਂ ਨੇ ਸਮਾਜ ਦੇ ਹਰ ਵਰਗ, ਜਾਤ, ਵਰਣ, ਸ਼੍ਰੇਣੀ, ਅਮੀਰ-ਗਰੀਬ, ਦੁਖੀ-ਰੋਗੀ, ਤਿਆਗੀ-ਗ੍ਰਿਹਿਸਤੀ, ਪੰਡਿਤ ਜਾਂ ਅਨਪੜ੍ਹ, ਲੋੜਵੰਦ ਜਾਂ ਮਾਇਆਧਾਰੀ ਨੂੰ **ਪ੍ਰਭ ਕੈ ਸਿਮਰਨਿ** ਲਈ ਬਰਾਬਰ ਦਾ ਅਧਿਕਾਰੀ ਘੋਸ਼ਿਤ ਕਰਦਿਆਂ, ਸਾਰਿਆਂ ਨੂੰ ਆਪਣੀ ਦਿਆਲੂ-ਕ੍ਰਿਪਾਲੂ ਸੰਗਤ ਵਿੱਚ ਆ ਜੁੜਨ ਲਈ ਪ੍ਰੇਰਦਿਆਂ ਸਪੱਸ਼ਟ ਫੁਰਮਾਇਆ ਕਿ ਜੋ ਕੋਈ ਵੀ ਓਸ ਗੁਣੀ-ਨਿਧਾਨ ਗੋਬਿੰਦ-ਪਾਰਬ੍ਰਹਮ ਦੇ ਨਾਮੁ ਨੂੰ ਹਿਰਦੇ ਵਿੱਚ ਵਸਾ ਲਏਗਾ, ਉਸ ਦੀਆਂ ਸਾਰੀਆਂ ਸ਼ੁੱਭ-ਇਛਾਵਾਂ ਪੂਰੀਆਂ ਅਤੇ ਆਵਾਗਵਣ ਦੇ ਡਰ ਤੋਂ ਮੁਕਤੀ ਜਾਂ ਜਾਣੀਏ ਕਿ ਆਤਮ-ਵਿਸ਼ਵਾਸੀ ਜੀਵਨ-ਜੁਗਤ ਸਫਲ ਹੋਵੇਗੀ।

ਸਤਿਗੁਰਾਂ ਦਾ ਸਿਧਾਂਤ, ਇੰਞ ਪ੍ਰਤੀਤ ਹੁੰਦਾ ਹੈ ਕਿ ਜਦੋਂ ਪਾਠ ਕਰਦਿਆਂ-ਕਰਦਿਆਂ, ਨਾਮੁ ਜਪਦਿਆਂ-ਜਪਦਿਆਂ, ਪ੍ਰਭੂ ਸਿਮਰਨ ਵਿੱਚ ਮਨੋਭਾਵਾਂ ਦੀ ਪਰਪੱਕਤਾ ਬਣ ਜਾਏਗੀ, **ਏਕੁ ਨਾਮੁ ਮਨ ਮਾਹਿ ਸਮਾਨੀ** ਤੱਕ ਅੱਪੜਦਿਆਂ-ਅੱਪੜਦਿਆਂ ਜਗਿਆਸੂ-ਭਗਤ ਦੀਆਂ ਦੁਨਿਆਵੀ ਤੇ ਮਾਨਸਿਕ ਲੋੜਾਂ, ਜ਼ਰੂਰਤਾਂ ਤੇ ਆਸਾਂ, ਨਵੇਂ ਸਿਰਿਓਂ ਘੜੀਆਂ ਜਾਣਗੀਆਂ:

**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥**
**ਪ੍ਰਭੂ ਦਇਆ ਤੇ ਕਮਲ ਬਿਗਾਸੁ ॥**
ਅਤੇ
**ਕਰਿ ਕਿਰਪਾ ਜਿਸ ਕੈ**
**ਹਿਰਦੈ ਗਰੀਬੀ ਬਸਾਵੈ॥**
**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥**

ਉਪਰੋਕਤ ਦਰਸਾਏ ਪੜਾਵਾਂ ਤੋਂ ਗੁਜ਼ਰਦਿਆਂ, ਵਾਹਿਗੁਰੂ ਮਿਹਰਾਮਤ ਸਦਕਾ ਸਿੱਖ ਸਮਾਜ ਦੀ ਸਮੁੱਚੀ ਜ਼ਿੰਦਗੀ ਦੀ ਬਣਤਰ ਸ੍ਰੇਸ਼ਟਤਮ ਮਨੁੱਖੀ ਸੰਭਾਵਨਾਵਾਂ ਨੂੰ ਜਾ ਛੂਹੇਗੀ।

ਅਜੋਕੇ ਸਮੇਂ ਵਿੱਚ ਅਸੀਂ ਹਰ ਸਹਿਰ-ਨਗਰ ਦੇ ਛੋਟੇ-ਵੱਡੇ ਗੁਰਦੁਆਰਿਆਂ, ਮਹੱਲਿਆਂ ਤੇ ਸ਼ਰਧਾਵਾਨ ਘਰ-ਪਰਿਵਾਰਾਂ ਵਿੱਚ ਪ੍ਰਭ ਕੈ ਸਿਮਰਨ ਦੀਆਂ ਬਹੁ-ਭਾਂਤਿਕ ਰੋਜ਼ਾਨਾ ਜਾਂ ਹਫਤਾਵਾਰੀ ਚਲਾਈਆਂ ਜਾ ਰਹੀਆਂ ਲੜੀਆਂ ਵੇਖ ਰਹੇ ਹਾਂ। ਸੰਗਤਾਂ ਵਿੱਚ ਚਾਉ-ਉਮਾਹੁ ਤੇ ਗੁਰੂ ਪ੍ਰਤੀ ਪਿਆਰ, ਸ਼ਰਧਾ-ਵਿਸ਼ਵਾਸ ਚੜ੍ਹਦੀਆਂ-ਕਲਾਂ ਵੱਲ ਵਧ ਰਿਹੈ। ਜਪੁ-ਸਿਮਰਨ ਦੀ ਵੰਨ-ਸੁਵੰਨਤਾ, ਪੂਜਾ-ਅਰਚਨਾ ਤੇ ਕਰਮ-ਕਾਂਡੀ ਸ਼ਾਨੋ-ਸ਼ੌਕਤ ਵਾਲੀ ਧਾਰਮਿਕ ਸਤਿਕਾਰ-ਭਾਵਨਾ ਸਾਡੀ ਮਾਨਸਿਕਤਾ ਨੂੰ ਸੂਖਮ-ਹਉਮੈ ਨਾਲ ਨੱਕੋ-ਨੱਕ ਭਰ ਰਹੀ ਹੈ। ਗੁਰਬਾਣੀ ਸਿੱਖਿਆਂਵਾਂ ਦੇ ਅਨੁਰੂਪ ਸਾਡੀ ਫੌਰੀ ਤੇ ਅਹਿਮ ਲੋੜ ਬਣ ਗਈ ਹੈ ਕਿ ਜਿਵੇਂ ਪਾਣੀ ਨੂੰ ਪੁਣ ਕੇ ਪੀਣਾ ਸਿਹਤ-ਸੁਰੱਖਿਆ ਲਈ ਜ਼ਰੂਰੀ ਹੈ, ਨਾਮੁ ਪਦਾਰਥ ਵਿਹਾਝਣ ਵਾਸਤੇ ਵੀ ਸਾਵਧਾਨਤਾ ਵਰਤਣੀ ਚਾਹੀਦੀ ਹੈ:

**ਅਕਲੀ ਸਾਹਿਬੁ ਸੇਵੀਐ**
**ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ**
**ਅਕਲੀ ਕੀਚੈ ਦਾਨੁ ॥ (1245)**

ਭੋਜਨ ਦੀ ਪਾਚਣ ਪ੍ਰਕਿਰਿਆ ਨੂੰ ਸਹਜ-ਸਿਹਤਮੰਦ ਰੱਖਣ ਲਈ ਖਾਣ-ਪੀਣ ਵਿੱਚ ਲੋੜੀਂਦੀ ਸੰਜਮ-ਸੁਚੇਤਤਾ ਦੀ ਤਰ੍ਹਾਂ ਹੀ ਧਰਮ-ਕਰਮ ਵਿੱਚ ਜੁਟੀਆਂ ਸਿੱਖ-ਸੰਗਤਾਂ ਵਾਸਤੇ ਸਤੁ, ਸੰਤੋਖ ਤੇ ਵਿਚਾਰ, ਤਿੰਨ ਮੁੱਢਲੀਆਂ ਲੋੜਾਂ ਵੱਲ ਸੁਚੇਤ ਸਾਵਧਾਨਤਾ ਜ਼ਰੂਰੀ ਹੈ।

ਪੰਜਵੇਂ ਨਾਨਕ ਧੰਨ ਧੰਨ ਸਤਿਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਾਰੀਆਂ ਰਚਨਾਵਾਂ ਵਿੱਚੋਂ ਵੱਡ-ਅਕਾਰੀ, ਸਰਲ-ਸੁਖੈਨ ਸ਼ਾਹਕਾਰ ਬਾਣੀ **ਸੁਖਮਨੀ ਸਾਹਿਬ** ਵਿੱਚ, ਜਗਤ-ਜਲੰਦੇ ਦੇ ਕਲਿਆਣ ਹਿੱਤ, ਐਸੀ ਉੱਦਮੀ, ਉਤਸ਼ਾਹੀ, ਵਿਕਾਸਸ਼ੀਲ, ਪ੍ਰਗਤੀਵਾਦੀ, ਬਲਵਾਨ-ਮਨੋਵਿਗਿਆਨਕ, ਸਕ੍ਰਿਆਤਮਕ ਅਤੇ ਦੈਵੀ-ਸ਼ਕਤੀ ਯੁਕਤ

**ਆਗਾਹਾ ਕੂ ਤ੍ਰਾਘਿ**
**ਪਿਛਾ ਫੇਰਿ ਨ ਮੁਹਡੜਾ ॥**
**ਨਾਨਕ ਸਿਝਿ ਇਵੇਹਾ**
**ਵਾਰ ਬਹੁੜਿ ਨ ਹੋਵੀ ਜਨਮੜਾ ॥**
**(1096)**

ਵਾਲਾ ਚੜ੍ਹਦੀਆਂ ਕਲਾਂ ਭਰਪੂਰ ਜੀਵਨ-ਮਾਰਗ ਦਾ ਦਰਸ਼ਨ, ਬਖਸ਼ਿਸ਼ ਕੀਤਾ ਹੈ।

-0-

# ਸਿਆਣਾ ਸਰਪੰਚ

ਅੱਜ ਕਲ੍ਹ ਪੰਜਾਬ ਦੇ ਪਿੰਡਾਂ ਵਿੱਚ ਖੇਤੀਬਾੜੀ ਲੇਬਰ ਦੀ ਬਹੁਤ ਮੁਸ਼ਕਿਲ ਆ ਰਹੀ ਹੈ। ਕਿਸਾਨ ਹੱਥੀਂ ਕੰਮ ਕਰ ਕੇ ਰਾਜ਼ੀ ਨਹੀਂ ਤੇ ਮਜ਼ਦੂਰ ਤਬਕਾ ਖੇਤੀਬਾੜੀ ਵਰਗਾ ਸਖਤ ਕੰਮ ਕਰਨ ਦੇ ਯੋਗ ਨਹੀਂ ਰਿਹਾ। ਉੱਪਰੋਂ ਸਰਕਾਰ ਵੱਲੋਂ ਮਿਲ ਰਹੀਆਂ ਵੱਖ ਵੱਖ ਤਰਾਂ ਦੀਆਂ ਮੁਫਤ ਸਹੂਲਤਾਂ ਕਾਰਨ ਕੰਮ ਕਰਨ ਦੀ ਜਰੂਰਤ ਵੀ ਨਹੀਂ ਰਹੀ। ਸਭ ਤੋਂ ਮਾੜੀ ਹਾਲਤ ਸਬਜ਼ੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੀ ਹੈ। ਸਬਜ਼ੀ ਬੀਜਣ ਤੇ ਤੋੜਨ ਲਈ ਬਹੁਤ ਜਿਆਦਾ ਮਜ਼ਦੂਰਾਂ ਦੀ ਜਰੂਰਤ ਪੈਂਦੀ ਹੈ। ਦਿਹਾੜੀਦਾਰ ਲੈਣ ਲਈ ਸਵੇਰੇ ਸਵੇਰ ਟੈਂਪੂ ਲੈ ਕੇ ਕਿਸਾਨ ਪਿੰਡਾਂ ਵਿੱਚ ਮਾਰੇ ਮਾਰੇ ਫਿਰਦੇ ਹਨ। ਅਜਿਹਾ ਹੀ ਇੱਕ ਸਬਜ਼ੀ ਦਾ ਕਾਸ਼ਤਕਾਰ ਦਵਿੰਦਰ ਬਾਰਡਰ ਲਾਗਲੇ ਕਿਸੇ ਪਿੰਡ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਗਿਆ ਹੋਇਆ ਸੀ। ਉਸ ਨੇ ਵੇਖਿਆ ਕਿ ਰਿਸ਼ਤੇਦਾਰਾਂ ਦੇ ਖੇਤਾਂ ਵਿੱਚ ਮਜ਼ਦੂਰਾਂ ਦੀਆਂ ਧਾੜਾਂ ਘੁੰਮ ਰਹੀਆਂ ਸਨ। ਕੋਈ ਸਬਜ਼ੀ ਗੋਡ ਰਿਹਾ ਸੀ, ਕੋਈ ਕਣਕ ਨੂੰ ਸਪਰੇਅ ਕਰ ਰਿਹਾ ਸੀ ਤੇ ਕੋਈ ਡੰਗਰਾਂ ਨੂੰ ਪੱਠੇ ਪਾ ਰਿਹਾ ਸੀ।

ਹੈਰਾਨ ਹੋਏ ਦਵਿੰਦਰ ਨੇ ਆਪਣੇ ਰਿਸ਼ਤੇਦਾਰ ਨੂੰ ਪੁੱਛਿਆ, "ਭਾਊ ਸਾਡੇ ਪਿੰਡ ਤਾਂ ਬੰਦਾ ਮਾਰਿਆਂ ਮਜ਼ਦੂਰ ਨਈਂ ਲੱਭਦਾ, ਧਾਡੇ ਤਾਂ ਹਰਲ ਹਰਲ ਕਰਦੇ ਫਿਰਦੇ ਨੇ। ਇਹ ਚਮਤਕਾਰ ਕਿਵੇਂ ਹੋ ਰਿਹਾ ਹੈ?" ਰਿਸ਼ਤੇਦਾਰ ਨੇ ਹੱਸ ਕੇ ਕਿਹਾ, "ਦਵਿੰਦਰ ਸਿਆਂ ਸਾਡੇ ਪਿੰਡ ਦਾ ਸਰਪੰਚ ਬਹੁਤਾ ਈ ਵਧੀਆ ਬੰਦਾ ਆ। ਇਹ ਸਭ ਉਸੇ ਦੀ ਕ੍ਰਿਪਾ ਆ।" ਹੈਰਾਨ ਪਰੇਸ਼ਾਨ ਹੋਏ ਦਵਿੰਦਰ ਨੇ ਫਿਰ ਪੁੱਛਿਆ, "ਕਮਾਲ ਦੀ ਗੱਲ ਐ। ਸਰਪੰਚ ਨੇ ਇਹ ਕਮਾਲ ਕਿਵੇਂ ਕਰ ਦਿੱਤਾ, ਸਾਨੂੰ ਵੀ ਦੱਸੋ। ਅਸੀਂ ਵੀ ਆਪਣੇ ਪਿੰਡ ਦੇ ਸਰਪੰਚ ਨੂੰ ਇਹ ਤਰੀਕਾ ਵਰਤਣ ਲਈ ਕਹੀਏ।" ਰਿਸ਼ਤੇਦਾਰ ਨੇ ਮੁਸਕਰਾ ਕੇ ਭੇਦ ਖੋਲ੍ਹਿਆ, "ਕੋਈ ਖਾਸ ਗੱਲ ਨਈਂ। ਸਾਡਾ ਸਰਪੰਚ ਮਹਾਂ ਭ੍ਰਿਸ਼ਟ ਬੰਦਾ ਆ। ਉਹ ਸਰਕਾਰ ਵੱਲੋਂ ਮਿਲਣ ਵਾਲੀ ਕੋਈ ਸਹੂਲਤ ਗਰੀਬਾਂ ਤੱਕ ਪਹੁੰਚਣ ਈ ਨਈਂ ਦਿੰਦਾ। ਸਸਤੇ ਰੇਟ 'ਤੇ ਮਿਲਣ ਵਾਲਾ ਜੋ ਵੀ ਅਨਾਜ, ਦਾਲਾਂ ਅਤੇ ਹੋਰ ਸਮਾਨ ਸਰਕਾਰ ਭੇਜਦੀ ਆ, ਇਹ ਬਾਹਰ ਦੀ ਬਾਹਰ ਈ ਵੇਚ ਕੇ ਖਾ ਜਾਂਦਾ ਆ। ਡੀਪੂ ਉਸ ਦੇ ਭਤੀਜੇ ਦੇ ਨਾਮ 'ਤੇ ਆ ਜੋ ਕਦੇ ਖੁਲ੍ਹਿਆ ਈ ਨਈਂ। ਅੱਧਿਉਂ ਬਹੁਤੇ ਬਜ਼ੁਰਗਾਂ ਦੀ ਬੁਢਾਪਾ ਪੈਨਸ਼ਨ ਵੀ ਖੁਦ ਈ ਕਢਵਾ ਲੈਂਦਾ ਆ। ਸ਼ਗਨ ਸਕੀਮ ਵੀ ਅੱਧੀ ਇਸ ਦੀ ਤੇ ਅੱਧੀ ਅਗਲੇ ਦੀ ਹੁੰਦੀ ਹੈ। ਹੁਣ ਭੁੱਖੇ ਮਰਦੇ ਗਰੀਬਾਂ ਕੋਲ ਮਜ਼ਦੂਰੀ ਕਰਨ ਤੋਂ ਇਲਾਵਾ ਚਾਰਾ ਕੀ ਆ? ਸ਼ਹਿਰ ਇਥੋਂ ਦੂਰ ਆ, ਉਥੇ ਕੰਮ ਕਰਨ ਇਹ ਜਾ ਨਹੀਂ ਸਕਦੇ।" ਸੁਣ ਕੇ ਦਵਿੰਦਰ ਨੂੰ ਚੱਕਰ ਆਉਣ ਵਾਲੇ ਹੋ ਗਏ।

-0-

# ਸ਼ੰਭੂ ਸਰਹੱਦ ਦੇ ਆਰ-ਪਾਰ

**ਕੁਲਵੰਤ ਕੌਰ (ਡਾ.) 98156-20515**

**ਕੁਝ ਸਿਰਫਿਰੇ ਕਹਿ ਰਹੇ ਹਨ ਕਿ ਇਹ ਅੰਦੋਲਨ ਕੇਵਲ ਪੰਜਾਬ ਦੇ ਕਿਸਾਨਾਂ ਵਲੋਂ ਹੈ। ਹਾਂ, ਜੇ ਹਰਿਆਣੇ, ਕਰਨਾਟਕਾ ਤੇ ਹੋਰ ਰਾਜਾਂ ਦੇ ਕਿਸਾਨ ਜੇਲ੍ਹੀ ਡੱਕ ਦਿੱਤੇ ਜਾਣ, ਡਰਾਏ ਧਮਕਾਏ ਜਾਣ ਤੇ ਨਜ਼ਰਬੰਦ ਕਰ ਦਿੱਤੇ ਜਾਣ ਤਾਂ ਫਿਰ ਪੰਜਾਬੀ ਇਨਕਲਾਬ ਲਿਆਉਣ ਲਈ ਇਕੱਲੇ ਹੀ ਕਾਫੀ ਹਨ ਕਿਉਂਕਿ ਇਨ੍ਹਾਂ ਦੀਆਂ ਰਗਾਂ ਵਿਚ ਇਨਕਲਾਬੀ ਰਹਿਬਰਾਂ, ਪਰਮ ਪੁਰਖਿਆਂ ਤੇ ਆਗੂਆਂ ਦਾ ਖ਼ੂਨ ਹੈ ਜਿਹੜੇ ਸਦਾ ਹੱਕ, ਸੱਚ, ਇਨਸਾਫ਼, ਬਰਾਬਰੀ, ਏਕਤਾ, ਅਖੰਡਤਾ ਤੇ ਇਕਸੁਰਤਾ ਲਈ ਜੂਝਦੇ ਰਹੇ ਹਨ**

ਜਨਮ ਤੋਂ ਅੱਜ ਤੱਕ (ਸੱਤ ਦਹਾਕਿਆਂ ਤੋਂ ਵੀ ਵੱਧ ਅਰਸਾ) ਕਿਸਾਨ ਪਰਿਵਾਰਾਂ ਨਾਲ ਜੁੜੀ ਹੋਈ ਹੋਣ ਕਰਕੇ, ਕਿਸਾਨੀ, ਫ਼ਸਲੀ-ਮੁੱਲ ਤੇ ਕਿਸਾਨੀ-ਲੁੱਟ, ਮੇਰੇ ਚੇਤਿਆਂ ਤੇ ਚੇਤਨਾ ਦਾ ਇਕ ਅਨਿੱਖੜ ਹਿੱਸਾ ਬਣ ਚੁੱਕੀ ਹੈ। ਕੁਦਰਤੀ ਆਫ਼ਤਾਂ, ਮਨੁੱਖੀ ਵਧੀਕੀਆਂ ਅਤੇ ਹਾਕਮੀ-ਜਬਰ ਹਮੇਸ਼ਾਂ ਹੀ ਤਨ ਤੇ ਮਨ ਦਾ ਚੈਨ ਖੋਹ ਲੈਂਦਾ ਰਿਹਾ ਹੈ। ਕਕਰੀਲੀਆਂ ਰਾਤਾਂ ਵਿਚ ਕਣਕਾਂ ਨੂੰ ਪਾਣੀ ਲਾਉਂਦਾ ਤੇ ਨਹਿਰੀ ਵਾਰੀ ਲੈਂਦਾ ਬਾਪੂ ਵੀ ਕਈ ਵਾਰ ਦ੍ਰਿਸ਼ਟੀਗੋਚਰ ਹੁੰਦਾ ਹੈ ਤੇ ਤਪਦੀਆਂ ਸੜਦੀਆਂ ਦੁਪਹਿਰਾਂ 'ਚ ਫਲ੍ਹੇ ਹੱਕਦਾ ਆਪਣਾ ਸਹੁਰਾ-ਪਿਤਾ ਵੀ ਅੱਖੋਂ ਉਹਲੇ ਨਹੀਂ ਹੁੰਦਾ। ਅੱਜ ਵਿਕਸਿਤ ਖੇਤੀ ਵਿਵਸਥਾ ਵਿਚ ਭਾਵੇਂ ਸੱਭੋ ਕੁਝ ਬਦਲ ਚੁੱਕੇ ਪਰੰਤੂ ਮੈਂ, ਅੱਧੀ ਸਦੀ ਪਹਿਲੀ ਖੇਤੀ-ਪ੍ਰਣਾਲੀ ਦੀ ਵੀ ਚਸ਼ਮਦੀਦ ਗਵਾਹ ਹਾਂ ਜਦੋਂ ਅਜਿਹੇ ਮੌਕਿਆਂ 'ਤੇ, ਆਪਣੇ ਬਾਪ-ਦਾਦਿਆਂ ਦਾ ਭੱਤਾ ਲੈ ਕੇ ਜਾਣ ਦੀ ਜ਼ਿੰਮੇਵਾਰੀ ਸਾਡੇ ਮੋਢਿਆਂ 'ਤੇ ਹੁੰਦੀ ਸੀ। ਐਨੇ ਸ਼ਿੱਦਤ ਭਰੇ ਸੰਬੰਧਾਂ ਕਾਰਨ ਜਦੋਂ ਜਦੋਂ ਵੀ ਕਿਸਾਨ ਅੰਦੋਲਨਾਂ ਦੀ ਖ਼ਬਰ ਮਿਲਦੀ ਹੈ, ਇਕ ਲਗਾਓ, ਹਮਦਰਦੀ, ਅਪਣੱਤ ਤੇ ਨੇੜਤਾ ਦਾ ਅਹਿਸਾਸ ਮੱਲੋ ਮੱਲੀ ਇਨ੍ਹਾਂ ਸਤਰਾਂ ਦੀ ਲੇਖਕਾ ਨੂੰ ਉੱਧਰ ਖਿੱਚ ਲੈ ਜਾਂਦਾ ਹੈ।

ਪਿਛਲੇ, ਇਤਿਹਾਸਕ ਕਿਸਾਨ ਅੰਦੋਲਨ ਵੇਲੇ ਵੀ ਰੱਜ ਰੱਜ ਕੇ ਲਿਖਿਆ ਤੇ ਨਿਸ਼ਕਾਮ ਸੇਵਾ ਦੇ ਅਣਗਿਣਤ ਜਤਨ ਕੀਤੇ, ਥਾਂ-ਥਾਂ ਟੋਲ ਨਾਕਿਆਂ 'ਤੇ ਮੈਡੀਕਲ ਕੈਂਪ, ਰਾਸ਼ਨ ਕੈਂਪ ਤੇ ਸਹਾਇਤਾ ਤੇ ਜਾਗਰੂਕਤਾ ਕੈਂਪ ਲਾਉਂਦੇ ਰਹੇ ਤੇ ਇਸ ਵਾਰ ਵੀ ਆਪ ਮੁਹਾਰੇ ਮਨ, ਸ਼ੰਭੂ ਸਰਹੱਦ 'ਤੇ ਪੁੱਜਣ ਲਈ ਵਿਆਕੁਲ ਹੋ ਉੱਠਿਆ। ਆਪਣੀ ਨਿਸ਼ਕਾਮ ਭਾਵੀ ਸੰਸਥਾ (ਮਾਈ ਭਾਗੋ ਬ੍ਰਿਗੇਡ) ਦੇ ਕੁੱਝ ਮੈਂਬਰਾਂ ਨੂੰ ਨਾਲ ਲੈ ਕੇ, ਫਰੂਟ, ਰਾਸ਼ਨ, ਦਵਾਈਆਂ ਤੇ ਸਾਬਣ ਸੋਡੇ ਖਰੀਦੇ ਤੇ ਐਤਵਾਰ ਸਵੇਰੇ ਹੀ ਘਨੌਰ ਵਾਲੇ ਪਾਸਿਓ ਸ਼ੰਭੂ ਲਈ ਚਾਲੇ ਪਾ ਦਿੱਤੇ। ਸ਼ੰਭੂ ਸਰਹੱਦ ਤੋਂ ਪਹਿਲਾਂ ਹੀ (ਚਾਰ ਪੰਜ ਕਿਲੋਮੀਟਰ) ਅਸੀਂ, ਓਸ ਮੰਜ਼ਿਰ ਦੇ ਰੂ-ਬ-ਰੂ ਸਾਂ ਜਿਹੋ ਜਿਹਾ ਕਦੇ ਸਿੰਘੂ ਸਰਹੱਦ 'ਤੇ ਤੱਕਿਆ ਸੀ - ਦੂਰ ਦੂਰ ਤੱਕ ਖੜ੍ਹੀਆਂ ਛੱਤਾਂ ਵਾਲੀਆਂ ਟਰਾਲੀਆਂ, ਵੱਡੇ ਵੱਡੇ ਟਰਾਲੇ, ਇੱਧਰ ਉਧਰ ਲੱਗੇ ਛੋਟੇ ਛੋਟੇ ਤੰਬੂ, ਸੜਕਾਂ, ਖੇਤਾਂ ਤੇ ਕੁਰਸੀਆਂ 'ਤੇ ਬੈਠੇ ਬੇਆਸੇ ਜਿਹੇ ਬਜ਼ੁਰਗ ਚਿਹਰੇ। ਨੌਜਵਾਨ ਤਾਂ ਓਸ ਦਿਨ ਰੇਲਾਂ ਰੋਕਣ ਲਈ ਰੇਲਵੇ ਟਰੈਕ 'ਤੇ ਜਾ ਪੁੱਜੇ ਸਨ ਤੇ ਪਿਛੇ ਮਾਲ-ਸਾਮਾਨ ਦੀ ਰਾਖੀ ਲਈ ਸਿਆਣਿਆਂ ਨੂੰ ਛੱਡ ਗਏ ਸਨ। ਸੰਯੁਕਤ ਕਿਸਾਨ ਮੋਰਚੇ ਵਿਚਲੀਆਂ ਜਥੇਬੰਦੀਆਂ ਦੀ ਆਪਸੀ ਫੁੱਟ, ਖਿੱਚੋਤਾਣ ਅਤੇ ਬੇਇਤਫਾਕੀ ਕਾਰਨ ਇਸ ਵਾਰ ਦਾ ਕਿਸਾਨ ਅੰਦੋਲਨ ਭਾਵੇਂ ਪਿਛਲੇ ਅੰਦੋਲਨ ਦੇ ਮੁਕਾਬਲਤਨ ਛੋਟਾ ਰਹਿ ਗਿਆ ਮਹਿਸੂਸ ਹੋ ਰਿਹਾ ਸੀ ਪਰੰਤੂ ਕਿਸਾਨ-ਮਜ਼ਦੂਰ ਏਕਤਾ ਵਾਲਾ ਇਹ ਵਿਰੋਧ-ਪ੍ਰਦਰਸ਼ਨ ਕਈ ਹੋਰ ਮਾਅਨਿਆਂ ਵਿਚ ਬਹੁਤ ਮਹੱਤਵਪੂਰਨ ਵੀ ਹੋ ਨਿੱਬੜਿਆ ਸੀ ਜਿੱਥੇ ਸੀਰੀ, ਕਾਮੇ ਤੇ ਮਾਲਕ ਸਭ ਇਕੱਠੇ ਹੋ ਕੇ ਲੜ ਰਹੇ ਸਨ ਕਿਉਂਕਿ ਉਨ੍ਹਾਂ ਦੇ ਦੁੱਖ, ਸੁੱਖ ਤੇ ਮੁਸ਼ਕਿਲਾਂ ਸਾਂਝੀਆਂ ਹਨ ਤੇ ਇਕ ਦੂਜੇ ਦੀਆਂ ਪੂਰਕ ਵੀ। ਸੋ, ਕੁੱਲ ਆਲਮ ਦੀ ਤਵੱਜੋ ਦਾ ਪਾਤਰ ਬਣ ਗਿਆ ਪਿਛਲਾ ਕਿਸਾਨ-ਅੰਦੋਲਨ ਵਾਕਈ ਆਪਣੇ ਜ਼ਾਬਤੇ, ਸਬਰ, ਤਤਪਰਤਾ, ਹੌਸਲੇ ਅਤੇ ਵਿਉਂਤਬੰਦੀ ਦੀ ਕਮਾਲ ਸੀ ਜਿਸ ਨੇ ਪੂਰੀ ਦੁਨੀਆਂ ਦਾ ਧਿਆਨ ਖਿੱਚਿਆ ਸੀ ਪਰ ਇਸ ਵਾਰ ਦੀ ਜਥੇਬੰਦਕ ਟੁੱਟ ਭੱਜ ਨੇ ਸਰਹੱਦੀ-ਜ਼ੁਲਮਾਂ ਦਾ ਕਹਿਰ ਤਾਂ ਪੂਰੀ ਦੁਨੀਆਂ ਤੱਕ ਪਹੁੰਚਾ ਦਿੱਤਾ ਪਰ 'ਦਿੱਲੀ ਕੂਚ' ਦੇ ਪ੍ਰੋਗਰਾਮ ਨੂੰ ਅਮਲੀ ਜਾਮਾ ਪਹਿਨਾਉਣ 'ਚ ਕਾਮਯਾਬ ਨਹੀਂ ਹੋ ਸਕੇ।

ਸਾਰੀ ਸਾਰੀ ਉਮਰ ਖੇਤਾਂ ਤੇ ਪੈਲੀਆਂ ਵਿਚ ਬਿਤਾ ਚੁੱਕੇ, ਸੁਹਣੇ ਜੀਵਨ ਨਿਰਬਾਹ ਲਈ ਤਰਸਦੇ ਰਹੇ ਤੇ ਹੱਡ ਭੰਨਵੀਂ ਮਿਹਨਤ ਕਰਦਿਆਂ ਵੀ ਅਮਨ-ਚੈਨ ਨੂੰ ਤਲਾਸ਼ਦੇ ਇਹ ਕਿਸਮਤਾਂ ਮਾਰੇ ਕਿਸਾਨ ਜੇਕਰ ਮੁੜ ਘਰਾਂ ਟਿਕਾਣਿਆਂ ਨੂੰ ਛੱਡ ਕੇ ਨੀਤੀ-ਘਾੜਿਆਂ ਕੋਲ ਰੋਸ ਪ੍ਰਗਟਾਉਣ ਨਿਕਲੇ ਤਾਂ



ਡਾਹਢਿਆਂ ਨੇ ਰਾਹ ਹੀ ਰੋਕ ਦਿੱਤੇ। ਆਪਣੇ ਹੱਕਾਂ ਲਈ ਵਿਰੋਧ ਕਰਨਾ ਹਰੇਕ ਦਾ ਜਮਹੂਰੀ ਹੱਕ ਹੈ ਪਰ ਸਾਡੇ ਦੇਸ਼ ਵਿਚ ਅੰਨਦਾਤੇ ਲਈ ਸਭ ਕੁਝ ਵਰਜਿਤ ਦਿਸਦਾ ਹੈ। ਇੰਵ ਕੇਂਦਰੀ ਸਰਕਾਰ ਵਲੋਂ ਸਾਲਾਂ ਬੱਧੀ ਰੱਦ ਕੀਤੇ ਤਿੰਨ ਖੇਤੀ ਕਾਨੂੰਨਾਂ ਉਪਰੰਤ, ਕੀਤੇ ਘੱਟੋ ਘੱਟ ਸਮਰਥਨ ਮੁੱਲ ਨਿਰਧਾਰਨ ਦੇ ਲਾਰੇ, ਡਾ. ਸਵਾਮੀਨਾਥਨ ਖੇਤੀ ਰਿਪੋਰਟ ਲਾਗੂ ਕਰਨ ਦੇ ਵਾਅਦੇ, ਬਜ਼ੁਰਗ ਕਿਸਾਨਾਂ ਨੂੰ ਪੈਨਸ਼ਨ ਦੇਣ ਦੀ ਸਹੂਲਤ ਆਦਿ ਲਈ ਭਖਿਆ ਇਹ ਕਿਸਾਨ ਅੰਦੋਲਨ ਕਦੋਂ ਸਿਰੇ ਚੜ੍ਹਦਾ ਹੈ, ਕੀ ਕੁਝ ਪ੍ਰਾਪਤੀਆਂ ਕਰਦਾ ਹੈ, ਇਹ ਸਭ ਕੁਝ ਅਜੇ ਭਵਿੱਖ ਦੇ ਗਰਭ ਵਿਚ ਹੀ ਹੈ।



ਕੁਝ ਸਿਰਫਿਰੇ ਕਹਿ ਰਹੇ ਹਨ ਕਿ ਇਹ ਅੰਦੋਲਨ ਕੇਵਲ ਪੰਜਾਬ ਦੇ ਕਿਸਾਨਾਂ ਵਲੋਂ ਹੈ। ਹਾਂ, ਜੇ ਹਰਿਆਣੇ, ਕਰਨਾਟਕਾ ਤੇ ਹੋਰ ਰਾਜਾਂ ਦੇ ਕਿਸਾਨ ਜੇਲ੍ਹੀ ਡੱਕ ਦਿੱਤੇ ਜਾਣ, ਡਰਾਏ ਧਮਕਾਏ ਜਾਣ ਤੇ ਨਜ਼ਰਬੰਦ ਕਰ ਦਿੱਤੇ ਜਾਣ ਤਾਂ ਫਿਰ ਪੰਜਾਬੀ ਇਨਕਲਾਬ ਲਿਆਉਣ ਲਈ ਇਕੱਲੇ ਹੀ ਕਾਫੀ ਹਨ ਕਿਉਂਕਿ ਇਨ੍ਹਾਂ ਦੀਆਂ ਰਗਾਂ ਵਿਚ ਇਨਕਲਾਬੀ ਰਹਿਬਰਾਂ, ਪਰਮ ਪੁਰਖਿਆਂ ਤੇ ਆਗੂਆਂ ਦਾ ਖ਼ੂਨ ਹੈ ਜਿਹੜੇ ਸਦਾ ਹੱਕ, ਸੱਚ, ਇਨਸਾਫ਼, ਬਰਾਬਰੀ, ਏਕਤਾ, ਅਖੰਡਤਾ ਤੇ ਇਕਸੁਰਤਾ ਲਈ ਜੂਝਦੇ ਰਹੇ ਹਨ । ਤਾਂ ਹੀ ਕਵੀ ਪਾਸ਼ ਕਹਿੰਦਾ ਹੈ:-

ਮੇਰੇ ਤੋਂ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।



ਸਾਡੀ ਬਲੈਰੋ, ਜਿਉਂ ਹੀ 'ਨੋ ਐਂਟਰੀ' ਵਾਲੇ ਮੋੜ 'ਤੇ ਪੁੱਜੀ, ਕੁਝ ਸਿਆਣੇ ਵੀਰਾਂ ਨੇ ਹੱਥ ਦੇ ਕੇ ਸਾਨੂੰ ਉਤਰਨ ਦਾ ਇਸ਼ਾਰਾ ਕੀਤਾ। 100 ਕੁ ਫੁੱਟ ਅਗਾਂਹ ਇਕ ਅਜੀਬ ਦ੍ਰਿਸ਼ ਸੀ- ਹਰਿਆਣਾ ਵਿਖੇ ਸੁਰੱਖਿਆ ਬਲਾਂ ਦੀਆਂ ਡਾਰਾਂ, ਤੇ ਹੋਰ ਪਿੱਛੇ ਰੋਕਾਂ-ਰੁਕਾਵਟਾਂ ਦਾ ਖ਼ੌਫ਼ਨਾਕ ਸਿਲਸਿਲਾ। ਬੰਨ੍ਹ ਲਾਈ ਖੜ੍ਹੇ ਸੇਵਾਦਾਰ ਕਿਸਾਨ ਵੀਰਾਂ ਨਾਲ ਗੱਲਬਾਤ ਕੀਤੀ ਤਾਂ ਲਿਖਣ ਪੜ੍ਹਨ ਦੇ ਮੱਦੇਨਜ਼ਰ, ਦਾਸਰੀ ਨੂੰ ਅਗਾਂਹ ਜਾਣ ਦੀ ਬੇਨਤੀ ਤਾਂ ਉਨ੍ਹਾਂ ਨੇ ਮੰਨ ਲਈ ਪਰੰਤੂ ਬਾਕੀ ਬੀਬੀਆਂ ਨੂੰ ਉੱਧਰਲੇ ਪਾਸੇ ਜਾਣ ਦੀ ਇਜਾਜਤ ਨਾ ਮਿਲੀ। ਸੀਜ਼ ਫਾਇਰ ਵਾਲੀ ਸਥਿਤੀ ਹੋਣ ਕਰਕੇ ਭਾਵੇਂ ਕੋਈ ਬੇਹੂਦਗੀ, ਵਧੀਕੀ ਤੇ ਗੋਲਾਬਾਰੀ ਤਾਂ ਨਹੀਂ ਸੀ ਹੋ ਰਹੀ ਪਰ ਇਹਤਿਆਤਨ ਹੀ ਦੋਵੇਂ ਧਿਰਾਂ ਜਾਗਰੂਕ ਸਨ। ਇਸ ਚੁੱਪ ਚਾਂਅ ਵਿਚ ਵੀ ਵਿਰੋਧ, ਨਾਬਰੀ ਤੇ ਬੇਗਾਨਗੀ ਦਾ ਆਲਮ ਮੌਜੂਦ ਸੀ। ਆਖ਼ਰ ਹਰਿਆਣੇ ਨੇ ਸਾਡੇ ਰਾਹ ਕਿਉਂ ਰੋਕੇ? ਕਿਉਂ ਸਾਨੂੰ ਗੋਲੀਆਂ, ਪਾਣੀ ਦੀਆਂ ਤੋਪਾਂ ਤੇ ਅੱਥਰੂ ਗੈਸਾਂ ਨਾਲ ਅੰਨ੍ਹੇ ਕੀਤਾ? ਜ਼ਖ਼ਮੀ ਕਰਕੇ ਮੌਤ ਦੇ ਘਾਟ ਵੀ ਉਤਾਰਿਆ। ਵਰਜਿਤ ਗੋਲਾ ਬਾਰੂਦ ਵੀ ਦਾਗਿਆ ਤੇ ਬਾਕਾਇਦਾ ਗੋਲੀ ਵੀ ਚਲਾਈ - ਇਸ ਰਾਜ ਦੀ ਇਹ ਜੁਰਅਤ ਕਿਵੇਂ ਹੋਈ? ਪੰਜਾਬੀ ਕਿਸਾਨਾਂ 'ਤੇ ਕੀਤੇ ਹਰਿਆਣਵੀਂ ਜ਼ੁਲਮਾਂ ਨੇ ਨਾ ਕੇਵਲ ਹਰਿਆਣੇ ਵਿਚ ਹੀ ਬਲਕਿ ਸਮੁੱਚੇ ਦੇਸ਼ ਵਿਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ। ਮੋਦੀ ਰਾਜ 'ਤੇ ਜ਼ਾਹਰ ਇਲਜ਼ਾਮ ਲੱਗ ਰਹੇ ਸਨ। ਆਪਣੇ ਆਪ ਨੂੰ ਪਾਕਿ-ਦਾਮਨ ਸਾਬਿਤ ਕਰਨ ਲਈ ਹਰਿਆਣੇ ਵਿਚ ਚਿਹਰਾ-ਬਦਲੀ ਨਾਟਕ ਵੀ ਕੇਂਦਰ ਦਾ ਇਕ ਨਿਯੋਜਤ ਕਦਮ ਸੀ।



ਘੰਟਿਆਂਬੱਧੀ, ਸ਼ੰਭੂ ਦੀ ਟਰਾਲੀਆਂ ਵਿਚ ਵਸਦੀ ਨਗਰੀ ਦਾ ਚੱਕਰ ਲਾਉਂਦਿਆਂ ਅਸੀਂ ਕਿਸਾਨ ਭਾਈਚਾਰੇ ਦੀਆਂ ਮੁਸ਼ਕਲਾਂ ਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ ਕਿ ਕਿਵੇਂ ਔਰਤਾਂ ਨੂੰ ਨਹਾਉਣ, ਧੋਣ ਤੇ ਹੋਰ ਕਿਰਿਆ ਕਰਮ ਵਿਚ ਦਿੱਕਤਾਂ ਦਰਪੇਸ਼ ਹਨ। ਭਾਵੇਂ ਅਦਾਲਤਾਂ, ਅੰਦੋਲਨ ਵਿਚ, ਬੱਚਿਆਂ ਤੇ ਬੀਬੀਆਂ ਦੀ ਸ਼ਮੂਲੀਅਤ ਦਾ ਵਿਰੋਧ ਕਰਦੀਆਂ ਹਨ ਪਰੰਤੂ ਪਹਿਲੇ ਕਿਸਾਨ ਅੰਦੋਲਨ ਵੇਲੇ ਵੀ ਇਹ ਜੰਗ ਇਕੱਠਿਆਂ ਨੇ ਹੀ ਲੜੀ ਸੀ ਤੇ ਹੁਣ ਵੀ ਕਿਸਾਨੀ ਦੀ ਲੜਾਈ ਪਰਿਵਾਰਾਂ ਦੀ ਲੜਾਈ ਵਜੋਂ ਲੜੀ ਜਾ ਰਹੀ ਹੈ। ਕਿਸਾਨ ਔਰਤਾਂ, ਘਰ, ਬਾਹਰ, ਖੇਤ ਖਲਿਹਾਣ ਗੱਲ ਕੀ ਹਰ ਥਾਂ ਬਰਾਬਰ ਤੌਰ ਤੇ ਕਾਰਜਸ਼ੀਲ ਦੇਖੀਆਂ। ਕੇਂਦਰ ਸਰਕਾਰ ਨੂੰ ਫੌਰਨ, ਇਸ ਭਾਈਚਾਰੇ ਦੀਆ ਵਾਜਿਬ ਮੰਗਾਂ ਮੰਨ ਕੇ, ਇਨ੍ਹਾਂ ਨੂੰ ਘਰੀਂ ਤੋਰ ਦੇਣਾ ਚਾਹੀਦਾ ਹੈ। ਅੰਨਦਾਤਾ ਦਾ ਟਿਕਾਣਾ ਸੜਕਾਂ/ਚੌਰਾਹੇ ਨਹੀਂ ਖੇਤ ਤੇ ਬੰਬੀਆਂ ਹਨ।



-0-

# ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ

**-ਰਮੇਸ਼ ਬੱਗਾ ਚੋਹਲਾ 9463132719**


ਜਦੋਂ ਜਗਤ ਗੁਰੂ ਨੇ ਨਿਰਮਲ ਪੰਥ ਦੀ ਨੀਂਹ ਰੱਖੀ ਤਾਂ ਇਸ ਪੰਥ ਵਿਚ ਪ੍ਰਵੇਸ਼ ਕਰਨ ਲਈ ਇੱਕ ਲਾਜ਼ਮੀ ਸ਼ਰਤ ਵੀ ਲਗਾ ਦਿੱਤੀ। ਇਸ ਸ਼ਰਤ ਦੇ ਮੁਤਾਬਿਕ:-

ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਭਾਵ ਇਸ ਨਿਰਮਲ ਪੰਥ ਦਾ ਭਾਗੀਦਾਰ ਬਣਨ ਲਈ ਆਪਣਾ ਤਨ ਅਤੇ ਮਨ ਪੂਰਨ ਰੂਪ ਵਿਚ ਗੁਰੂ/ਸਿਧਾਂਤ ਨੂੰ ਸਮਰਪਿਤ ਕਰਨ ਲਈ ਕਹਿ ਦਿੱਤਾ।

ਸਿੱਖੀ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਵੇਰੇ-ਸ਼ਾਮ ਸਰਬੱਤ ਦਾ ਭਲਾ ਲੋਚਦੀ ਹੈ। ਇਸ ਲੋਚਾ ਮੁਤਾਬਿਕ ਪੂਰੇ/ਖ਼ਰੇ ਉਤਰਨ ਦੀ ਆਸ ਇੱਕ ਸਮਰਪਿਤ ਸਿੱਖ/ਸ਼ਰਧਾਲੂ ਕੋਲੋਂ ਹੀ ਕੀਤੀ ਜਾ ਸਕਦੀ ਹੈ। ਸੇਵਾ, ਸਿਮਰਨ ਅਤੇ ਪਰਉਪਕਾਰੀ ਜੀਵਨ ਸਿੱਖ ਫ਼ਲਸਫ਼ੇ ਦਾ ਅਹਿਮ ਹਿੱਸਾ ਹਨ। ਇਸ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਇਸ ਯੋਗਦਾਨ ਵਿਚ ਮਹਾਨ ਕੁਰਬਾਨੀਆਂ/ਸ਼ਹੀਦੀਆਂਵੀ ਹੋਈਆਂ ਹਨ ਜਿਹੜੀਆਂ ਸਮੇਂ-ਸਮੇਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਵੱਲੋਂ ਕੀਤੀਆਂ/ਦਿੱਤੀਆਂ ਗਈਆਂ ਹਨ। ਗੁਰੂ ਸਾਹਿਬ ਵੱਲੋਂ ਪਾਈ ਵੰਗਾਰ (ਸੀਸ ਤਲੀ 'ਤੇ ਧਰਨ) ਦੇ ਹੁੰਗਾਰੇ ਵਜੋਂ ਬਹੁਤ ਸਾਰੇ ਸਿੱਖ ਤਲਵਾਰ ਦੀ ਧਾਰ 'ਤੇ ਤੁਰ ਕੇ ਸਿੱਖ ਇਤਿਹਾਸ ਨੂੰ ਅਮੀਰ ਬਣਾਉਂਦੇ ਰਹੇ ਹਨ। ਇਨ੍ਹਾਂ ਪ੍ਰਮੁੱਖ ਸਿੱਖਾਂ ਵਿਚ ਹੀ ਸ਼ਾਮਿਲ ਹੈ 'ਸੁਲਤਾਨ-ਉੱਲ-ਕੌਮ' ਸ. ਜੱਸਾ ਸਿੰਘ ਆਹਲੂਵਾਲੀਏ ਦਾ ਨਾਮ।

ਸੰਤ-ਸਿਪਾਹੀ ਬਿਰਤੀ ਦੇ ਧਨੀ ਸ.ਜੱਸਾ ਸਿੰਘ ਆਹਲੂਵਾਲੀਏ ਦਾ ਜਨਮ 3 ਮਈ 1718 ਈ ਨੂੰ ਸ. ਬਦਰ ਸਿੰਘ ਅਤੇ ਮਾਤਾ ਜੀਵਨ ਕੌਰ (ਕੁੱਝ ਕੁ ਇਤਿਹਾਸਕਾਰਾਂ ਮੁਤਾਬਿਕ ਮਾਤਾ ਦਾ ਨਾਮ ਗੁਜ਼ਰੀ ਹੈ) ਦੇ ਗ੍ਰਹਿ ਵਿਖੇ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਸ ਪਰਿਵਾਰ ਦੇ ਵਡੇਰੇ ਸ.ਬਦਰ ਸਿੰਘ ਅਤੇ ਦੇਵਾ ਸਿੰਘ (ਦਾਦਾ) ਗੁਰੂ ਘਰ ਦੇ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਜੱਸਾ ਸਿੰਘ ਦੀ ਮਾਤਾ ਵੀ ਸਿੱਖੀ ਸਰੂਪ ਵਿਚ ਪ੍ਰਪੱਕ ਅਤੇ ਨਿੱਤਨੇਮ ਵਾਲੀ ਔਰਤ ਸੀ। ਸ਼ਬਦ ਚੌਂਕੀ ਲਗਾਉਣਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਉਸ ਦੇ ਨਿੱਤਨੇਮ ਵਿਚ ਸ਼ਾਮਿਲ ਸੀ।



**ਸ. ਜੱਸਾ ਸਿੰਘ ਆਹਲੂਵਾਲੀਏ ਦੇ ਵਿਅਕਤੀਤਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ। ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ। ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗ਼ਮ ਅਤੇ ਉਸ ਦੀਆਂ ਕੁੱਝ ਨਜਦੀਕੀ ਔਰਤਾਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ। ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਨਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਵਾਂ ਉਪਰ ਪਹੁੰਚਾਇਆ।**

ਜਦੋਂ ਜੱਸਾ ਸਿੰਘ ਅਜੇ ਚਾਰ ਕੁ ਸਾਲ ਦਾ ਹੀ ਹੋਇਆ ਸੀ ਕਿ ਪਿਤਾ ਸ. ਬਦਰ ਸਿੰਘ ਚੜ੍ਹਾਈ ਕਰ ਗਿਆ। ਯਤੀਮ ਹੋਏ ਬਾਲਕ ਲਈ ਹੁਣ ਕੇਵਲ ਮਾਤਾ ਦਾ ਹੀ ਸਹਾਰਾ ਰਹਿ ਗਿਆ ਸੀ। ਮਾਂ ਦੇ ਸਹਾਰੇ ਦੇ ਨਾਲ-ਨਾਲ ਗੁਰਬਾਣੀ ਦਾ ਓਟ-ਆਸਰਾ ਵੀ ਉਸ ਦੇ ਜੀਵਨ ਦਾ ਆਧਾਰ ਬਣਨ ਲੱਗਾ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖ਼ਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰੀ ਜੀ ਕਰ ਰਹੇ ਸਨ। ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਅਤੇ ਮਾਮਾ ਸ. ਬਾਘ ਸਿੰਘ ਨਾਲ ਮਾਤਾ ਸੁੰਦਰੀ ਜੀ ਕੋਲੋ ਅਸ਼ੀਰਵਾਦ ਲੈਣ ਲਈ ਗਏ। ਮਾਤਾ ਜੀ ਉਸ ਦੇ ਰਸ ਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ ਅਤੇ ਪੁੱਤਾਂ ਵਾਂਗ ਪਿਆਰ ਕਰਨ ਲੱਗੇ। ਮਾਤਾ ਸੁੰਦਰੀ ਜੀ ਦੀ ਸੰਗਤ ਕਰਕੇ ਬਾਲਕ ਜੱਸਾ ਸਿੰਘ ਨੇ ਕਈ ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਹੜੀਆਂ ਉਸ ਨੂੰ ਸਿੱਖੀ ਦੇ ਦੋ ਥੰਮਾਂ ਸੇਵਾ ਅਤੇ ਸਿਮਰਨ ਨਾਲ ਜੋੜਨ ਵਿਚ ਸਹਾਈ ਸਾਬਤ ਹੋਈਆਂ।

ਸੱਤ ਸਾਲ ਦਿੱਲੀ ਵਿਖੇ ਰਹਿਣ ਤੋਂ ਬਾਅਦ ਸ. ਜੱਸਾ ਸਿੰਘ ਆਹਲੂਵਾਲੀਆ ਜਲੰਧਰ ਵਿਖੇ ਆਪਣੇ ਮਾਮਾ ਬਾਘ ਸਿੰਘ ਹੱਲੋਵਾਲੀਆ ਕੋਲ ਆ ਗਿਆ। ਆਪਣੀ ਭੈਣ ਅਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਜੀ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ। ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਜੱਸਾ ਸਿੰਘ ਨੂੰ ਪੱਕੇ ਤੌਰ 'ਤੇ ਆਪਣੇ ਕੋਲ ਰੱਖਣ ਲਈ ਕਹਿਣ ਲੱਗੇ। ਮਾਮਾ ਬਾਘ ਸਿੰਘ ਜੀ ਪੰਥ ਦੀ ਸਿਰਮੌਰ ਸਖਸ਼ੀਅਤ ਦਾ ਕਿਹਾ ਨਾ ਮੋੜ ਸਕੇ। ਨਵਾਬ ਸਾਹਿਬ ਦੀ ਆਪਣੀ ਸੰਤਾਨ ਨਾ ਹੋਣ ਕਰਕੇ ਉਹ ਜੱਸਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਹੀ

ਪਿਆਰਨ ਅਤੇ ਦੁਲਾਰਨ ਲੱਗੇ।

ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਦੇ ਨਿਖਰੇ (ਰਹਿਤ-ਬਹਿਤ ਵਾਲੇ) ਜੀਵਨ ਨੂੰ ਦੇਖ ਕੇ ਉਸ ਨੂੰ (ਪੰਜਾਂ ਪਿਆਰਿਆਂ ਕੋਲੋਂ) ਖੰਡੇ-ਬਾਟੇ ਦੀ ਪਹੁਲ ਛਕਾ ਦਿੱਤੀ। ਪਾਹੁਲ ਛੱਕਣ ਤੋਂ ਬਾਅਦ ਸ. ਜੱਸਾ ਸਿੰਘ ਤਨੋਂ-ਮਨੋਂ ਗੁਰੂ ਘਰ ਨੂੰ ਸਮਰਪਿਤ ਹੋ ਗਿਆ। ਖ਼ਾਲਸੇ ਦੇ ਦੀਵਾਨਾਂ ਵਿਚ ਸਵੇਰੇ-ਸ਼ਾਮ ਸੰਗਤ ਦੀ ਸੇਵਾ (ਪੱਖਾ ਝੱਲ ਕੇ), ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਵੱਧ ਚੜ੍ਹਕੇ ਭਾਗ ਲੈਣ ਲੱਗਾ। ਗੁਰੂ-ਘਰ ਪ੍ਰਤੀ ਸੁੱਚੀ ਲਗਨ ਨੂੰ ਦੇਖ ਕੇ ਨਾਨਕ ਨਾਮ-ਲੇਵਾ ਸੰਗਤ ਵੀ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਦੇਣ ਲੱਗੀ।

ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ, ਨੇਜਾਬਾਜ਼ੀ, ਤੀਰ ਅੰਦਾਜ਼ੀ ਅਤੇ ਤੇਗ਼ ਚਲਾਉਣੀ ਬਾ ਖ਼ੂਬੀ ਸਿਖ ਲਈ। ਇਸ ਸਿਖਲਾਈ ਤੋਂ ਬਾਅਦ ਉਹ ਯੁੱਧ-ਕਲਾ ਵਿਚ ਕਾਫ਼ੀ ਨਿਪੁੰਨ ਹੋ ਗਿਆ।

ਛੋਟੀ ਉਮਰੇ ਦਿੱਲੀ ਵਿਖੇ ਰਹਿਣ ਕਰਕੇ ਸ. ਜੱਸਾ ਸਿੰਘ ਆਹਲੂਵਾਲੀਏ ਦੀ ਬੋਲ-ਬਾਣੀ ਵਿਚ ਹਿੰਦੀ ਅਤੇ ਉਰਦੂ ਦੇ ਕੁੱਝ ਲਫ਼ਜ਼ਾਂ ਦੀ ਰਲਾਵਟ ਹੋ ਗਈ ਸੀ,ਜਿਸ ਕਰਕੇ ਨਾਲ ਦੇ ਸਿੰਘ ਉਸ ਨੂੰ 'ਹਮਕੋ-ਤੁਮਕੋ' ਕਹਿ ਕੇ ਮਖੌਲ ਕਰਦੇ ਸਨ। ਇੱਕ ਦਿਨ ਜੱਸਾ ਸਿੰਘ ਇਸ ਮਖੌਲ ਦਾ ਬੁਰਾ ਮਨਾ ਗਿਆ ਅਤੇ ਨਵਾਬ ਸਾਹਿਬ ਕੋਲ ਸ਼ਿਕਾਇਤ ਕਰ ਦਿੱਤੀ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਪਿਆਰ ਨਾਲ ਸਮਝਾਇਆ ਕਿ "ਇਹ ਕਲਗੀਧਰ ਦਾ ਖ਼ਾਲਸਾ ਹੈ,ਜੇ ਇਹ ਮੇਰੇ ਵਰਗੇ (ਘੋੜਿਆਂ ਦੀ ਲਿੱਦ ਚੁੱਕਣ ਵਾਲੇ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਬਾਦਸ਼ਾਹ/ਪਾਤਸ਼ਾਹ ਹੀ ਬਣਾ ਦੇਵੇ।"

ਨਵਾਬ ਸਾਹਿਬ ਦੀ ਕੀਤੀ ਹੋਈ ਇਹ ਭਵਿੱਖਬਾਣੀ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਜਦੋਂ 1762 ਈ. ਵਿਚ ਖ਼ਾਲਸਾ ਪੰਥ ਨੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਲਕਬ ਨਾਲ ਨਿਵਾਜ਼ ਦਿੱਤਾ।

ਹੁਣ ਜਿਵੇਂ-ਜਿਵੇਂ ਸ. ਜੱਸਾ ਸਿੰਘ ਆਹਲੂਵਾਲੀਆ ਆਪਣੀ ਹਯਾਤੀ ਦਾ ਸਫ਼ਰ ਤਹਿ ਕਰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਆਪਣੀ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਹੋਈ ਜਾ ਰਿਹਾ ਸੀ। ਇੱਕ ਰਾਤ ਬਹੁਤ ਤੇਜ ਬਾਰਸ਼ ਹੋ ਰਹੀ ਸੀ। ਨਵਾਬ ਕਪੂਰ ਸਿੰਘ ਨੇ ਕਈ ਵਾਰ ਆਵਾਜ਼ ਦਿੱਤੀ, 'ਪਹਿਰੇ 'ਤੇ ਕੌਣ ਹੈ, ਹਾਜ਼ਰ ਹੋਵੇ?' ਜਵਾਬ ਵਿਚ ਹਰ ਵਾਰੀ ਸ. ਜੱਸਾ ਸਿੰਘ 'ਆਇਆ ਜੀ' ਕਹਿ ਕੇ ਹਾਜ਼ਰ ਹੋ ਜਾਂਦਾ। ਉਸ ਦੀ ਇਸ ਵਫ਼ਾਦਾਰੀ ਨੂੰ ਦੇਖ ਕੇ ਨਵਾਬ ਸਾਹਿਬ ਨੇ ਉਸ ਨੂੰ ਆਪਣਾ ਅਹਿਲਕਾਰ ਬਣਾ ਲਿਆ।

20 ਕੁ ਸਾਲ ਦੀ ਉਮਰ ਵਿਚ ਸ. ਜੱਸਾ ਸਿੰਘ ਆਹਲੂਵਾਲੀਏ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋ ਗਿਆ ਕਿ "ਅਜਿਹੇ ਲੋਕਾਂ (ਖ਼ਾਲਸਾ ਪੰਥ) ਤੋਂ ਡਰਨਾ ਚਾਹੀਦਾ ਹੈ, ਉਹ ਸਮਾਂ ਦੂਰ ਨਹੀਂ ਜਦੋਂ ਇਸ ਮੁਲਕ ਦੀ ਮਲਕੀਅਤ ਇਨ੍ਹਾਂ ਲੋਕਾਂ ਦੇ ਹੱਥ ਹੋਵੇਗੀ।"

ਸ. ਜੱਸਾ ਸਿੰਘ ਆਹਲੂਵਾਲੀਏ ਦੇ ਵਿਅਕਤੀਤਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ। ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜ੍ਹਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ। ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗ਼ਮ ਅਤੇ ਉਸ ਦੀਆਂ ਕੁੱਝ ਨਜਦੀਕੀ ਔਰਤਾਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ। ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਵਾਂ ਉਪਰ ਪਹੁੰਚਾਇਆ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਸ. ਜੱਸਾ ਸਿੰਘ ਆਹਲੂਵਾਲੀਆ 18ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ ਹੋਇਆ ਹੈ ਜਿਹੜਾ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਵਧਾਉਣ ਲਈ ਸੀਸ ਤਲੀ 'ਤੇ ਧਰ ਕੇ ਮੈਦਾਨ-ਏ-ਜੰਗ ਵਿਚ ਜੂਝਦਾ ਰਿਹਾ ਹੈ। ਉਸ ਦੀ ਇਸ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਨੇ ਜਿਥੇ ਸਿੱਖ ਇਤਿਹਾਸ ਦੇ ਮਾਣ ਨੂੰ ਵਧਾਇਆ ਹੈ, ਉਥੇ ਵਾਲੀਆ ਭਾਈਚਾਰੇ ਦਾ ਸਿਰ ਵੀ ਉਚਿਆਇਆ ਹੈ। -0-

# ਸ. ਜਤਿੰਦਰਪਾਲ ਸਿੰਘ ਦਾ ਅਕਾਲ ਚਲਾਣਾ

**ਹਮੇਸ਼ਾਂ ਚੜ੍ਹਦੀ ਕਲਾ ਦੀਆਂ ਗੱਲਾਂ ਕਰਨ ਵਾਲੇ ਸ. ਜਤਿੰਦਰਪਾਲ ਸਿੰਘ ਇਕ ਹਾਦਸੇ ਵਿਚ ਅਕਾਲ ਚਲਾਣਾ ਕਰ ਗਏ। ਸ. 'ਜਸਵੰਤ ਸਿੰਘ ਜਫਰ' ਨੇ ਕੁਝ ਸ਼ਬਦ ਉਨ੍ਹਾਂ ਬਾਰੇ ਲਿਖੇ ਜਿਹੜੇ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ**

ਦੇਸ਼ੋਂ ਦੂਰ ਬੈਠਿਆਂ ਖ਼ਬਰ ਮਿਲੀ ਹੈ ਕਿ ਅਸੰਭਵ ਨੂੰ ਸੰਭਵ ਕਰਨ ਵਾਲਾ, ਹਰ ਸਥਿਤੀ ਚੋਂ ਚੰਗੇਰੀਆਂ ਸੰਭਾਵਨਾਵਾਂ ਪਛਾਣ ਲੈਣ ਵਾਲਾ, ਸੰਭਵ ਫਾਊਂਡੇਸ਼ਨ ਦਾ ਰੂਹੇ ਰਵਾਂ, ਸਕਾਰਾਤਮਕ ਊਰਜਾ ਨਾਲ ਤੁੰਨ ਕੇ ਭਰਿਆ ਹੋਇਆ, ਵੱਡੇ ਵੱਡੇ ਸੁਪਨੇ ਦੇਖਣ ਵਾਲਾ, ਸ਼ੁਭ ਕਰਮਨਾ ਦਾ ਮੁਜੱਸਮਾ, ਹਮੇਸ਼ਾ ਚੰਗਿਆਂ ਦੀ ਸੰਗਤ ਤਲਾਸ਼ ਕਰਨ ਵਾਲਾ, ਬੇਝਿਜਕ ਬੋਲਣ ਨੱਚਣ ਤੇ ਗਾਉਣ ਵਾਲਾ, ਆਪਣੇ ਆਪ ਦਾ ਰੱਜ ਕੇ ਮਜ਼ਾਕ ਉਡਾ ਲੈਣ ਵਾਲਾ, ਬੱਚਿਆਂ ਦਾ ਛੋਟੂ ਮੋਟੂ ਅੰਕਲ, ਬਹੁਤ ਕਰੀਬੀ ਸੱਜਣ ਪਿਆਰਾ ਜਤਿੰਦਰ ਸਿੰਘ ਮਨਚੰਦਾ ਸਰੀਰਕ ਤੌਰ 'ਤੇ ਨਹੀਂ ਰਿਹਾ।



ਉਸ ਕੋਲ ਆਪਣੀ ਜਾਣ ਪਛਾਣ ਦੇ ਸਾਰੇ ਬੰਦਿਆਂ ਦੇ ਗੁਣਾਂ ਤੇ ਯੋਗਤਾਵਾਂ ਦੀ ਸੂਚੀ ਹੁੰਦੀ। ਕਵੀਆਂ ਦੇ ਗੰਭੀਰ ਸੁਭਾਅ ਨੂੰ ਘੱਟ ਪਸੰਦ ਕਰਦਾ ਪਰ ਆਪਣੇ ਮਤਲਬ ਦੀਆਂ ਕਵਿਤਾਵਾਂ ਯਾਦ ਕਰਕੇ ਰੱਖਦਾ। ਅਖੇ, "ਮੈਂ ਭਾਪਾ ਹੁੰਨਾ ਅਤੇ ਸਿਰਫ ਆਪਣੇ ਫਾਇਦੇ ਦੀਆਂ ਗੱਲਾਂ ਚੇਤੇ ਰੱਖਦਾਂ।"

ਕਿਸੇ ਨੂੰ ਮੇਰੀ ਕਵਿਤਾ ਸੁਣਾ ਕੇ ਪ੍ਰਭਾਵਿਤ ਕਰ ਲੈਂਦਾ ਤਾਂ ਫੋਨ ਕਰਦਾ,"ਜ਼ਫ਼ਰ ਯਾਰ, ਤੂੰ ਕਵਿਤਾ ਲਿਖ ਕੇ ਕੀ ਖੱਟਿਆ, ਖੱਟ ਤਾਂ ਅਸੀਂ ਗਏ ਤੈਨੂੰ ਪੜ੍ਹਨ ਵਾਲੇ, ਅਗਾਂਹ ਸੁਣਾਉਣ ਵਾਲੇ।"

ਕਦੀ ਸਿਰਫ ਏਨਾ ਦੱਸਣ ਲਈ ਫੋਨ ਕਰਦਾ, "ਤੇਰੀ ਰੱਬ ਵਾਲੀ ਕਵਿਤਾ ਪੜ੍ਹ ਕੇ ਹਟਿਆਂ, ਜੱਫੀ ਪਾਉਣ ਨੂੰ ਜੀ ਕਰਦਾ ਸੀ।"

ਉਸਦੀਆਂ ਅਜਿਹੀਆਂ ਅਣਗਿਣਤ ਗੱਲਾਂ ਹਮੇਸ਼ਾ ਯਾਦ ਆਉਂਦੀਆਂ ਰਹਿਣਗੀਆਂ। ਸਰੀਰਕ ਤੌਰ ਤੇ ਨਾ ਸਹੀ ਆਪਣੇ ਵਿਚਾਰਾਂ, ਸੁਭਾਅ, ਕੰਮਾਂ ਅਤੇ ਰਲ ਕੇ ਕੀਤੀਆਂ ਯਾਤਰਾਵਾਂ ਅਤੇ ਰਲ ਕੇ ਬਤਾਏ ਪਲਾਂ ਦੇ ਹਵਾਲੇ ਨਾਲ ਹਮੇਸ਼ਾ ਚੇਤੇ ਰਹੇਗਾ।

ਬਹੁਤ ਕੁਝ ਲਿਖਿਆ ਜਾ ਸਕਦਾ ਹੈ ਉਸ ਬਾਰੇ ਕਦੇ ਫਿਰ ਸਹੀ, ਅਜੇ ਮਨ ਭਰਿਆ ਹੈ।

-0-




# ਯੈਲੋ, ਰੈੱਡ ਅਤੇ ਔਰੇਂਜ ਅਲਰਟ ਕੀ ਹੁੰਦੇ ਹਨ?

**-ਬਲਵਿੰਦਰ ਸਿੰਘ ਦੌਲਤਪੁਰਾ**

ਪਿਆਰੇ ਬੱਚਿਓ! ਤੁਸੀਂ ਅਕਸਰ ਹੀ ਖ਼ਬਰਾਂ ਵਿੱਚ ਜਾਂ ਅਖ਼ਬਾਰ ਵਿੱਚ ਮੌਸਮ ਨਾਲ ਜੁੜੀ ਖ਼ਬਰ ਸੁਣਦੇ ਹੋ ਜਾਂ ਪੜ੍ਹਦੇ ਹੋ ਤਾਂ ਮੌਸਮ ਵਿਭਾਗ ਵਲੋਂ ਜਾਰੀ ਕੀਤੇ ਅਲਰਟ ਦਾ ਪਤਾ ਲੱਗਦਾ ਹੈ। ਮੌਸਮ ਵਿਭਾਗ ਵਲੋਂ ਤਿੰਨ ਤਰ੍ਹਾਂ ਦੇ ਅਲਰਟ ਜਾਰੀ ਕੀਤੇ ਜਾਂਦੇ ਹਨ, ਇਹ ਹਨ ਯੈਲੋ ਯਾਨੀ ਪੀਲਾ, ਰੈਡ ਯਾਨੀ ਲਾਲ ਅਤੇ ਔਰੇਂਜ ਯਾਨੀ ਸੰਤਰੀ। ਇਹ ਤਿੰਨੋਂ ਵੱਖ-ਵੱਖ ਸਥਿਤੀ ਵਿੱਚ ਜਾਰੀ ਕੀਤੇ ਜਾਂਦੇ ਹਨ। ਤਿੰਨਾਂ ਦੇ ਮਤਲਬ ਵੀ ਅਲੱਗ-ਅਲੱਗ ਹੁੰਦੇ ਹਨ। ਇਨ੍ਹਾਂ ਦੇ ਐਲਾਨ ਕਈ ਤਰ੍ਹਾਂ ਦੇ ਮਾਪਦੰਡਾਂ ਤੋਂ ਪਤਾ ਲੱਗਦਾ ਹੈ। ਮੀਂਹ, ਬਰਫ਼, ਗਰਜ, ਤੂਫ਼ਾਨ, ਗੜੇਮਾਰੀ, ਹਨੇਰੀ, ਗਰਮ ਜਾਂ ਠੰਢੀਆਂ ਹਵਾਵਾਂ, ਹਵਾ ਦੀ ਚਾਲ, ਧੁੰਦ ਆਦਿ ਮੌਸਮੀ ਹਾਲਤਾਂ ਨੂੰ ਵੇਖ ਕੇ ਅਲਰਟ ਜਾਰੀ ਹੁੰਦੇ ਹਨ।

**ਯੈਲੋ ਅਲਰਟ**

ਮੌਸਮ ਵਿਭਾਗ ਵਲੋਂ ਯੈਲੋ ਅਲਰਟ ਚਿਤਾਵਨੀ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਦਾ ਮਕਸਦ ਲੋਕਾਂ ਨੂੰ ਆਉਣ ਵਾਲੇ ਸਮੇਂ ਵਿਚ ਚੌਕੰਨੇ ਕਰਨਾ ਹੁੰਦਾ ਹੈ। ਹੋਣ ਵਾਲੇ ਖ਼ਰਾਬ ਮੌਸਮ ਲਈ ਤਿਆਰ ਰਹਿਣ ਲਈ ਕਿਹਾ ਜਾਂਦਾ ਹੈ। ਇਸ ਨਾਲ ਰੋਜ਼ਾਨਾ ਜ਼ਿੰਦਗੀ'ਚ ਵਿਘਨ ਪੈ ਸਕਦਾ ਹੈ। ਯੈਲੋ ਅਲਰਟ ਦੌਰਾਨ 24 ਘੰਟਿਆਂ 'ਚ ਮੀਂਹ 64.5 ਮਿਲੀਮੀਟਰ ਵਿਚਕਾਰ ਪੈ ਸਕਦਾ ਹੈ।

**ਔਰੇਂਜ ਅਲਰਟ**

ਔਰੇਂਜ ਅਲਰਟ ਬਹੁਤ ਹੀ ਖਰਾਬ ਮੌਸਮ ਸਮੇਂ ਜਾਰੀ ਕੀਤਾ ਜਾਂਦਾ ਹੈ ਅਤੇ ਲੋਕਾਂ ਨੂੰ ਤਿਆਰ ਰਹਿਣ ਲਈ ਕਿਹਾ ਜਾਂਦਾ ਹੈ। ਇਸ ਦੌਰਾਨ ਮੀਂਹ, ਹਨੇਰੀ, ਗੜੇਮਾਰੀ, ਬਿਜਲੀ ਸਪਲਈ ਵਿਚ ਵਿਘਨ, ਦਰੱਖਤ ਡਿਗਣ, ਸੜਕੀ, ਰੇਲ ਅਤੇ ਹਵਾਈ ਆਵਾਜਾਈ 'ਤੇ ਪ੍ਰਭਾਵ ਪੈਂਦਾ ਹੈ। ਔਰੇਂਜ ਅਲਰਟ ਦੌਰਾਨ ਭਾਰੀ ਤੋਂ ਬਹੁਤ ਭਾਰੀ ਵਰਖਾ ਹੋ ਸਕਦੀ ਹੈ। ਇਸ ਦੌਰਾਨ 115.6 ਮਿਲੀਮੀਟਰ ਤੋਂ 204.4 ਮਿਲੀਮੀਟਰ ਵਿਚਕਾਰ ਵਰਖਾ ਹੋ ਸਕਦੀ ਹੈ।

**ਰੈੱਡ ਅਲਰਟ**

ਰੈੱਡ ਅਲਰਟ ਅਤਿਅੰਤ ਖ਼ਰਾਬ ਮੌਸਮ ਹਾਲਾਤਾਂ ਸਮੇਂ ਜਾਰੀ ਕੀਤਾ ਜਾਂਦਾ ਹੈ। ਆਵਾਜਾਈ ਅਤੇ ਬਿਜਲੀ ਸਪਲਾਈ ਨੂੰ ਪ੍ਰਭਾਵਿਤ ਕਰਦਾ ਹੈ। ਜਾਨ ਨੂੰ ਵੀ ਖ਼ਤਰਾ ਹੋ ਸਕਦਾ ਹੈ। ਇਸ ਦੌਰਾਨ 204.5 ਮਿਲੀਮੀਟਰ ਤੋਂ ਵੱਧ ਵਰਖਾ ਹੋ ਸਕਦੀ ਹੈ। ਭਾਰਤ 'ਚ ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਵਲੋਂ ਮੌਸਮ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਦੀ ਸਥਾਪਨਾ ਸੰਨ 1875 ਵਿੱਚ ਹੋਈ ਸੀ। -0-

## ਭਾਰਤ ਦੇਸ਼ ਸੰਬੰਧੀ ਜਾਣਕਾਰੀ




1. ਭਾਰਤ ਵਿੱਚ ਲੋਕ ਸਭਾ ਸੀਟਾਂ ਦੀ ਗਿਣਤੀ 543 ਹੈ।
2. ਰਾਜ ਸਭਾ ਸੀਟਾਂ ਦੀ ਗਿਣਤੀ 245 ਹੈ।
3. ਦੇਸ਼ ਵਿੱਚ ਕੁਲ ਹਾਈ ਕੋਰਟਾਂ ਦੀ ਗਿਣਤੀ 25 ਹੈ।
4. ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਗਿਣਤੀ 8 ਹੈ।
5. ਦੇਸ਼ ਵਿੱਚ ਕੁਲ ਬਲਾਕ 7000 ਦੇ ਕਰੀਬ ਹਨ।
6. ਦੇਸ਼ ਵਿੱਚ ਇਸ ਸਮੇਂ 797 ਜ਼ਿਲ੍ਹੇ ਹਨ।
7. ਇਸ ਸਮੇਂ ਦੇਸ਼ ਵਿੱਚ ਪਿੰਡਾਂ ਦੀ ਗਿਣਤੀ 664369 ਦੇ ਕਰੀਬ ਹੈ।
8. ਦੇਸ਼ ਵਿੱਚ ਅਧਿਕਾਰਤ ਤੌਰ 'ਤੇ ਭਾਸ਼ਾਵਾਂ ਦੀ ਗਿਣਤੀ 22 ਹੈ।
9. ਖੇਤਰਫਲ ਦੇ ਤੌਰ 'ਤੇ ਦੇਸ਼ ਦਾ ਸਭ ਤੋਂ ਵੱਡਾ ਰਾਜ ਰਾਜਸਥਾਨ ਹੈ।
10. ਖੇਤਰਫਲ ਦੇ ਤੌਰ 'ਤੇ ਦੇਸ਼ ਦਾ ਸਭ ਤੋਂ ਛੋਟਾ ਰਾਜ ਗੋਆ ਹੈ।
11. ਦੇਸ਼ ਦੇ ਮਸ਼ਹੂਰ ਦਰਿਆ ਹਨ: ਇੰਡਸ, ਗੰਗਾ, ਬ੍ਰਹਮਪੁੱਤਰਾ।
12. ਭਾਰਤ ਵਿੱਚ ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਅਖ਼ਬਾਰਾਂ 'ਦਾ ਟਾਈਮਜ਼ ਆਫ਼ ਇੰਡੀਆ' (ਅੰਗਰੇਜ਼ੀ) 'ਦੈਨਿਕ ਜਾਗਰਣ'(ਹਿੰਦੀ), 'ਅਜੀਤ' (ਪੰਜਾਬੀ) ਹੈ।
13. ਭਾਰਤ ਵਿੱਚ ਸਭ ਤੋਂ ਠੰਢਾ ਇਲਾਕਾ ਸਿਆਚਿਨ ਗਲੇਸ਼ੀਅਰ ਲੱਦਾਖ ਵਿੱਚ ਹੈ। ਇੱਥੋਂ ਦਾ ਤਾਪਮਾਨ ਮਨਫੀ 50 ਡਿਗਰੀ ਤੱਕ ਚਲਾ ਜਾਂਦਾ ਹੈ।
14. ਦੇਸ਼ ਦਾ ਸਭ ਤੋਂ ਗਰਮ ਸ਼ਹਿਰ ਗੰਗਾਨਗਰ (ਰਾਜਸਥਾਨ) ਹੈ। ਇੱਥੋਂ ਦਾ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਚਲਾ ਜਾਂਦਾ ਹੈ।
15. ਦੇਸ਼ 15 ਅਗਸਤ, 1947 ਨੂੰ ਆਜ਼ਾਦ ਹੋਇਆ ਅਤੇ 26 ਜਨਵਰੀ, 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਕੀਤਾ ਗਿਆ।

# ਤੈਰਨ ਵਾਲੀ ਮਛੇਰੀ ਬਿੱਲੀ

**ਗੁਰਮੀਤ ਸਿੰਘ # 98884-56910**

ਮਛੇਰੀ ਬਿੱਲੀ (ਫਿਸ਼ਿੰਗ ਕੈਟ) ਹਰੀਕੇ ਵਿਖੇ ਜੈਤੂਨੀ ਹਰੇ-ਭੂਰੇ ਰੰਗ ਨਾਲ ਲੈਸ ਸ਼ਾਮ ਵੇਲੇ ਵੇਖੀ ਜਾ ਸਕਦੀ ਹੈ। ਇਸਦੀ 70 ਫ਼ੀਸਦੀ ਖੁਰਾਕ ਮੱਛੀ ਹੈ। ਇਸੇ ਕਾਰਨ ਉਸ ਦਾ ਨਾਂ ਮਛੇਰੀ ਬਿੱਲੀ (ਫਿਸ਼ਿੰਗ ਕੈਟ) ਪਿਆ ਹੈ। ਇਨ੍ਹਾਂ ਦੇ ਅੱਖਾਂ ਦੇ ਉਪਰਲੇ ਹਿੱਸੇ ਤੋਂ ਗਰਦਨ ਦੇ ਤਲ ਤਕ 6 ਤੋਂ 8 ਕਾਲੀਆਂ ਧਾਰੀਆਂ ਹੁੰਦੀਆਂ ਹਨ। ਇਨ੍ਹਾਂ ਜਾਨਵਰਾਂ ਦੇ ਪਿਛਲੇ ਪਾਸੇ ਕਾਲੇ ਚਟਾਕ ਹੁੰਦੇ ਹਨ। ਬਾਕੀ ਦੇ ਸਰੀਰ ਦੇ ਮੁਕਾਬਲੇ ਸਿਰ ਦਾ ਰੰਗ ਗਹਿਰਾ ਹੁੰਦਾ ਹੈ। ਮਛੇਰੀ ਬਿੱਲੀ ਦਾ ਹੇਠਲਾ ਪਾਸਾ ਸਫ਼ੈਦ ਹੁੰਦਾ ਹੈ ਜਿਸ ਵਿੱਚ ਚਟਾਕ ਦਿਖਦੇ ਹਨ। ਸਰੀਰ 'ਤੇ ਕਾਲੇ ਰੰਗ ਦੇ ਧੱਬਿਆਂ ਦੇ ਨਿਸ਼ਾਨ ਹੁੰਦੇ ਹਨ। ਇਨ੍ਹਾਂ ਦਾ ਨੱਕ ਅਤੇ ਕੰਨ ਫਲੈਟ ਹੁੰਦੇ ਹਨ। ਕੰਨਾਂ ਦੇ ਪਿਛਲੇ ਪਾਸੇ ਕਾਲੇ ਵਾਲ ਹੁੰਦੇ ਹਨ ਅਤੇ ਕੇਂਦਰ ਵਿੱਚ ਇੱਕ ਚਿੱਟਾ ਨਿਸ਼ਾਨ ਹੁੰਦਾ ਹੈ। ਆਮ ਬਿੱਲੀਆਂ ਦੇ ਮੁਕਾਬਲੇ ਇਨ੍ਹਾਂ ਦੇ ਪੈਰ ਘੱਟ ਘੁੰਮਦੇ ਹਨ। ਇਨ੍ਹਾਂ ਦਾ ਪੰਜਾ ਝਿੱਲੀਦਾਰ ਹੁੰਦਾ ਹੈ।

ਮਛੇਰੀਆਂ ਬਿੱਲੀਆਂ ਆਮ ਤੌਰ 'ਤੇ ਰਾਤ ਨੂੰ ਆਪਣੇ ਕੰਮ ਵਿੱਚ ਰੁੱਝੀਆਂ ਰਹਿੰਦੀਆਂ ਹਨ। ਦਿਨ ਦੇ ਦੌਰਾਨ ਉਹ ਕਾਨੇ ਜਾਂ ਘਾਹ ਨੂੰ ਆਪਣਾ ਬਿਸਤਰ ਬਣਾ ਕੇ ਸੌਂਦੀਆਂ ਹਨ ਤੇ ਰਾਤ ਵੇਲੇ ਉਹ ਮੱਛੀਆਂ ਦਾ ਸ਼ਿਕਾਰ ਕਰਨ ਲਈ ਪਾਣੀ ਵਿੱਚ ਚਲੇ ਜਾਂਦੀਆਂ ਹਨ। ਉਨ੍ਹਾਂ ਕੋਲ ਤੈਰਨ ਦੀ ਸ਼ਾਨਦਾਰ ਯੋਗਤਾ ਹੁੰਦੀ ਹੈ। ਨਰ ਤੇ ਮਾਦਾ ਮਛੇਰੀ ਬਿੱਲੀ ਆਪਣੇ ਬੱਚੇ ਤੋਂ ਬਿਨਾਂ ਆਮਤੌਰ 'ਤੇ ਅਲੱਗ -ਅਲੱਗ ਰਹਿੰਦੇ ਹਨ। ਉਹ ਪਾਣੀ ਵਿੱਚ ਕਾਫ਼ੀ ਦੇਰ ਤਕ ਰਹਿ ਸਕਦੀਆਂ ਹਨ ਅਤੇ ਲੰਬੀ ਦੂਰੀ ਤਕ ਤੈਰ ਸਕਦੀਆਂ ਹਨ। ਮਛੇਰੀ ਬਿੱਲੀ ਦਾ ਨਰ, ਮਾਦਾ ਤੋਂ ਜ਼ਿਆਦਾ ਦੇਰ ਤਕ ਪਾਣੀ ਵਿੱਚ ਰਹਿ ਸਕਦਾ ਹੈ। ਮਛੇਰੀ ਬਿੱਲੀ ਨੂੰ ਪਾਣੀ ਦੇ ਕੰਢਿਆਂ ਦੇ ਨਾਲ -ਨਾਲ ਸ਼ਿਕਾਰ ਕਰਦੇ ਵੇਖਿਆ ਜਾ ਸਕਦਾ ਹੈ। ਕਈ ਵਾਰ ਇਹ ਆਪਣਾ ਸ਼ਿਕਾਰ ਪਾਣੀ ਵਿੱਚ ਹੀ ਖ਼ਤਮ ਕਰ ਦਿੰਦੀਆਂ ਹਨ, ਪਰ ਕਈ ਵਾਰ ਸ਼ਿਕਾਰ ਨੂੰ ਬਾਹਰ ਲਿਆਉਂਦੇ ਵੀ ਦੇਖੀਆਂ ਜਾ ਸਕਦੀਆਂ ਹਨ।

ਇਨ੍ਹਾਂ ਦੀ ਖੁਰਾਕ ਦਾ ਜ਼ਿਆਦਾ ਹਿੱਸਾ ਮੱਛੀਆਂ ਹੀ ਹੁੰਦੀਆਂ ਹਨ, ਪਰ ਛੋਟੇ ਚੂਹੇ, ਘੋਗੇ, ਸੱਪ ਤੇ ਮਰੇ ਹੋਏ ਜਾਨਵਰਾਂ ਦਾ ਮਾਸ ਵੀ ਇਹ ਸੁਆਦ ਨਾਲ ਖਾਂਦੀਆਂ ਹਨ। ਉਹ ਇਲਾਕੇ ਉੱਤੇ ਆਪਣਾ ਹੱਕ ਜਤਾਉਣ ਲਈ ਆਪਣੀਆਂ ਗੱਲ੍ਹਾਂ ਤੇ ਸਿਰ ਰਗੜਦੀਆਂ ਹਨ ਅਤੇ ਆਪਣੇ ਇਲਾਕੇ 'ਤੇ ਕਬਜ਼ਾ ਦੱਸਣ ਲਈ ਥਾਂ-ਥਾਂ 'ਤੇ ਪਿਸ਼ਾਬ ਕਰਕੇ ਨਿਸ਼ਾਨੀ ਲਾਉਂਦੀਆਂ ਹਨ। ਮਛੇਰੀਆਂ ਬਿੱਲੀਆਂ ਜਨਵਰੀ ਤੇ ਫਰਵਰੀ ਦੇ ਮਹੀਨੇ ਆਪਸ ਵਿੱਚ ਮਿਲਦੀਆਂ ਹਨ। ਮਾਰਚ ਅਤੇ ਅਪਰੈਲ ਦੌਰਾਨ ਇਨ੍ਹਾਂ ਦੇ ਬੱਚਿਆਂ ਨੂੰ ਵੇਖਿਆ ਜਾ ਸਕਦਾ ਹੈ। ਗਰਭ ਦਾ ਸਮਾਂ 63-70 ਦਿਨ ਰਹਿੰਦਾ ਹੈ। ਮਾਦਾ ਮਛੇਰੀ ਬਿੱਲੀ ਦੋ ਜਾਂ ਤਿੰਨ ਬੱਚਿਆਂ ਨੂੰ ਜਨਮ ਦਿੰਦੀ ਹੈ, ਬੱਚੇ ਜਨਮ ਵੇਲੇ ਅੰਨ੍ਹੇ ਹੁੰਦੇ ਹਨ। ਉਹ ਦੋ ਹਫ਼ਤਿਆਂ ਬਾਅਦ ਆਪਣੀਆਂ ਅੱਖਾਂ ਖੋਲ੍ਹ ਲੈਂਦੇ ਹਨ। ਇੱਕ ਮਹੀਨੇ ਦੀ ਉਮਰ ਤਕ ਉਹ ਸਰਗਰਮੀ ਨਾਲ ਘੁੰਮਦੇ ਹਨ ਅਤੇ ਦੋ ਮਹੀਨਿਆਂ ਦੀ ਉਮਰ ਵਿੱਚ ਹੀ ਮੀਟ ਖਾਣਾ ਸ਼ੁਰੂ ਕਰ ਦਿੰਦੇ ਹਨ। ਉਹ 10 ਸਾਲ ਤਕ ਜਿਉਂਦੇ ਰਹਿੰਦੇ ਹਨ।

ਮਛੇਰੀਆਂ ਬਿੱਲੀਆਂ ਨੂੰ ਸਭ ਨਾਲੋਂ ਜ਼ਿਆਦਾ ਖ਼ਤਰਾ ਨਮ ਧਰਤੀ ਵਿੱਚ ਪ੍ਰਦੂਸ਼ਣ ਫੈਲਣ ਨਾਲ ਹੁੰਦਾ ਹੈ, ਜਿਸ ਦੀ ਜ਼ਿਆਦਾ ਵਰਤੋਂ ਅਸੀਂ ਖੇਤੀਬਾੜੀ ਤੇ ਆਪਣੀ ਵਸੋਂ ਲਈ ਕਰਦੇ ਹਾਂ। ਇਨ੍ਹਾਂ ਨੂੰ ਵਧੇਰੇ ਸੁਰੱਖਿਆ ਦੇਣ ਲਈ ਭਾਰਤ ਸਰਕਾਰ ਨੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ 1972 ਦੀ ਸੂਚੀ-1 ਵਿੱਚ ਰੱਖਿਆ ਹੈ ਤੇ ਇਸ ਨੂੰ ਮਾਰਨ 'ਤੇ ਘੱਟ ਤੋਂ ਘੱਟ 3 ਸਾਲ ਦੀ ਕੈਦ ਤੇ 25,000 ਰੁਪਏ ਜੁਰਮਾਨਾ ਰੱਖਿਆ ਗਿਆ ਹੈ। ਅਸਲ ਵਿੱਚ ਮਨੁੱਖ ਹੀ ਮਛੇਰੀਆਂ ਬਿੱਲੀਆਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਮਨੁੱਖ ਵੱਲੋਂ ਇਨ੍ਹਾਂ ਦਾ ਮਾਸ ਖਾਣ ਅਤੇ ਖੱਲ ਲਈ ਇਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਮਾਰਿਆ ਜਾ ਰਿਹਾ ਹੈ। -0-

# ਮਤਰੇਈ ਮਾਂ

**ਪੁਸ਼ਪਿੰਦਰ ਜੀਤ ਕੌਰ**

ਕਹਿੰਦੇ ਹਨ ਕਿ ਮਤਰੇਈ ਮਾਂ ਕਦੇ ਵੀ ਅਸਲੀ ਮਾਂ ਨਹੀਂ ਬਣ ਸਕਦੀ ਪਰ ਮੇਰੇ ਸਾਹਮਣੇ ਤਿੰਨ ਕੇਸ ਅਜਿਹੇ ਹਨ ਜੋ ਮਤਰੇਈ ਮਾਂ ਦੇ ਗੁਣ ਅਸਲੀ ਮਾਂ ਤੋਂ ਵੱਧ ਦਰਸਾਉਂਦੇ ਹਨ। ਮੇਰੇ ਕੋਲ ਦੋ ਬੱਚੇ ਪਿਛਲੇ ਸੱਤ ਸਾਲਾਂ ਤੋਂ ਪੜ੍ਹ ਰਹੇ ਹਨ। ਉਹ ਦੋਵੇਂ ਜਣੇ ਅਲੱਗ-ਅਲੱਗ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਦੀਆਂ ਮਾਵਾਂ ਸਾਡੇ ਕੋਲ ਹਮੇਸ਼ਾਂ ਸਕੂਲ ਮੀਟਿੰਗ 'ਤੇ ਆਉਂਦੀਆਂ ਹਨ। ਸਾਨੂੰ ਕਦੇ ਇਹ ਮਹਿਸੂਸ ਨਹੀਂ ਹੋਇਆ ਕਿ ਉਹ ਇਨ੍ਹਾਂ ਬੱਚਿਆਂ ਦੀਆਂ ਮਤਰੇਈਆਂ ਮਾਵਾਂ ਹਨ। ਬੱਚਿਆਂ ਤੋਂ ਵੀ ਕਦੇ ਇਹ ਨਹੀਂ ਜਾਪਿਆ ਕਿ ਉਨ੍ਹਾਂ ਦੀਆਂ ਮਾਵਾਂ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਕਰਦੀਆਂ ਹਨ।

ਗੱਲ ਉਦੋਂ ਖੁੱਲ੍ਹੀ ਜਦੋਂ ਇੱਕ ਮਾਂ ਨੇ ਦੱਸਿਆ ਕਿ ਇਹ ਉਸ ਦਾ ਦੂਜਾ ਵਿਆਹ ਹੈ ਅਤੇ ਸਾਡੇ ਕੋਲ ਪੜ੍ਹਨ ਵਾਲੇ ਉਸ ਦੇ ਦੋ ਬੱਚਿਆਂ ਵਿੱਚੋਂ ਇੱਕ ਦੂਜੀ ਮਾਂ ਦਾ ਹੈ। ਉਹ ਦੂਜੇ ਬੱਚੇ ਨੂੰ ਜ਼ਿਆਦਾ ਪਿਆਰ ਕਰਦੀ ਹੈ। ਬੱਚਾ ਵੀ ਉਸ ਨਾਲ ਬਹੁਤ ਖ਼ੁਸ਼ ਹੈ। ਇੱਕ ਹੋਰ ਮਤਰੇਈ ਮਾਂ ਨੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਪਹਿਲੀ ਮਾਂ ਦੇ ਬੱਚੇ ਨੂੰ ਦਿੱਤੀਆਂ ਹੋਈਆਂ ਹਨ। ਅਜਿਹੀਆਂ ਮਾਵਾਂ ਨੂੰ ਸਲਾਮ ਹੈ ਪਰ ਲੋਕ ਬੱਚਿਆਂ ਨੂੰ ਭੜਕਾਉਣ ਵਿੱਚ ਕਸਰ ਨਹੀਂ ਛੱਡਦੇ। ਧੰਨ ਹਨ ਉਹ ਬੱਚੇ ਜਿਹੜੇ ਲੋਕਾਂ ਦੀਆਂ ਗੱਲਾਂ ਵਿੱਚ ਨਾ ਆ ਕੇ ਮਤਰੇਈ ਮਾਂ ਨੂੰ ਇੰਨਾ ਸਤਿਕਾਰ ਦਿੰਦੇ ਹਨ। ਅਸੀਂ ਬੱਚਿਆਂ ਅਤੇ ਮਾਵਾਂ ਵਿਚਲੇ ਪਿਆਰ ਸਦਕਾ ਕਦੇ ਵੀ ਇਹ ਨਹੀਂ ਜਾਣ ਸਕੇ ਸਾਂ ਕਿ ਇਨ੍ਹਾਂ ਦੀਆਂ ਮਾਵਾਂ ਮਤਰੇਈਆਂ ਹਨ। ਪਤਾ ਲੱਗਣ 'ਤੇ ਅਸੀਂ ਸਾਰੇ ਬਹੁਤ ਜ਼ਿਆਦਾ ਹੈਰਾਨ ਹੋਏ ਪਰ ਸਾਨੂੰ ਇਸ ਗੱਲ 'ਤੇ ਬਹੁਤ ਖ਼ੁਸ਼ੀ ਵੀ ਹੋਈ। ਉਨ੍ਹਾਂ ਮਾਵਾਂ ਅੱਗੇ ਸਾਡਾ ਸਿਰ ਝੁਕ ਗਿਆ ਜਿਨ੍ਹਾਂ ਨੇ ਮਤਰੇਏ ਬੱਚਿਆਂ ਨੂੰ ਸਕਿਆਂ ਨਾਲੋਂ ਵੱਧ ਪਿਆਰ ਕੀਤਾ ਹੈ। ਕਿਸੇ ਕਾਰਨ ਬਹੁਤ ਸਾਰੇ ਬੱਚਿਆਂ ਅਤੇ ਮਾਵਾਂ ਨੂੰ ਇਨ੍ਹਾਂ ਮਤਰੇਏ ਸੰਬੰਧਾਂ ਨੂੰ ਅਪਣਾਉਣਾ ਪੈਂਦਾ ਹੈ। ਸਾਡਾ ਇਹੀ ਸੰਦੇਸ਼ ਹੈ ਕਿ ਜੇ ਅਜਿਹੇ ਸੰਬੰਧ ਪਿਆਰ ਨਾਲ ਪੂਰੇ ਦਿਲੋਂ ਅਪਣਾ ਲਏ ਜਾਣ ਤਾਂ ਮਤਰੇਈ ਮਾਂ ਦਾ ਸੰਕਲਪ ਹੀ ਖ਼ਤਮ ਹੋ ਸਕਦਾ ਹੈ ਅਤੇ ਸਿਰਫ਼ 'ਮਾਂ' ਸ਼ਬਦ ਹੀ ਰਹਿ ਜਾਵੇਗਾ।

-0-

# ਦੋਹੇ

**ਅਮਰ ਸੂਫ਼ੀ**

ਆਓ ਦੱਸਾਂ ਬੱਚਿਓ, ਕੀ ਹੁੰਦੇ ਨੇ ਰੁੱਖ।
ਜੇ ਇਨ੍ਹਾਂ ਦੀ ਹੋਂਦ ਤਦ, ਮਾਣੇ ਮੌਜ ਮਨੁੱਖ।
ਕੁਦਰਤ ਆਦਮ ਜਾਤ ਨੂੰ, ਦਿੱਤੀ ਖ਼ਾਸ ਸੌਗਾਤ।
ਇਸ ਤੋਂ ਬਿਹਤਰ ਹੋਰ ਨਾ, ਬੰਦੇ ਖ਼ਾਤਰ ਦਾਤ।
ਵੱਡੇ ਛੋਟੇ ਰੁੱਖ ਜੋ, ਵੇਖੋ ਚਾਰ ਚੁਫੇਰ।
ਇਹ ਹਨ ਡਾਢੇ ਕੀਮਤੀ, ਸਭ ਦੇ ਫਾਇਦੇ ਢੇਰ।
ਪ੍ਰਦੂਸ਼ਿਤ 'ਵਾ ਸੋਖਦੇ, ਦਿੰਦੇ ਜੀਵਨ ਯੋਗ।
ਜਿਸ ਦੇ ਸਦਕਾ ਹਾਂ ਅਸੀਂ, ਲੈਂਦੇ ਜੀਵਨ ਭੋਗ।
ਇਹ ਦਿੰਦੇ ਨੇ ਲੱਕੜੀ, ਨਾਲੇ ਫਲ ਤੇ ਫੁੱਲ।
ਕੁਝ ਪੱਤੇ, ਸੱਕ ਵੀ, ਹੁੰਦੇ ਨੇ ਅਣਮੁੱਲ।
ਦਿੰਦੇ ਠੰਢੀ ਛਾਂ ਸਦਾ, ਭਰ ਗਰਮੀ ਦੀ ਰੁੱਤ।
ਬੈਠਾਉਂਦੇ ਨੇ ਬਾਪ ਬਣ, ਗੋਦੀ ਵਿਚ ਪੁੱਤ।
ਇਸ ਧਰਤੀ 'ਤੇ ਵੱਸਦੇ, ਜਿੰਨੇ ਹੈਨ ਮਨੁੱਖ।
ਜਨਮ ਦਿਹਾੜੇ ਲਾਉਣ ਜੋ, ਇੱਕ-ਇੱਕ ਦੋ ਦੋ ਰੁੱਖ।
ਹੋ ਜਾਵੇਗੀ ਧਰਤ 'ਤੇ, ਰੁੱਖਾਂ ਦੀ ਭਰਮਾਰ।
ਤੰਦਰੁਸਤ ਸਭ ਰਹਿਣਗੇ, ਹੋਵਣ ਠੀਕ ਬਿਮਾਰ।
'ਰੁੱਖਾਂ ਬਾਝ ਮਨੁੱਖ ਨਾ', ਰੱਖੋ ਪੱਕੀ ਸੋਚ।
ਮੌਜ ਮਨਾਵੇ ਆਦਮੀ, 'ਸੂਫ਼ੀ' ਦੀ ਹੈ ਲੋਚ।

-0-

# ਗਾਥਾ ਬੱਬਰ ਅਕਾਲੀ ਲਹਿਰ ਦੀ

**ਵਿਜੈ ਬੰਬੇਲੀ 94634-39075**

ਬੱਬਰ ਅਕਾਲੀ ਲਹਿਰ ਨਵੰਬਰ 1921 ਤੋਂ ਅਪਰੈਲ 1944 ਤੱਕ ਕਦੇ ਨਿਰੰਤਰ ਕਦੇ ਟੁੱਟਵੇਂ ਰੂਪ ਵਿਚ, ਪਰ ਸ਼ਿੱਦਤ ਭਰਪੂਰ ਢੰਗ ਨਾਲ ਚੱਲਦੀ ਰਹੀ। ਬੱਬਰ ਅਕਾਲੀ ਲਹਿਰ ਕਿਸੇ ਹਦ ਤੱਕ 1857 ਦੇ ਗ਼ਦਰ ਅਤੇ ਹਥਿਆਰਬੰਦ ਗ਼ਦਰ ਲਹਿਰ ਤੋਂ ਪ੍ਰਭਾਵਿਤ ਸੀ। ਸਾਬਕਾ ਗਦਰੀਆਂ ਦੇ ਯੋਗਦਾਨ ਕਾਰਨ ਇਸ ਨੂੰ ਗਦਰ ਲਹਿਰ ਦੀ

ਜਥੇਦਾਰ ਕਿਸ਼ਨ ਸਿੰਘ ਗੜਗੱਜ



ਜਥੇਦਾਰ ਕਰਮ ਸਿੰਘ ਦੌਲਤਪੁਰ



ਜਥੇਦਾਰ ਧੰਨਾ ਸਿੰਘ ਬਹਿਬਲਪੁਰ



ਮਾਸਟਰ ਸੰਤੋਖ ਸਿੰਘ ਗੋਸਲ



ਜਥੇਦਾਰ ਰਤਨ ਸਿੰਘ ਰੱਕੜ



ਨਿਰੰਤਰਤਾ ਵੀ ਕਿਹਾ ਜਾ ਸਕਦਾ ਹੈ।

ਕੁੱਝ ਬੱਬਰ ਸੂਰਮੇ ਕਿਰਸਾਨ ਸਨ, ਕੁਝ ਭਾਰਤੀ ਅੰਗਰੇਜ਼ੀ ਫੌਜ ਦੇ ਸਾਬਕਾ ਸਿਪਾਹੀ ਸਨ ਤੇ ਕੁਝ ਵਿਦੇਸ਼ ਰਹਿ ਕੇ ਵਾਪਸ ਆਏ ਗ਼ਦਰ ਲਹਿਰ ਦੇ ਆਗੂ ਸਨ। ਇਨ੍ਹਾਂ ਪੰਜਾਬੀ ਮਰਜੀਵੜਿਆਂ ਨੇ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਦ੍ਰਿੜ੍ਹਤਾ ਨਾਲ ਅਪਣਾਉਂਦਿਆਂ ਅੰਗਰੇਜ਼ੀ ਰਾਜ ਨੂੰ ਖ਼ਤਮ ਕਰਕੇ ਸਵਰਾਜ ਸਥਾਪਤ ਕਰਨ ਲਈ ਜੰਗ ਲੜੀ।

ਇਹ ਲਹਿਰ ਮਾਸਟਰ ਮੋਤਾ ਸਿੰਘ ਦੇ ਦਿਮਾਗ ਦੀ ਕਾਢ ਸੀ ਜਿਸ ਨੂੰ ਜਥੇਦਾਰ ਕਿਸ਼ਨ ਸਿੰਘ ਬੜਿੰਗ ਨੇ ਅੱਗੇ ਵਧਾਇਆ। ਇਸ ਲਹਿਰ ਦਾ ਮੁੱਢ ਸਿੱਖ ਐਜੂਕੇਸ਼ਨਲ ਕਾਨਫਰੰਸ ਹੁਸ਼ਿਆਰਪੁਰ ਤੋਂ ਮੰਨਿਆ ਜਾਂਦਾ ਹੈ। 19, 20 ਅਤੇ 21 ਮਾਰਚ 1921 ਨੂੰ ਹੁਸ਼ਿਆਰਪੁਰ ਵਿੱਚ ਸਿੱਖ ਐਜੂਕੇਸ਼ਨਲ ਕਾਨਫਰੰਸ ਹੋਈ। ਉਥੇ ਕੁਝ ਗਰਮ ਖਿਆਲੀ ਨੌਜਵਾਨਾਂ ਦੀ ਵੱਖਰੀ ਇਕੱਤਰਤਾ ਹੋਈ ਜਿਸ ਵਿੱਚ ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਬੜਿੰਗ, ਅਮਰ ਸਿੰਘ ਦਿੱਲੀ, ਬਿਜਲਾ ਸਿੰਘ ਘੜੂੰਆਂ, ਤੋਤਾ ਸਿੰਘ ਪੇਸ਼ਾਵਰੀ, ਬੇਲਾ ਸਿੰਘ ਫਿਰੋਜ਼ਪੁਰ, ਗੰਡਾ ਸਿੰਘ ਲੁਧਿਆਣਾ, ਬਤਨ ਸਿੰਘ ਕਾਹਰੀ, ਨਰੈਣ ਸਿੰਘ ਚਾਟੀਵਿੰਡ, ਚਤੁਰ ਸਿੰਘ ਸ਼ੇਖੂਪੁਰਾ, ਸੁੰਦਰ ਸਿੰਘ ਪੰਡੋਰੀ ਬੀਬੀ, ਗੁਰਬਚਨ ਸਿੰਘ ਅੰਬਾਲਾ, ਚੰਚਲ ਸਿੰਘ ਜੰਡਿਆਲਾ, ਅਮਰ ਸਿੰਘ ਗੁਜਰਾਂਵਾਲਾ ਆਦਿ ਹਾਜ਼ਰ ਸਨ। ਇਸ ਵਿੱਚ ਫੈਸਲਾ ਹੋਇਆ ਕਿ ਸਾਕਾ ਨਨਕਾਣਾ ਸਾਹਿਬ ਦੇ ਜ਼ਿੰਮੇਵਾਰ ਕਾਤਲਾਂ ਮਿਸਟਰ ਬਾਊਰਿੰਗ ਐਸ.ਪੀ., ਮਿਸਟਰ ਕਿੰਗ ਡੀ.ਸੀ., ਮਹੰਤ ਦੇਵਦਾਸ, ਮਹੰਤ ਬਸੰਤ ਦਾਸ ਆਦਿ ਦਾ ਕਤਲ ਕੀਤਾ ਜਾਵੇ। ਕਰਤਾਰ ਸਿੰਘ ਬੇਦੀ, ਸੁੰਦਰ ਸਿੰਘ ਮਜੀਠਾ, ਜੋ ਅਕਾਲੀ ਵਿਰੋਧੀ ਸਨ ਅਤੇ ਸਰਕਾਰ ਦਾ ਪੱਖ ਪੂਰਦੇ ਸਨ, ਬਾਰੇ ਵੀ ਇਹ ਹੀ ਫੈਸਲਾ ਹੋਇਆ। ਬੇਲਾ ਸਿੰਘ ਤੇ ਗੰਡਾ ਸਿੰਘ ਦੋ ਨੌਜਵਾਨ ਮਿਸਟਰ ਬਾਊਰਿੰਗ ਐਸ.ਪੀ. ਦਾ ਕਤਲ ਕਰਨ 23 ਮਈ, 1921 ਨੂੰ ਲਾਹੌਰ ਪੁੱਜੇ, ਪਰ ਫੜੇ ਗਏ। 18 ਮਈ 1922 ਨੂੰ ਇਸ ਦਾ ਫੈਸਲਾ ਹੋਇਆ ਜਿਸ ਵਿਚ ਤੋਤਾ ਸਿੰਘ ਬੇਲਾ ਸਿੰਘ ਤੇ ਗੰਡਾ ਸਿੰਘ ਨੂੰ ਸਜ਼ਾ ਹੋਈ। ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਬੜਿੰਗ, ਅਮਰ ਸਿੰਘ ਦਿੱਲੀ, ਬਤਨ ਸਿੰਘ ਕਾਹਰੀ ਅਤੇ ਬਿਜਲਾ ਸਿੰਘ ਆਦਿ ਦੇ ਵਾਰੰਟ ਗ੍ਰਿਫਤਾਰੀ ਨਿਕਲ ਗਏ, ਇਹ ਮਫਰੂਰ ਹੋ ਗਏ।

ਪਹਿਲਾਂ-ਪਹਿਲ ਦੋ ਬੱਬਰ ਅਕਾਲੀ ਜਥੇ ਸਨ। ਪਹਿਲਾ ਜਥਾ ਗ਼ਦਰੀ ਕਰਮ ਸਿੰਘ ਦੌਲਤਪੁਰ ਦੀ ਅਗਵਾਈ ਵਾਲਾ ਸੀ ਅਤੇ ਦੂਜਾ ਜਥਾ ਫੌਜੀ ਭਗੌੜੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਵਾਲਾ ਸੀ। ਟੁੱਟਵੇਂ ਰੂਪ ਵਿੱਚ ਭਾਵੇਂ ਇਨ੍ਹਾਂ ਦਾ ਕਰਮ-ਖੇਤਰ ਮਾਲਵੇ-ਮਾਝੇ ਸਮੇਤ ਸਮੁੱਚਾ ਪੁਰਾਣਾ ਪੰਜਾਬ ਸੀ ਪਰ ਇਹ ਮੁੱਖ ਤੌਰ 'ਤੇ ਪੰਜਾਬ ਦੇ ਦੋਆਬੇ ਵਿਚ ਹੀ ਸਰਗਰਮ ਸਨ। ਨਵੰਬਰ 1921 ਵਿਚ ਬੱਬਰਾਂ ਨੇ ਇਕ ਸਾਂਝੀ ਮੀਟਿੰਗ ਕੀਤੀ, ਜਿਸ ਵਿੱਚ ਜਥੇਦਾਰ ਕਿਸ਼ਨ ਸਿੰਘ ਬੜਿੰਗ, ਜਥੇਦਾਰ ਕਰਮ ਸਿੰਘ ਦੌਲਤਪੁਰ, ਬਾਬੂ ਸੰਤਾ ਸਿੰਘ ਹਰਿਓ ਖੁਰਦ, ਕਰਮ ਸਿੰਘ ਝਿੰਗੜ, ਸੁੰਦਰ ਸਿੰਘ ਮਖਸੂਸਪੁਰ, ਆਸਾ ਸਿੰਘ ਭਕੜੂੰਦੀ, ਕਰਤਾਰ ਸਿੰਘ ਗੋਂਦਪੁਰ, ਧੰਨਾ ਸਿੰਘ ਬਹਿਬਲਪੁਰ, ਮਾਸਟਰ ਦਲੀਪ ਸਿੰਘ ਗੋਸਲ, ਆਤਮਾ ਸਿੰਘ ਬੀਕਾ, ਬੂਟਾ ਸਿੰਘ ਪੰਡੋਰੀ ਨਿੱਝਰਾਂ ਆਦਿ ਹਾਜ਼ਰ ਸਨ।

ਇਸ ਦੌਰਾਨ ਸਰਬ ਸੰਮਤੀ ਨਾਲ ਬੱਬਰ ਅਕਾਲੀ ਜਥੇ ਦੀ ਸਥਾਪਨਾ ਕੀਤੀ ਗਈ। ਨਵੰਬਰ

**ਜਗਤ ਸਿੰਘ ਕਡਿਆਣਾ ਕਤਲ ਕੇਸ ਦੇ ਸਬੰਧ ਵਿੱਚ ਸਾਧੂ ਸਿੰਘ ਸਾਂਧਰਾ, ਲਾਭ ਸਿੰਘ ਤੇ ਭਾਨ ਸਿੰਘ ਰੰਧਾਵਾ ਮਸੰਦਾਂ ਤਿੰਨ ਬੱਬਰਾਂ ਨੂੰ 16 ਮਈ 1931 ਨੂੰ ਜਲੰਧਰ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ। 15 ਜੁਲਾਈ 1932 ਨੂੰ ਬੱਬਰ ਰਤਨ ਸਿੰਘ ਰੱਕੜਾਂ (ਬੇਟ), ਪਿੰਡ ਰੁੜਕੀ ਖਾਸ (ਗੜ੍ਹਸ਼ੰਕਰ) ਵਿੱਚ ਪੁਲੀਸ ਮੁਕਾਬਲੇ ਵਿੱਚ ਸ਼ਹੀਦ ਹੋ ਗਿਆ। ਇਸ ਦੌਰਾਨ ਦੋ-ਤਿੰਨ ਪੁਲੀਸ ਅਧਿਕਾਰੀ ਤੇ ਹੋਰ ਮੁਕਾਬਲੇ ਵਿੱਚ ਮਾਰੇ ਗਏ। 9 ਦਸੰਬਰ 1933 ਨੂੰ ਕੈਨੇਡਾ ਤੋਂ ਆਏ ਬੇਲਾ ਸਿੰਘ ਦਾ ਕਤਲ ਚਾਰ ਬੱਬਰਾਂ ਨੇ ਕੀਤਾ। ਇਹ ਚਾਰੇ ਬੱਬਰ ਹਰੀ ਸਿੰਘ ਸੂੰਢ, ਬਖਸ਼ੀਸ਼ ਸਿੰਘ ਚੱਬੇਵਾਲ, ਈਸ਼ਰ ਸਿੰਘ ਜੰਡੋਲੀ, ਹਜ਼ਾਰਾ ਸਿੰਘ ਮੱਕੀ, ਠੋਸ ਸਬੂਤ ਨਾ ਮਿਲਣ ਕਾਰਨ ਪਿੱਛੋਂ ਬਰੀ ਹੋ ਗਏ। ਗਦਾਰ ਅਨੂਪ ਸਿੰਘ ਮਾਣਕੋ ਦੇ ਕਤਲ 18-19/6/1936 ਕੇਸ ਦੇ ਸਬੰਧ ਵਿੱਚ ਗਿਆਨੀ ਗੁਰਦਿੱਤ ਸਿੰਘ ਦਲੇਰ ਮੰਢਾਲੀ ਤੇ ਬੱਬਰ ਕਰਤਾਰ ਸਿੰਘ ਕਿਰਤੀ ਚੱਕ ਕਲਾਂ ਨੂੰ 19 ਮਈ, 1939 ਨੂੰ ਮੁਲਤਾਨ ਜੇਲ੍ਹ ਵਿੱਚ ਫਾਂਸੀ ਹੋਈ। ਇਸ ਕਤਲ ਸਬੰਧੀ ਉਜਾਗਰ ਸਿੰਘ ਪਨਿਆਲੀ ਕਲਾਂ ਨੂੰ 16 ਸਾਲ ਕੈਦ ਦੀ ਸਜ਼ਾ ਹੋਈ।**

1921 ਤੋਂ 1 ਸਤੰਬਰ 1923 ਤੱਕ ਬੱਬਰਾਂ ਨੇ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਅੰਗਰੇਜ਼ੀ ਸਰਕਾਰ ਦੇ ਜ਼ੁਲਮਾਂ ਵਿਰੁੱਧ ਪ੍ਰਚਾਰ ਕੀਤਾ। ਸਾਬਕਾ ਗਦਰੀ ਕਰਮ ਸਿੰਘ ਦੌਲਤਪੁਰ, ਗਦਰ ਪੇਪਰ ਦੇ ਅਹਿਮ ਯੋਗਦਾਨ ਕਾਰਨ ਲਿਖ਼ਤੀ ਪ੍ਰਚਾਰ ਅਤੇ ਮਹੱਤਤਾ ਵੀ ਸਮਝਦਾ ਸੀ। ਉਸ ਦੇ ਗਰੁੱਪ ਨੇ ਪਹਿਲਾਂ ਹੀ ਪ੍ਰਚਾਰ ਨੂੰ ਅੱਗੇ ਵਧਾਉਣ ਲਈ ਇਕ ਸਾਇਕਲੋਸਟਾਇਲ ਮਸ਼ੀਨ ਲਾਹੌਰ ਤੋਂ ਖਰੀਦ ਕੇ ਅਗਸਤ 1922 ਵਿਚ 'ਬੱਬਰ ਅਕਾਲੀ ਦੋਆਬਾ' ਨਾਂ ਦਾ ਇੱਕ ਅਖ਼ਬਾਰ ਸ਼ੁਰੂ ਕਰ ਦਿੱਤਾ। ਅਖ਼ਬਾਰ ਦਾ ਸਾਰ ਵੀ ਅੰਗਰੇਜ਼ਾਂ ਨੂੰ ਦੇਸ਼ 'ਚੋਂ ਕੱਢਣ ਲਈ ਹਥਿਆਰਬੰਦ ਘੋਲ ਦੀ ਵਕਾਲਤ ਸੀ। ਜਥੇਦਾਰ ਕਰਮ ਸਿੰਘ ਦੌਲਤਪੁਰ ਇਸ ਅਖ਼ਬਾਰ ਦੇ ਸੰਪਾਦਕ ਸਨ। ਦੁਆਬੇ ਦੀ ਕਾਨੂੰਨੀ ਬ੍ਰਿਟਿਸ਼ ਪਾਰਲੀਮੈਂਟ ਵਿੱਚ ਵੀ ਇਹ ਅਖ਼ਬਾਰ ਬਹਿਸ ਦਾ ਵਿਸ਼ਾ ਬਣਦੀ ਰਹੀ। ਸਰਕਾਰ ਦੀ ਵਫ਼ਾਦਾਰ ਜਮਾਤ ਨੇ ਆਪਣੇ ਸਾਂਝੇ ਹਿੱਤ ਨੂੰ ਮੁੱਖ ਰੱਖਦਿਆਂ, ਬੱਬਰਾਂ ਦਾ ਸਰਬਪੱਖੀ ਤੌਰ 'ਤੇ ਵਿਰੋਧ ਕੀਤਾ।

ਨਵੰਬਰ 1922 ਵਿੱਚ ਮਿਸਟਰ ਆਈਸ ਮੌਗਰ ਡੀ.ਆਈ.ਜੀ. (ਸੀ.ਆਈ.ਡੀ.) ਪੰਜਾਬ ਨੇ ਜਲੰਧਰ ਵਿਚ ਉੱਚ ਪੁਲੀਸ ਅਫਸਰਾਂ ਦੀ ਮੀਟਿੰਗ ਬੁਲਾਈ। ਮੀਰ ਫਜ਼ਲ ਇਮਾਮ ਡੀਐਸਪੀ (ਸੀ.ਆਈ.ਡੀ.) ਪੰਜਾਬ ਨੂੰ ਬੱਬਰ ਲਹਿਰ ਦੇ ਦਮਨ ਲਈ ਉੱਚ ਅਧਿਕਾਰਤ ਇੰਚਾਰਜ ਬਣਾਇਆ ਗਿਆ। 31 ਦਸੰਬਰ 1922 ਦੀ ਜੱਸੋਵਾਲ (ਸੈਲਾ/ਮਾਹਿਲਪੁਰ) ਮੀਟਿੰਗ ਪਿੱਛੋਂ ਬੱਬਰਾਂ ਨੇ ਸਰਕਾਰੀ ਵਫ਼ਾਦਾਰ ਜਮਾਤ ਵਿਰੁੱਧ ਮੁਹਿੰਮ ਆਰੰਭ ਦਿੱਤੀ। ਬਹੁਤ ਸਾਰੇ ਮੁਖ਼ਬਰ ਵਫਾਦਾਰ ਖ਼ਤਮ ਕਰ ਦਿੱਤੇ ਗਏ। 22 ਅਗਸਤ 1923 ਨੂੰ ਬੱਬਰਾਂ ਨੇ ਆਪਾ ਵਾਰੂ ਕੁਰਬਾਨੀ ਯੁਕਤ ਇੱਕ ਫ਼ੈਸਲਾ ਲਿਆ ਕਿ ਨਾ ਤਾ ਸਾਰੇ ਆਗੂ ਫਾਹੇ ਟੰਗੇ ਜਾਣ ਅਤੇ ਨਾ ਹੀ ਆਮ ਜਨਤਾ ਉੱਤੇ ਕੋਈ ਸਖ਼ਤੀ ਹੋਵੇ।



ਇਸ ਫ਼ੈਸਲੇ ਅਨੁਸਾਰ ਕਤਲੋ ਗਾਰਤ ਦੀ ਮੁਕੰਮਲ ਜ਼ਿੰਮੇਵਾਰੀ ਜਥੇਦਾਰ ਕਰਮ ਸਿੰਘ ਦੌਲਤਪੁਰ (ਨਵਾਂਸ਼ਹਿਰ), ਧੰਨਾ ਸਿੰਘ ਬਹਿਬਲਪੁਰ (ਮਾਹਿਲਪੁਰ) ਅਤੇ ਉਦੇ ਸਿੰਘ ਝੁੰਗੀਆਂ (ਗੜ੍ਹਸ਼ੰਕਰ) ਲੈਣ ਦਾ ਐਲਾਨ ਕਰ ਦਿੱਤਾ। ਇਸ ਦੌਰਾਨ ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਗੜਗੱਜ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਸੁੰਦਰ ਸਿੰਘ ਮਖਸੂਸਪੁਰ, ਆਤਮਾ ਸਿੰਘ ਬੀਕਾ, ਬੂਟਾ ਸਿੰਘ ਪੰਡੋਰੀ ਨਿੱਝਰਾਂ, ਦਲੀਪਾ ਧਾਮੀਆ, ਕਰਤਾਰ ਸਿੰਘ ਗੋਂਦਪੁਰ, ਬਾਬੂ ਸੰਤਾ ਸਿੰਘ, ਆਸਾ ਸਿੰਘ ਭਕੜੁੱਦੀ ਤੇ ਹੋਰ ਬਹੁਤ ਸਾਰੇ ਬੱਬਰ ਮੁਖ਼ਬਰਾਂ ਕਾਰਨ ਗ੍ਰਿਫਤਾਰ ਕਰ ਲਏ ਗਏ।

ਜੂਨ 1924 ਤੱਕ ਸਾਕਾ ਬਬੇਲੀ (1 ਸਤੰਬਰ, 1923), ਬੰਬ ਧਮਾਕਾ ਮੰਨਣਹਾਰਾ(25 ਅਕਤੂਬਰ 1923), ਸਾਕਾ ਮੰਡੇਰ (12 ਦਸੰਬਰ 1923) ਨੂੰ ਵਾਪਰੇ। ਸਾਕਾ ਬਬੇਲੀ ਵਿਚ ਜਥੇਦਾਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟ, ਮਹਿੰਦਰ ਸਿੰਘ ਬੱਡਵਾਲ ਪੰਡੋਰੀ ਗੰਗਾ ਸਿੰਘ ਸ਼ਹੀਦ ਹੋਏ। ਬੰਬ ਧਮਾਕਾ ਮੰਨਣਹਾਨਾ ਵਿੱਚ ਬੱਬਰ ਧੰਨਾ ਸਿੰਘ ਬਹਿਬਲਪੁਰ ਸ਼ਹੀਦ ਹੋਇਆ ਅਤੇ ਕੁਝ ਪੁਲੀਸ ਅਧਿਕਾਰੀ ਵੀ ਮਾਰੇ ਗਏ। ਸਾਕਾ ਮੰਡੇਰ ਵਿੱਚ ਬੰਤਾ ਸਿੰਘ ਧਾਮੀਆ ਤੇ ਜੁਆਲਾ ਸਿੰਘ ਫਤਹਿਪੁਰ ਕੋਠੀ ਸ਼ਹੀਦ ਹੋਏ, ਮਗਰੋਂ ਵਰਿਆਮ ਸਿੰਘ ਧੁੱਗਾ ਲਾਇਲਪੁਰ ਵਿੱਚ ਚੱਕ ਨੰਬਰ 54 ਦੇ ਪੁਲੀਸ ਮੁਕਾਬਲੇ ਦੌਰਾਨ ਸ਼ਹੀਦ ਹੋਇਆ। ਸੱਠ ਗ੍ਰਿਫਤਾਰ ਬੱਬਰਾਂ ਬਾਰੇ ਮੁਕੱਦਮਾ ਰਾਜ ਵਿਰੁੱਧ ਸਾਜ਼ਿਸ਼ ਦੇ ਤਹਿਤ ਲਾਹੌਰ ਸੈਂਟਰਲ ਜੇਲ੍ਹ ਵਿਚ ਸੁਣਾਇਆ ਗਿਆ।

ਮੁਕੱਦਮੇ ਦੇ ਫ਼ੈਸਲੇ ਅਨੁਸਾਰ, 27 ਫਰਵਰੀ 1926 ਦੇ ਦਿਨ ਛੇ ਬੱਬਰਾਂ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ ਹਰਿਉਂ-ਖੁਰਦ, ਦਲੀਪਾ ਧਾਮੀਆਂ, ਧਰਮ ਸਿੰਘ ਹਿਆਤਪੁਰ, ਨੰਦ ਸਿੰਘ ਘੁੜਿਆਲ ਅਤੇ ਕਰਮ ਸਿੰਘ ਹਰੀਪੁਰ/ਮਾਣਕੋ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਲਾ ਦਿੱਤੀ ਗਈ। 13 ਬੱਬਰਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਜਿਨ੍ਹਾਂ ਵਿੱਚ ਦਲੀਪ ਸਿੰਘ ਗੋਸਲ, ਆਤਮਾ ਸਿੰਘ ਬੀਕਾ, ਕਰਮ ਸਿੰਘ ਝਿੰਗੜ, ਸੁੰਦਰ ਸਿੰਘ ਮਖਸੂਸਪੁਰ, ਪਿਆਰਾ ਸਿੰਘ ਧਾਮੀਆਂ, ਸੰਤ ਠਾਕਰ ਸਿੰਘ, ਸੁਰਜਨ ਸਿੰਘ ਹਿਆਤਪੁਰ, ਬੂਟਾ ਸਿੰਘ ਪੰਡੋਰੀ ਨਿੱਝਰਾਂ, ਹਰਨਾਮ ਸਿੰਘ ਸਿਆਲਕੋਟ, ਠਾਕਰ ਸਿੰਘ ਭਾਰਟਾ, ਮਾਨ ਸਿੰਘ, ਗੋਬਿੰਦਪੁਰ ਗੁੱਜਰਾਂਵਾਲਾ ਤੇ ਕਰਤਾਰ ਸਿੰਘ ਪੰਡੋਰੀ ਨਿੱਝਰਾਂ ਸ਼ਾਮਿਲ ਸਨ। ਚਾਰ ਬੱਬਰਾਂ ਨੂੰ 14-14 ਸਾਲ ਦੀ ਸਜ਼ਾ ਹੋਈ । 17 ਨੂੰ ਸੱਤ-ਸੱਤ ਸਾਲ ਤੇ ਹੋਰ ਬਹੁਤਿਆਂ ਨੂੰ ਇਸ ਤੋਂ ਘੱਟ ਸਜ਼ਾਵਾਂ ਹੋਈਆਂ। ਮੁਕੱਦਮੇ ਦੌਰਾਨ ਪੰਜ ਬੱਬਰ ਚਲਾਣਾ ਕਰ ਗਏ। ਕੁਝ ਬਰੀ ਹੋਏ। ਮਗਰੋਂ 27 ਫਰਵਰੀ 1927 ਨੂੰ 6 ਹੋਰ ਬੱਬਰ ਫਾਂਸੀ ਲਾਏ ਗਏ, ਉਹ ਸਨ ਨਿੱਕਾ ਸਿੰਘ, ਮੁਕੰਦ ਸਿੰਘ, ਗੁੱਜਰ ਸਿੰਘ, ਬੰਤਾ ਸਿੰਘ, ਸੁੰਦਰ ਸਿੰਘ ਤੇ ਈਸ਼ਰ ਸਿੰਘ।

ਜੂਨ 1929 ਪਿੱਛੋਂ ਬੱਬਰ ਲਹਿਰ ਨਾਲ ਸਬੰਧਤ ਫਿਰ ਸ਼ਿੱਦਤ ਭਰਪੂਰ ਘਟਨਾਵਾਂ ਹੋਈਆਂ। ਉਪਰੰਤ ਜਗਤ ਸਿੰਘ ਕੜਿਆਣਾ ਕਤਲ ਕੇਸ ਦੇ ਸਬੰਧ ਵਿੱਚ ਸਾਧੂ ਸਿੰਘ ਸਾਂਧਰਾ, ਲਾਭ ਸਿੰਘ ਤੇ ਭਾਨ ਸਿੰਘ ਰੰਧਾਵਾ ਮਸੰਦਾਂ ਤਿੰਨ ਬੱਬਰਾਂ ਨੂੰ 16 ਮਈ 1931 ਨੂੰ ਜਲੰਧਰ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ। 15 ਜੁਲਾਈ 1932 ਨੂੰ ਬੱਬਰ ਰਤਨ ਸਿੰਘ ਰੱਕੜਾਂ (ਬੇਟ), ਪਿੰਡ ਰੁੜਕੀ ਖਾਸ (ਗੜ੍ਹਸ਼ੰਕਰ) ਵਿੱਚ ਪੁਲੀਸ ਮੁਕਾਬਲੇ ਵਿੱਚ ਸ਼ਹੀਦ ਹੋ ਗਿਆ। ਇਸ ਦੌਰਾਨ ਦੋ-ਤਿੰਨ ਪੁਲੀਸ ਅਧਿਕਾਰੀ ਤੇ ਹੋਰ ਮੁਕਾਬਲੇ ਵਿੱਚ ਮਾਰੇ ਗਏ। 9 ਦਸੰਬਰ 1933 ਨੂੰ ਕੈਨੇਡਾ ਤੋਂ ਆਏ ਬੇਲਾ ਸਿੰਘ ਦਾ ਕਤਲ ਚਾਰ ਬੱਬਰਾਂ ਨੇ ਕੀਤਾ। ਇਹ ਚਾਰੇ ਬੱਬਰ ਹਰੀ ਸਿੰਘ ਸੂੰਢ, ਬਖਸ਼ੀਸ਼ ਸਿੰਘ ਚੱਬੇਵਾਲ, ਈਸ਼ਰ ਸਿੰਘ ਜੰਡੋਲੀ, ਹਜ਼ਾਰਾ ਸਿੰਘ ਮੱਕੀ, ਠੋਸ ਸਬੂਤ ਨਾ ਮਿਲਣ ਕਾਰਨ ਪਿੱਛੋਂ ਬਰੀ ਹੋ ਗਏ। ਗਦਾਰ ਅਨੂਪ ਸਿੰਘ ਮਾਣਕੋ ਦੇ ਕਤਲ 18-19/6/1936 ਕੇਸ ਦੇ ਸਬੰਧ ਵਿੱਚ ਗਿਆਨੀ ਗੁਰਦਿੱਤ ਸਿੰਘ ਦਲੇਰ ਮੰਢਾਲੀ ਤੇ ਬੱਬਰ ਕਰਤਾਰ ਸਿੰਘ ਕਿਰਤੀ ਚੱਕ ਕਲਾਂ ਨੂੰ 19 ਮਈ, 1939 ਨੂੰ ਮੁਲਤਾਨ ਜੇਲ੍ਹ ਵਿੱਚ ਫਾਂਸੀ ਹੋਈ। ਇਸ ਕਤਲ ਸਬੰਧੀ ਉਜਾਗਰ ਸਿੰਘ ਪਨਿਆਲੀ ਕਲਾਂ ਨੂੰ 16 ਸਾਲ ਕੈਦ ਦੀ ਸਜ਼ਾ ਹੋਈ। ਕਰਮ ਸਿੰਘ ਮੰਨਣਹਾਨਾ ਦੇ ਕਤਲ ਸਬੰਧੀ ਬੱਬਰ ਚਿੰਤਾ ਸਿੰਘ ਢੰਡੋਲੀ ਨੂੰ 5 ਜੂਨ, 1941 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਹੋਈ ਤੇ ਅਜੈਬ ਸਿੰਘ ਤਲਵੰਡੀ ਖੁਰਦ ਮੁਕਾਬਲੇ ਵਿਚ ਮਾਰਿਆ ਗਿਆ। ਬੱਬਰ ਅਕਾਲੀ ਲਹਿਰ ਨਾਲ ਸਬੰਧਤ ਬੱਬਰਾਂ ਦੀ ਸੰਖਿਆ 143 ਬਣਦੀ ਹੈ। ਫਿਰ ਯੁੱਗ ਪਲਟਾਊ ਲਹਿਰ (ਬੱਬਰ ਕੜੀ, 1941-1944) ਸ਼ੁਰੂ ਹੋਈ। ਜਿਸ ਵਿੱਚ ਸ਼ਮਸ਼ੇਰ ਸਿੰਘ ਮੋਰਾਂਵਾਲੀ ਸੈਲਾ ਖ਼ੁਰਦ ਨਿਹੱਕਾ ਫਾਹੇ ਟੰਗਿਆ ਗਿਆ ਅਤੇ ਗਿਆਨੀ ਹਰਬੰਸ ਸਿੰਘ (ਬੱਬਰ/ਯੁੱਗ ਪਲਟਾਊ ਦਲ) ਸਰਹਾਲਾ (ਮਾਹਿਲਪੁਰ) ਨੂੰ 3 ਅਪਰੈਲ 1944 'ਚ ਫਾਂਸੀ ਹੋਈ।

ਬੱਬਰ ਲਹਿਰ ਭਾਵੇਂ ਮਿੱਥੇ ਨਿਸ਼ਾਨੇ ਨਾ ਕੱਢ ਸਕੀ ਪਰ ਇਸ ਨੇ ਜੰਗ-ਏ-ਆਜ਼ਾਦੀ ਵਿੱਚ ਅਹਿਮ ਯੋਗਦਾਨ ਪਾਇਆ। ਜੇਲ੍ਹ ਤੋਂ ਰਿਹਾਈ ਉਪਰੰਤ ਬਹੁਤੇ ਬੱਬਰ ਕਿਰਤੀ-ਕਿਸਾਨਾਂ ਅਤੇ ਕਮਿਊਨਿਸਟਾਂ ਵਿੱਚ ਸਰਗਰਮ ਹੋ ਗਏ। ਉਨ੍ਹਾਂ ਵੱਲੋਂ ਗੁਲਾਮੀ ਵਿਰੁੱਧ ਵਿੱਢੀ ਜੰਗ ਅਜੇ ਵੀ ਜਾਰੀ ਹੈ।

-0-

# ਮਨੁੱਖਤਾ ਅਤੇ ਜਾਤ-ਪਾਤ

**-ਰਜਿੰਦਰ ਕੌਰ # 98774-73171**

ਗੁਰਮਤਿ ਅਨੁਸਾਰ ਸਭ ਮਨੁੱਖ ਪ੍ਰਭੂ -ਪਿਤਾ ਦੀ ਅੰਸ਼ ਹੋਣ ਕਾਰਨ ਆਪਸ ਵਿਚ ਭਾਈ-ਭਾਈ ਅਤੇ ਬਰਾਬਰ ਹਨ। ਜਨਮ ਜਾਂ ਜਾਤ-ਪਾਤ ਦੇ ਆਧਾਰ ਤੇ ਮਨੁੱਖਾਂ ਨਾਲ ਵਿਤਕਰਾ ਕਰਨਾ ਅਯੋਗ ਹੈ। ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਨੇਕ ਤੇ ਚੰਗੇ ਕੰਮ ਕਰਨ ਵਾਲੇ ਹੀ ਉੱਤਮ ਤੇ ਉੱਚੀ ਜਾਤ ਵਾਲੇ ਹਨ ਬੁਰੇ ਕੰਮ ਕਰਨ ਵਾਲੇ ਹੀ ਬੁਰੇ ਤੇ ਨੀਵੀਂ ਜਾਤ ਵਾਲੇ ਹਨ। ਕਈ ਲੋਕ ਮਨੁੱਖਾਂ ਵਿਚ ਜਾਤ-ਪਾਤ ਦੀਆਂ ਵੰਡੀਆਂ ਪਾ ਦਿੰਦੇ ਹਨ ਆਪਣੇ ਆਪ ਨੂੰ ਉੱਚਾ ਤੇ ਦੂਜਿਆਂ ਨੂੰ ਨੀਵਾਂ ਤੇ ਘਟੀਆਂ ਸਮਝਦੇ ਹਨ।

ਜਾਤ-ਪਾਤ ਕੇਵਲ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਹੋਰ ਦੇਸ਼ਾਂ ਤੇ ਧਰਮਾਂ ਵਿੱਚ ਪਾਈ ਜਾਂਦੀ ਹੈ।ਪਰ ਜਿੰਨੀ ਖ਼ਤਰਨਾਕ ਤੇ ਜ਼ਹਿਰੀਲੀ ਹਵਾ ਹਿੰਦੁਸਤਾਨ ਵਿੱਚ ਹੈ ਓਨੀ ਹੋਰ ਕਿਸੇ ਦੇਸ਼ ਵਿੱਚ ਨਹੀਂ। ਸਨਾਤਨੀ ਧਰਮ ਅਤੇ ਸਾਰਾ ਹਿੰਦੁਸਤਾਨ ਇਸ ਖ਼ਤਰਨਾਕ ਲਪੇਟ ਵਿਚ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੇ ਉਸ ਤੋਂ ਪਹਿਲਾਂ ਜੋ ਸਮਾਜ ਦੀ ਦੁਰਦਸ਼ਾ ਸੀ ਉਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਸਮਾਜ ਵਿਚ ਚਾਰ ਜਾਤਾਂ ਦੀ ਵੰਡ ਪਈ ਹੋਈ ਸੀ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ। ਸਭ ਤੋਂ ਚੰਗਾ ਤੇ ਉੱਚਾ ਬ੍ਰਾਹਮਣ ਨੂੰ ਮੰਨਦੇ ਸਨ, ਸਭ ਤੋਂ ਨੀਵੀਂ ਤੇ ਮੰਦੀ ਦੁਰਦਸ਼ਾ ਸ਼ੂਦਰ ਦੀ ਸੀ। ਗੁਰੂ ਸਾਹਿਬ ਜੀ ਨੇ ਇਹ ਸਮਝਾਇਆ ਕਿ ਸਾਨੂੰ ਜੋ ਕੀਮਤਾਂ ਵਸਤਾਂ ਅਨਮੋਲ ਹਨ, ਹਵਾ, ਪਾਣੀ, ਧੁੱਪ, ਸੂਰਜ, ਚੰਦਰਮਾਂ ਦੀ ਰੋਸ਼ਨੀ ਜੋ ਸਭ ਲਈ ਇਕੋ ਜਿਹੀਆਂ ਹਨ ਚਾਹੇ ਕੋਈ ਅਮੀਰ ਗਰੀਬ ਵਰਣ ਜਾਤ ਦਾ ਹੋਵੇ। ਸਭ ਦਾ ਜਨਮ ਮਰਨ ਵੀ ਇਕੋ ਜਿਹਾ ਹੈ, ਇਕੋ ਜਿਹਾ ਖੂਨ ਤੇ ਇਕੋ ਜਿਹਾ ਪਾਣੀ ਫਿਰ ਫ਼ਰਕ ਕਿਉਂ? ਇਸੇ ਲਈ ਭਗਤ ਕਬੀਰ ਜੀ ਫੁਰਮਾਉਂਦੇ ਹਨ-

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ ॥ (324)**

ਭਗਤ ਕਬੀਰ ਜੀ ਨੇ ਉੱਚੀ ਜਾਤ ਤੇ ਨੀਵੀਂ ਜਾਤ ਦਾ ਭੇਦ ਭਾਵ ਸਪਸ਼ਟ ਕਰ ਦਿੱਤਾ। ਗੁਰੂ ਅਰਜਨ ਸਾਹਿਬ ਜੀ ਨੇ ਇਸ ਮਾਰਗ ਦੀ ਸ਼ੁਰੂਆਤ ਹੀ ਇਨ੍ਹਾਂ ਸ਼ਬਦਾਂ ਨਾਲ ਕੀਤੀ-

**ਸਭੇ ਸਾਂਝੀਵਾਲ ਸਦਾਇਨਿ**
**ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥(97)**

ਗੁਰੂ ਨਾਨਕ ਸਾਹਿਬ ਜੀ ਇਕ ਉੱਚੀ ਕੁੱਲ 'ਚ ਉੱਠ ਕੇ ਇਸ ਉੱਚੀ ਜਾਤ ਦੇ ਮਾਣ ਨੂੰ ਵੰਗਾਰਦੇ ਹੋਏ ਇਸ ਨੂੰ ਫਕੜ ਦਸਦੇ ਹਨ-

**ਫਕੜ ਜਾਤੀ ਫਕੜੁ ਨਾਉ॥**
**ਸਭਨਾ ਜੀਆ ਇਕਾ ਛਾਉ ॥**
**ਆਪਹੁ ਜੇ ਕੋ ਭਲਾ ਕਹਾਏ॥**
**ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥ (83)**

ਇਸ ਦਾ ਭਾਵ ਉੱਚੀ ਜਾਤ ਦੇ ਵਡੱਪਣ ਦਾ ਹੰਕਾਰ ਬਿਲਕੁਲ ਵਿਅਰਥ ਹੈ। ਪ੍ਰਮਾਤਮਾ ਨੇ ਸਭ ਨੂੰ ਇਕੋ ਆਕਾਰ ਤੇ ਇਕੋ ਜਿਹੀ ਆਤਮਾ ਬਖਸ਼ੀ ਹੈ। ਉੱਚੀ ਜਾਤ ਦਾ ਕੁੱਲ ਜਾਂ ਵਧੀਆ ਨਾਮ ਭਾਵ ਦੁਨਿਆਵੀ ਮਾਣ ਇੱਜ਼ਤ ਦੇ ਆਸਰੇ ਸੱਚਮੁੱਚ ਚੰਗਾ ਨਹੀਂ ਬਣ ਜਾਂਦਾ। ਕੋਈ ਵੀ ਮਨੁੱਖ ਉਦੋਂ ਹੀ ਚੰਗਾ ਸਮਝਿਆ ਜਾਣਾ ਚਾਹੀਦਾ, ਜਦੋਂ ਉਹ ਆਪਣੇ



ਅੰਦਰੋਂ ਔਗੁਣਾਂ ਨੂੰ ਕੱਢ ਕੇ ਆਪਣਾ ਆਤਮਿਕ ਜੀਵਨ ਨੂੰ ਉੱਚਾ ਕਰ ਲੈਂਦਾ ਹੈ। ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਦੁਨੀਆਂ ਵਿੱਚ ਜੀਵ ਵਪਾਰੀ ਪ੍ਰਮਾਤਮਾ ਦੇ ਨਾਮ ਦਾ ਵਪਾਰ ਕਰਨ ਆਉਂਦੇ ਹਨ। ਉੱਚੇ ਆਤਮਿਕ ਜੀਵਨ ਵਿੱਚ ਇਸੇ ਵਪਾਰ ਦਾ ਲੇਖਾ ਹੁੰਦਾ ਹੈ ਨਾ ਕਿ ਜਾਤ ਦੇ ਨਾਮ ਦਾ ਜਾਪ ਹੋਰ ਕਿਸੇ ਦੁਨਿਆਵੀ ਵਡਿਆਈ ਜਾਂ ਦੁਨੀਆਂ ਵਿੱਚ ਕਮਾਏ ਪੈਸੇ ਦਾ। ਗੁਰੂ ਸਾਹਿਬ ਜੀ ਨੇ ਜਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕਰਕੇ ਇਹ ਸਿੱਧ ਕਰ ਦਿੱਤਾ ਕਿ ਮਨੁੱਖ ਨੀਵਾਂ ਜਾਂ ਬੁਰਾ ਨਹੀਂ, ਸਿਰਫ਼ ਆਪਣੇ ਕੰਮਾਂ ਕਰਕੇ ਹੀ ਪਹਿਚਾਣਿਆ ਜਾਂਦਾ ਹੈ। ਭਾਈ ਮਰਦਾਨਾ ਜੀ ਜਿਨ੍ਹਾਂ ਨੂੰ ਮਰਾਸੀ ਕਿਹਾ ਜਾਂਦਾ ਹੈ, ਨੀਵੀਂ ਜਾਤ ਦਾ ਸਮਝਦੇ ਸਨ ਪਰ ਸਭ ਤੋਂ ਵੱਧ ਗੁਰੂ ਨਾਨਕ ਸਾਹਿਬ ਜੀ ਦਾ ਸਾਥ ਮਾਣਿਆ। 60 ਸਾਲ ਗੁਰੂ ਸਾਹਿਬ ਜੀ ਨਾਲ ਰਹੇ, ਸਭ ਤੋਂ ਵੱਧ ਮਾਣ ਸਤਿਕਾਰ ਵਡਿਆਈ ਮਿਲੀ।

ਗੁਰੂ ਸਾਹਿਬ ਜੀ ਨੇ ਜਾਤ-ਪਾਤ ਦਾ ਭੇਦ ਭਾਵ ਖ਼ਤਮ ਕਰਨ ਲਈ ਸੰਗਤ ਪੰਗਤ ਸਰੋਵਰ ਸਥਾਪਤ ਕੀਤੇ ਜਿਥੇ ਹਰ ਕੋਈ ਬੈਠ ਸਕਦਾ, ਲੰਗਰ ਛੱਕ ਸਕਦਾ, ਇਸ਼ਨਾਨ ਕਰ ਸਕਦਾ ਹੈ। ਇਹੀ ਸਿਧਾਂਤ ਸਭ ਗੁਰੂ ਸਾਹਿਬਾਨਾਂ ਨੇ ਅੱਗੇ ਵਧਾਇਆ। ਸੰਗਤ ਵਿੱਚ ਬੈਠ ਕੇ ਜਿਥੇ ਸੱਚੇ ਗੁਰੂ ਦੇ ਗਿਆਨ ਨਾਲ ਮਨ ਹਰਾ ਭਰਾ ਕਰਨਾ ਹੈ, ਉਥੇ ਹੀ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣਾ ਹੈ। ਲੰਗਰ ਬਣਾਉਣ ਵੇਲੇ ਜਾਂ ਵਰਤਾਉਣ ਵੇਲੇ ਵੀ ਕੋਈ ਭੇਦ ਭਾਵ ਨਹੀਂ, ਕੋਈ ਵੀ ਇਸਤਰੀ ਜਾਂ ਪੁਰਸ਼ ਬਣਾ ਸਕਦਾ ਹੈ, ਵਰਤਾ ਵੀ ਸਕਦਾ ਹੈ, ਪੰਗਤ ਵਿੱਚ ਬੈਠ ਕੇ ਛੱਕ ਸਕਦਾ ਹੈ।

ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਬਾਦਸ਼ਾਹ ਅਕਬਰ ਜਦੋਂ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆਇਆ ਸੀ ਤਾਂ ਉਸਨੇ ਵੀ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛੱਕਿਆ, ਫਿਰ ਗੁਰੂ ਸਾਹਿਬ ਜੀ ਦੀ ਬਾਣੀ ਤੇ ਵਿਚਾਰ ਸੁਣੇ ਉਨ੍ਹਾਂ ਦੇ ਮਨ ਨੂੰ ਸਕੂਨ ਮਿਲਿਆ। ਹਿੰਦੂ ਮੱਤ ਦੇ ਮੋਢੀ ਮਨੂੰ ਨੇ ਮਨੁੱਖ ਨੂੰ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ। ਪਰ ਕੁਦਰਤ ਮਨੂੰ ਦੀ ਤਰ੍ਹਾਂ ਨਹੀਂ ਜੋ ਦੂਜਿਆਂ ਦੇ ਜਨਮ ਸਿੱਧ ਅਧਿਕਾਰਾਂ ਨੂੰ ਖੋਹ ਕੇ ਇਕ ਖਾਸ ਲੋਕਾਂ ਦੇ ਹੱਥਾਂ ਵਿਚ ਦੇ ਦੇਵੇ। ਮਨੂੰ ਦੇ ਮੱਤ ਅਨੁਸਾਰ ਸ਼ੂਦਰ ਨਾ ਤਾਂ ਵਿਦਿਆ ਪ੍ਰਾਪਤ ਕਰ ਸਕਦਾ ਸੀ ਤੇ ਨਾ ਹੀ ਤਲਵਾਰ ਚੁੱਕ ਸਕਦਾ ਸੀ, ਉਸ ਦੇ ਹਿੱਸੇ ਤਾਂ ਸਿਰਫ਼ ਜਜਮਾਨ ਪਰਿਵਾਰਾਂ ਵਲੋਂ ਵੱਖਰੇ ਭਾਂਡੇ ਵਿਚ ਪਾਈ ਜੂਠ ਜਾਂ ਵਸਤਰ ਹੀ ਆਉਂਦੇ ਸਨ। ਸ਼ੂਦਰਾਂ ਦੇ ਖੂਹ ਵੱਖਰੇ ਹੁੰਦੇ ਸਨ, ਉਹ ਬਹੁਤੀਆਂ ਮਜ਼ਬੂਰੀਆਂ ਵਿੱਚ ਵੀ ਤਿੰਨੇ ਸ਼੍ਰੇਣੀਆਂ ਦੇ ਖੂਹਾਂ ਤੋਂ ਪਾਣੀ ਨਹੀਂ ਭਰ ਸਕਦੇ ਸਨ। ਜੇ ਕੋਈ ਸ਼ੂਦਰ ਗਲਤੀ ਨਾਲ ਵਿਦਿਆ ਪ੍ਰਾਪਤ ਕਰ ਜਾਵੇ ਤਾਂ ਉਸ ਦੇ ਕੰਨਾਂ ਵਿੱਚ ਸ਼ੀਸ਼ਾ ਪਿਘਲਾ ਕੇ ਪਾ ਦਿੱਤਾ ਜਾਂਦਾ ਸੀ। ਸ਼ੂਦਰਾਂ ਨੂੰ ਧਰਮ ਮੰਦਰਾਂ ਦੇ ਨੇੜਿਉਂ ਵੀ ਨਹੀਂ ਲੰਘਣ ਦਿੱਤਾ ਜਾਂਦਾ ਸੀ। ਇਸ ਵਿਤਕਰੇ ਨੂੰ ਗੁਰੂ ਸਾਹਿਬਾਨਾਂ ਨੇ ਖ਼ਤਮ ਕੀਤਾ। ਸਾਡਾ ਸਿਰ ਮਾਣ ਨਾਲ ਉੱਚਾ ਹੈ ਕਿ ਅਸੀਂ ਇਸ ਸੋਹਣੀ ਮੱਤ ਤੇ ਸਿਖਿਆ ਅਨੁਸਾਰ ਜੀਵਨ ਬਿਤਾ ਰਹੇ ਹਾਂ। ਪੰਜਵੇਂ ਗੁਰੂ ਅਰਜਨ ਸਾਹਿਬ ਜੀ ਨੇ ਇਸ ਜਾਤ-ਪਾਤ ਦੇ ਭੇਦਭਾਵ ਨੂੰ ਖ਼ਤਮ ਕਰਨ ਲਈ ਚਾਰ ਦਰਵਾਜ਼ੇ ਬਣਵਾਏ ਤਾਂ ਕਿ ਚਾਰ ਦਿਸ਼ਾਵਾਂ ਚਾਰੇ ਜਾਤਾਂ ਵਲੋਂ ਕੋਈ ਵੀ ਆ ਜਾ ਸਕਦਾ ਹੈ, ਕੋਈ ਰੁਕਾਵਟ ਨਹੀਂ। ਜਿਵੇਂ ਇਕ ਘੁਮਿਆਰ ਇਕੋ ਮਿੱਟੀ ਤੋਂ ਕਈ ਤਰ੍ਹਾਂ ਦੇ ਭਾਂਡੇ ਘੜ ਲੈਂਦਾ ਹੈ, ਉਸੇ ਤਰ੍ਹਾਂ ਪਰਮਾਤਮਾ ਵਰਗੇ ਇਕੋ ਅਸਲੇ ਤੋਂ ਅਸੀਂ ਸਭ

**ਬਾਕੀ ਸਫਾ 28 'ਤੇ**

# ਦੇਸ਼ ਲਈ ਚੇਤਾਵਨੀ ਹਨ ਬੰਗਲੌਰ ਦੇ ਹਾਲਾਤ

**ਬਲਰਾਜ ਸਿੰਘ ਪੰਡੋਰੀ ਸਿੱਧਵਾਂ # 95011-00062**



ਦੱਖਣੀ ਅਫਰੀਕਾ, ਅਫਰੀਕਾ ਮਹਾਂਦੀਪ ਦਾ ਇੱਕ ਸਭ ਤੋਂ ਵਿਕਸਿਤ ਦੇਸ਼ ਹੈ। ਉਸ ਦੀ ਰਾਜਧਾਨੀ ਜਾਹਨਜ਼ਬਰਗ ਸ਼ਾਇਦ ਦੁਨੀਆਂ ਵਿੱਚ ਕਿਸੇ ਦੇਸ਼ ਦੀ ਪਹਿਲੀ ਰਾਜਧਾਨੀ ਹੈ ਜਿਸ ਦਾ 2020 ਵਿੱਚ ਧਰਤੀ ਹੇਠਲਾ ਪਾਣੀ ਖਤਮ ਹੋ ਗਿਆ ਹੈ। ਇਸ ਤੋਂ ਇਲਾਵਾ ਸ਼ਹਿਰ ਨੂੰ ਪਾਣੀ ਸਪਲਾਈ ਕਰਨ ਵਾਲੀਆਂ ਝੀਲਾਂ ਵਿੱਚ ਭੰਡਾਰਨ ਸਮਰਥਾ ਦਾ ਸਿਰਫ 20% ਪਾਣੀ ਬਚਿਆ ਹੈ। ਇਸ ਸ਼ਹਿਰ ਵਿੱਚ ਪਾਣੀ ਦੀ ਖਾਤਰ ਹਿੰਸਕ ਮੁਜ਼ਾਹਰੇ ਹੋਣਾ ਆਮ ਗੱਲ ਬਣ ਗਈ ਹੈ ਜਿਨ੍ਹਾਂ ਵਿੱਚ ਹੁਣ ਤੱਕ 100 ਦੇ ਕਰੀਬ ਸੁਰੱਖਿਆ ਦਸਤੇ ਅਤੇ ਆਮ ਨਾਗਰਿਕ ਮਾਰੇ ਜਾ ਚੁੱਕੇ ਹਨ ਤੇ ਸੈਂਕੜੇ ਜ਼ਖਮੀ ਹੋਏ ਹਨ। ਇਸ ਸ਼ਹਿਰ ਦੀ ਬਰਬਾਦੀ ਦੀ ਕਹਾਣੀ ਬਿਲਕੁਲ ਭਾਰਤੀ ਸ਼ਹਿਰਾਂ ਨਾਲ ਮੇਲ ਖਾਂਦੀ ਹੈ। ਵਾਤਾਵਰਣ ਦੀ ਤਬਦੀਲੀ ਕਾਰਨ ਘੱਟ ਹੋ ਰਹੀ ਬਾਰਸ਼ ਅਤੇ ਪੈਸੇ ਦੇ ਲਾਲਚ ਵਿੱਚ ਅੰਨ੍ਹੇ ਹੋ ਚੁੱਕੇ ਨੇਤਾਵਾਂ, ਅਫਸਰਾਂ ਅਤੇ ਕਲੋਨਾਈਜ਼ਰਾਂ ਵੱਲੋਂ ਕੀਤੀਆਂ ਗਈਆਂ ਅੰਧਾਧੁੰਦ ਉਸਾਰੀਆਂ ਮੁੱਖ ਕਾਰਨ ਹਨ ਜਿਨ੍ਹਾਂ ਨੇ ਪਾਣੀ ਦੇ ਕੁਦਰਤੀ ਸੋਮੇ ਬਰਬਾਦ ਕਰ ਦਿੱਤੇ। ਇਸ ਵੇਲੇ ਭਾਰਤ ਦੇ ਸ਼ਹਿਰ ਬੰਗਲੌਰ ਵਿੱਚ ਵੀ ਇਹ ਹੀ ਹਾਲਾਤ ਬਣ ਚੁੱਕੇ ਹਨ।

ਬੰਗਲੌਰ ਕਰਨਾਟਕ ਦੀ ਰਾਜਧਾਨੀ ਹੈ ਜਿਸ ਨੂੰ ਆਪਣੇ ਸ਼ਾਨਦਾਰ ਮੌਸਮ ਕਾਰਨ ਸਾਰੇ ਭਾਰਤ ਵਿੱਚ ਪਸੰਦ ਕੀਤਾ ਜਾਂਦਾ ਹੈ। ਇਥੇ ਗਰਮੀਆਂ ਵਿੱਚ ਤਾਪਮਾਨ 30 ਡਿਗਰੀ ਤੋਂ ਨਹੀਂ ਵਧਦਾ ਅਤੇ ਸਰਦੀਆਂ ਵਿੱਚ 20 ਡਿਗਰੀ ਤੋਂ ਥੱਲੇ ਨਹੀਂ ਜਾਂਦਾ।ਇਸ ਕਾਰਨ ਇਥੇ ਸੈਂਕੜੇ ਪ੍ਰਸਿੱਧ ਕੰਪਨੀਆਂ ਦੇ ਹੈੱਡਕਵਾਟਰ ਤੇ ਭਾਰਤ ਦੇ ਅਮੀਰ ਲੋਕਾਂ ਦੇ ਘਰ ਹਨ। ਬੰਗਲੌਰ ਅਜੇ ਪਿਛਲੇ ਸਾਲ ਮਾਨਸੂਨ ਦੌਰਾਨ ਆਏ ਹੜ੍ਹਾਂ ਤੋਂ ਉੱਭਰਿਆ ਨਹੀਂ ਸੀ ਕਿ ਇਸ ਦਾ ਧਰਤੀ ਹੇਠਲਾ ਪਾਣੀ ਖਤਮ ਹੋ ਗਿਆ ਹੈ। ਸਿਰਫ ਬੰਗਲੌਰ ਸ਼ਹਿਰ ਦਾ ਹੀ ਨਹੀਂ, ਆਸ ਪਾਸ ਦੇ ਕਈ ਜ਼ਿਲ੍ਹਿਆਂ ਵਿੱਚ ਵੀ ਸੋਕਾ ਪੈ ਗਿਆ ਹੈ। ਝੀਲਾਂ, ਤਲਾਬ ਅਤੇ ਪਾਣੀ ਦੇ ਸਾਰੇ ਕੁਦਰਤੀ ਸੋਮੇ ਸੁੱਕ ਗਏ ਹਨ ਤੇ ਫਸਲਾਂ ਬਰਬਾਦ ਹੋ ਗਈਆਂ ਹਨ। ਸਰਕਾਰ ਦੇ ਇਸ ਸਥਿਤੀ 'ਤੇ ਕਾਬੂ ਪਾਉਣ ਵਿੱਚ ਅਸਫਲ ਹੋ ਜਾਣ ਕਾਰਨ ਪਾਣੀ ਮਾਫੀਆ ਵੱਲੋਂ ਸ਼ਹਿਰ ਵਿੱਚ ਮਹਿੰਗੇ ਰੇਟ 'ਤੇ ਟੈਂਕਰਾਂ ਨਾਲ ਗੰਦਾ ਮੰਦਾ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ ਜਿਸ ਦੀ ਕੀਮਤ ਚੁਕਾਉਣੀ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ। ਬੰਗਲੌਰ ਦੇ ਨਜ਼ਦੀਕ ਕੋਈ ਵੀ ਨਦੀ ਨਾਲਾ ਨਹੀਂ ਵਗਦਾ। ਸ਼ਹਿਰ ਵਿੱਚ ਪਾਣੀ ਦੀ ਪੂਰਤੀ 100 ਕਿ.ਮੀ. ਦੂਰ ਕਾਵੇਰੀ ਨਦੀ ਤੋਂ ਪਾਈਪਾਂ ਰਾਹੀਂ ਪਾਣੀ ਲਿਆ ਕੇ ਕੀਤੀ ਜਾਂਦੀ ਹੈ। ਪਰ ਕਾਵੇਰੀ ਦੇ ਪਾਣੀ ਨਾਲ ਬੰਗਲੌਰ ਦੀ ਇੱਕ ਕਰੋੜ ਪੈਂਤੀ ਲੱਖ ਅਬਾਦੀ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੋਣ ਕਾਰਨ ਕਰੀਬ ਅੱਧੇ ਸ਼ਹਿਰ ਨੂੰ ਟਿਊਬਵੈੱਲਾਂ ਦਾ ਪਾਣੀ ਸਪਲਾਈ ਕੀਤਾ ਜਾਂਦਾ ਸੀ ਜੋ ਹੁਣ ਗਾਇਬ ਹੋ ਗਿਆ ਹੈ।

ਸ਼ਾਨਦਾਰ ਮੌਸਮ ਅਤੇ ਮਲਟੀਨੈਸ਼ਨਲ ਸਾਫਟਵੇਅਰ ਕੰਪਨੀਆਂ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਲੱਖਾਂ ਨੌਕਰੀਆਂ ਕਾਰਨ ਬੰਗਲੌਰ ਨੇ ਕੁਝ ਸਾਲਾਂ ਵਿੱਚ ਹੀ ਹੈਰਾਨੀਜਨਕ ਤਰੱਕੀ ਕੀਤੀ ਸੀ ਜੋ ਹੁਣ ਇਸ ਦੀ ਬਰਬਾਦੀ ਦਾ ਕਾਰਨ ਬਣ ਗਈ ਹੈ। ਇਨ੍ਹਾਂ ਨੌਕਰੀਆਂ ਦੀ ਖਿੱਚ ਅਤੇ ਮਿਲਣ ਵਾਲੀਆਂ ਮੋਟੀਆਂ ਤਨਖਾਹਾਂ ਕਾਰਨ ਲੱਖਾਂ ਦੀ ਗਿਣਤੀ ਵਿੱਚ ਭਾਰਤੀ ਅਤੇ ਵਿਦੇਸ਼ੀ ਇਸ ਸ਼ਹਿਰ ਵਿੱਚ ਰਹਿਣ ਲਈ ਪਹੁੰਚ ਗਏ। ਕੁਦਰਤੀ ਹੈ ਕਿ ਸ਼ਹਿਰ ਵਿੱਚ ਜਿੰਨੀ ਅਬਾਦੀ ਹੋਵੇਗੀ, ਉਸ ਮੁਤਾਬਕ ਵਾਹਨ ਵੀ ਹੋਣਗੇ। ਬੰਗਲੌਰ ਵਿੱਚ ਇਸ ਵੇਲੇ 75 ਲੱਖ ਦੇ ਕਰੀਬ ਸਕੂਟਰਾਂ-ਮੋਟਰ ਸਾਈਕਲਾਂ ਸਮੇਤ ਇੱਕ ਕਰੋੜ ਤੋਂ ਵੱਧ ਵਾਹਨ ਹਨ। ਇਨ੍ਹਾਂ ਵੱਲੋਂ ਦਿਨ ਰਾਤ ਉਗਲਿਆ ਜਾਂਦਾ ਜ਼ਹਿਰੀਲਾ ਧੂੰਆਂ (ਫੈਕਟਰੀਆਂ ਦਾ ਅਲੱਗ) ਵਾਤਾਵਰਣ 'ਤੇ ਮਾਰੂ ਅਸਰ ਪਾ ਰਿਹਾ ਹੈ ਜਿਸ ਕਾਰਨ ਬੰਗਲੌਰ ਦਾ ਔਸਤ ਤਾਪਮਾਨ ਵਧ ਰਿਹਾ ਹੈ ਤੇ ਬਾਰਸ਼ਾਂ ਬੇ ਤਰਤੀਬੀਆਂ ਹੋ ਰਹੀਆਂ ਹਨ। ਅੱਜ ਤੋਂ 30-40 ਸਾਲ ਪਹਿਲਾਂ ਤੱਕ ਬੰਗਲੌਰ ਦੇ ਆਸ ਪਾਸ ਵੱਡੀ ਗਿਣਤੀ ਵਿੱਚ ਝੀਲਾਂ,

**ਸ਼ਹਿਰਾਂ ਵਿੱਚ ਖੁੰਬਾਂ ਵਾਂਗ ਬਣ ਰਹੇ ਬਹੁਮੰਜ਼ਿਲਾਂ ਫਲੈਟਾਂ ਨੂੰ ਵੇਖ ਕੇ ਕਈ ਵਾਰ ਸੋਚ ਆਉਂਦੀ ਸੀ ਕਿ ਜੇ ਪਾਣੀ ਖਤਮ ਹੋ ਗਿਆ ਤਾਂ ਇਹ ਲੋਕ ਕਿੱਥੇ ਜਾਣਗੇ? ਪਰ ਸੁਰਸਾਂ ਵਾਂਗ ਮੂੰਹ ਖੋਲ੍ਹੀ ਪੰਜਾਬ ਵੱਲ ਵਧ ਰਹੀ ਪਾਣੀ ਦੀ ਇਸ ਸਮੱਸਿਆ ਦਾ ਸਾਡੀ ਜਨਤਾ ਜਾਂ ਸਰਕਾਰਾਂ ਦੀ ਸਿਹਤ 'ਤੇ ਕੋਈ ਖਾਸ ਅਸਰ ਨਹੀਂ ਹੈ। ਪਾਣੀ ਦੀ ਬਰਬਾਦੀ ਰੋਕਣ ਲਈ ਠੋਕ ਕੇ ਬਿੱਲ ਲੈਣ ਦੀ ਬਜਾਏ ਸਗੋਂ ਪਾਣੀ ਫਰੀ ਕੀਤਾ ਜਾ ਰਿਹਾ ਹੈ। ਜੇ ਅਸੀਂ ਬੰਗਲੌਰ ਜਾਂ ਦੱਖਣੀ ਅਫਰੀਕਾ ਤੋਂ ਸਿੱਖਿਆ ਨਾ ਲਈ ਤਾਂ ਅਗਲੇ ਕੁਝ ਹੀ ਸਾਲਾਂ ਵਿੱਚ ਸਾਡੇ ਹਾਲਾਤ ਵੀ ਉਨ੍ਹਾਂ ਵਰਗੇ ਹੋਣ ਦੀ ਪੂਰੀ ਸੰਭਾਵਨਾ ਹੈ। ਪੰਜਾਬ ਨੂੰ ਮਾਰੂਥਲ ਬਣਨ ਤੋਂ ਬਚਾਉਣ ਲਈ ਸਭ ਨੂੰ ਰਲ ਮਿਲ ਕੇ ਹੰਭਲਾ ਮਾਰਨਾ ਪੈਣਾ ਹੈ ਕਿਉਂਕਿ ਸੱਪ ਲੰਘਣ ਤੋਂ ਬਾਅਦ ਲਕੀਰ ਕੁੱਟਣ ਦਾ ਕੋਈ ਫਾਇਦਾ ਨਹੀਂ ਹੁੰਦਾ।**



ਤਲਾਬ ਅਤੇ ਪਾਣੀ ਦੇ ਹੋਰ ਕੁਦਰਤੀ ਸ੍ਰੋਤ ਸਨ ਜਿਨ੍ਹਾਂ ਦਾ ਪਾਣੀ ਸ਼ਹਿਰ ਦੀਆਂ ਜਰੂਰਤਾਂ ਅਤੇ ਖੇਤੀਬਾੜੀ ਵਾਸਤੇ ਵਰਤਿਆ ਜਾਂਦਾ ਸੀ। ਪਰ ਇਸ ਸਮੇਂ ਦੌਰਾਨ ਬੰਗਲੌਰ ਵਿੱਚ ਅਬਾਦੀ ਵਿਸਫੋਟ (40 ਸਾਲਾਂ ਵਿੱਚ 53% ਵਾਧਾ) ਹੋਇਆ ਤੇ ਉਨ੍ਹਾਂ ਨੂੰ ਰਿਹਾਇਸ਼ ਅਤੇ ਹੋਰ ਸ਼ਹਿਰੀ ਸਹੂਲਤਾਂ ਦੇਣ ਵਾਸਤੇ (ਅਸਲ ਵਿੱਚ ਮੋਟਾ ਮਾਲ ਕਮਾਉਣ ਖਾਤਰ) 80% ਦੇ ਕਰੀਬ ਝੀਲਾਂ ਤੇ ਤਲਾਬ ਸੀਮੈਂਟ ਦੇ ਜੰਗਲਾਂ ਹੇਠ ਦਫਨ ਕਰ ਦਿੱਤੇ ਗਏ।

1980 ਤੋਂ ਬਾਅਦ ਬੰਗਲੌਰ ਵਿੱਚ ਜ਼ਮੀਨ ਜਾਇਦਾਦ ਦੇ ਰੇਟ ਅਸਮਾਨ ਨੂੰ ਚੜ੍ਹ ਗਏ ਸਨ ਜਿਸ ਦਾ ਫਾਇਦਾ ਉਠਾਉਣ ਲਈ ਕਲੋਨਾਈਜ਼ਰਾਂ ਨੇ ਬੇਰਹਿਮੀ ਨਾਲ ਸੈਂਕੜੇ ਤਲਾਬਾਂ ਤੇ ਟੋਭਿਆਂ ਨੂੰ ਪੂਰ ਕੇ ਕਲੋਨੀਆਂ ਬਣਾ ਦਿੱਤੀਆਂ। ਜਿਸ ਸ਼ਹਿਰ ਦੇ 28 ਵਿੱਚੋਂ 26 ਵਿਧਾਇਕਾਂ ਨੇ ਚੋਣ ਕਮਿਸ਼ਨ ਨੂੰ ਦਿੱਤੇ ਹਲਫਨਾਮੇ ਵਿੱਚ ਆਪਣਾ ਕਾਰੋਬਾਰ ਪ੍ਰਾਪਰਟੀ ਡੀਲਿੰਗ ਲਿਖਿਆ ਹੋਵੇ, ਉਥੇ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ। ਕੀ ਇਹ ਲੋਕ ਸਰਕਾਰ ਨੂੰ ਆਪਣੇ ਕਾਰੋਬਾਰ ਦੀ ਕੀਮਤ 'ਤੇ ਸ਼ਹਿਰ ਦੇ ਹੜ੍ਹ ਜਾਂ ਸੋਕੇ ਦੀ ਸਮੱਸਿਆ ਹੱਲ ਕਰਨ ਲਈ ਕੋਈ ਸਖਤ ਫੈਸਲਾ ਲੈਣ ਜਾਂ ਕਾਨੂੰਨ ਬਣਾਉਣ ਦੀ ਆਗਿਆ ਦੇ ਸਕਦੇ ਹਨ? ਪੰਜਾਬੀ ਕਹਾਵਤ 'ਛੋਲਿਆਂ ਦੇ ਬੋਹਲ ਦਾ ਗਧਾ ਰਖਵਾਲਾ' ਵਾਲੀ ਗੱਲ ਹੋਈ ਪਈ ਹੈ। ਇਸ ਸ਼ਹਿਰ ਵਿੱਚ ਸੰਸਾਰ ਦੇ ਚੋਟੀ ਦੇ ਭੂ ਵਿਗਿਆਨੀ, ਜਾਗਰੂਕ ਨਾਗਰਿਕਾਂ ਦੀਆਂ ਜਥੇਬੰਦੀਆਂ ਅਤੇ ਤਕਨੀਤੀ ਮਾਹਰ ਵੀ ਵੱਸਦੇ ਹਨ ਜੋ ਸਮੇਂ ਸਮੇਂ 'ਤੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬਚਾਉਣ ਬਾਰੇ ਰਾਜਨੀਤਕ ਅਤੇ ਸਮਾਜਿਕ ਪਲੇਟਫਾਰਮਾਂ 'ਤੇ ਅਵਾਜ਼ ਉਠਾਉਂਦੇ ਰਹਿੰਦੇ ਹਨ। ਇਸ ਸਬੰਧੀ ਸੈਂਕੜੇ ਪਟੀਸ਼ਨਾਂ ਅਦਾਲਤਾਂ ਵਿੱਚ ਲੰਬਿਤ ਹਨ, ਪਰ ਰਾਜਨੀਤਕ ਉਦਾਸੀਨਤਾ ਅਤੇ ਪੈਸੇ ਦੀ ਹਵਸ ਅੱਗੇ ਉਨ੍ਹਾਂ ਦੀ ਅਵਾਜ਼ ਨਗਾਰਖਾਨੇ ਵਿੱਚ ਤੂਤੀ ਦੀ ਅਵਾਜ਼ ਵਾਂਗ ਗੁੰਮ ਹੋ ਜਾਂਦੀ ਹੈ।

ਕੰਨੜ ਭਾਸ਼ਾ ਦੇ ਮਹਾਨ ਕਵੀ ਸਰਵਗਨ ਨੇ 17ਵੀਂ ਸਦੀ ਵਿੱਚ ਆਪਣੀ ਇੱਕ ਕਵਿਤਾ ਵਿੱਚ ਸਵਾਲ ਕੀਤਾ ਸੀ ਕਿ ਜੋ ਵਿਅਕਤੀ ਤਲਾਬ ਸੁਕਾ ਕੇ ਆਪਣਾ ਘਰ ਬਣਾਉਂਦਾ ਹੈ, ਕੀ ਉਸ ਨੂੰ ਹੜ੍ਹ ਤੋਂ ਡਰਨਾ ਨਹੀਂ ਚਾਹੀਦਾ? ਜਿਸ ਬੰਗਲੌਰ ਨੇ ਆਪਣੇ ਤਲਾਬ ਖੁਦ ਹੀ ਸੁਕਾ ਲਏ ਹਨ, ਕੀ ਉਹ ਹੁਣ ਲੋਕਾਂ ਦੇ ਪਾਣੀ ਦੀ ਜਰੂਰਤ ਟੈਂਕਰਾਂ ਰਾਹੀਂ ਪੂਰੀ ਕਰ ਸਕਦਾ ਹੈ? ਪਿਛਲੇ ਸਾਲ ਜਦੋਂ ਬੰਗਲੌਰ ਵਿੱਚ ਹੜ੍ਹ ਆਏ ਸਨ ਤਾਂ ਪਾਣੀ ਪਾਸ਼ ਇਲਾਕਿਆਂ ਵਿੱਚ, ਸੱਤਾਧਾਰੀਆਂ ਅਤੇ ਅਮੀਰਾਂ ਦੇ ਬੈੱਡਰੂਮਾਂ ਵਿੱਚ ਵੀ ਦਾਖਲ ਹੋ ਗਿਆ ਸੀ, ਕਈਆਂ ਨੂੰ ਤਾਂ ਕਿਸ਼ਤੀਆਂ ਰਾਹੀਂ ਬਾਹਰ ਕੱਢਣਾ ਪਿਆ ਸੀ। ਉਸ ਸਮੇਂ ਮੀਡੀਆ ਵਿੱਚ ਪਏ ਰੌਲੇ ਗੌਲੇ ਕਾਰਨ ਜਨਤਾ ਦੇ ਹੰਝੂ ਕੁਝ ਦੇਰ ਲਈ ਪੂੰਝਣ ਖਾਤਰ ਸਰਕਾਰ ਨੇ ਸ਼ਹਿਰ ਵਿੱਚ ਪਾਣੀ ਦੇ ਕੁਦਰਤੀ ਰਸਤੇ ਰੋਕ ਕੇ ਕੀਤੀਆਂ ਉਸਾਰੀਆਂ ਢਾਹੁਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪਰ ਜਿਵੇਂ ਹੀ ਸਰਕਾਰੀ ਕਰੇਨ ਲੱਖਾਂ ਵੋਟਾਂ ਦੇ ਮਾਲਕ ਸਾਧਾਂ-ਬਾਬਿਆਂ ਦੇ ਡੇਰਿਆਂ, ਅਮੀਰਾਂ ਦੀਆਂ ਹਵੇਲੀਆਂ ਤੇ ਮਲਟੀਪਲੈਕਸਾਂ ਦੀਆਂ ਦੀਵਾਰਾਂ ਨਾਲ ਟਕਰਾਇਆ ਤਾਂ ਸਰਕਾਰੀ ਹੁਕਮਾਂ ਦੀ ਮਾੜੇ ਟਾਇਰ ਵਾਂਗ ਹਵਾ ਨਿਕਲ ਗਈ। ਕੁਝ ਦਿਨਾਂ ਬਾਅਦ ਪਾਣੀ ਸ਼ਹਿਰ ਵਿੱਚੋਂ ਬਾਹਰ ਨਿਕਲ ਗਿਆ ਤੇ ਲੋਕ ਵੀ ਸਭ ਕੁਝ ਭੁੱਲ ਭੁਲਾ ਗਏ।

ਇਸ ਵੇਲੇ ਹਾਲਾਤ ਐਨੇ ਭਿਆਨਕ ਹਨ ਕਿ ਟੈਂਕਰ ਜਿਹੜੇ ਟਿਊਬਵੈੱਲਾਂ ਤੋਂ ਪਾਣੀ ਲਿਆ ਰਹੇ ਸਨ, ਉਥੇ ਵੀ ਪਾਣੀ ਖਤਮ ਹੋ ਗਿਆ ਹੈ। ਇਸ ਸਮੇਂ ਬੰਗਲੌਰ ਵਿੱਚ ਪਾਣੀ ਦੀ ਰਾਸ਼ਨਿੰਗ ਕੀਤੀ ਜਾ ਰਹੀ ਹੈ ਤੇ ਸਪਲਾਈ ਵਿੱਚ 50 ਤੋਂ 75% ਤੱਕ ਕੱਟ ਲੱਗ ਰਹੇ ਹਨ। ਪੌਦਿਆਂ-ਲਾਅਨਾਂ ਨੂੰ ਪਾਣੀ ਦੇਣ ਜਾਂ ਕਾਰਾਂ ਆਦਿ ਧੋਣ 'ਤੇ ਵੱਡੇ ਜ਼ੁਰਮਾਨੇ ਵਸੂਲੇ ਜਾ ਰਹੇ ਹਨ। ਕਈ ਇਲਾਕਿਆਂ ਵਿੱਚ ਤਾਂ ਲੋਕਾਂ ਨੂੰ ਨਹਾਉਣ ਜਾਂ ਕੱਪੜੇ ਧੋਣ ਵਾਸਤੇ ਵੀ ਪਾਣੀ ਨਹੀਂ ਮਿਲ ਰਿਹਾ। ਬਹੁ ਮੰਜ਼ਿਲ ਇਮਾਰਤਾਂ ਦੀ ਹਾਲਤ ਤਾਂ ਹੋਰ ਵੀ ਬੁਰੀ ਹੈ ਕਿਉਂਕਿ ਪ੍ਰੈਸ਼ਰ ਘੱਟ ਹੋਣ ਕਾਰਨ ਉੱਪਰਲੀਆਂ ਮੰਜ਼ਲਾਂ ਤੱਕ ਪਾਣੀ ਨਹੀਂ ਪਹੁੰਚ ਰਿਹਾ। 55 - 60 ਸਾਲ ਦੀ ਉਮਰ ਵਾਲੀ ਸਾਡੀ ਪੀੜ੍ਹੀ ਨੇ ਦੇਸ਼ ਵਿੱਚ ਹਰੀ ਕ੍ਰਾਂਤੀ ਤੋਂ ਲੈ ਕੇ ਵੱਖ ਵੱਖ ਖੇਤਰਾਂ ਵਿੱਚ ਹੋਈ ਹਰ ਪ੍ਰਕਾਰ ਦੀ ਤਰੱਕੀ ਵੇਖੀ ਹੈ। ਚਿੱਠੀਆਂ ਖਤ ਵੀ ਲਿਖੇ ਹਨ ਤੇ ਜੀ-ਮੇਲ, ਵੱਟਸਐਪ ਆਦਿ 'ਤੇ ਮੈਸੇਜ਼ ਵੀ ਭੇਜੇ ਹਨ। ਕਿਸਾਨਾਂ ਨੂੰ ਖੇਤਾਂ ਵਿੱਚ ਡੰਗਰਾਂ ਨਾਲ ਹਲ੍ਹ ਵਾਹੁੰਦੇ ਤੇ ਇਨਸਾਨ ਨੂੰ ਚੰਦ 'ਤੇ ਉੱਤਰਦੇ ਵੇਖਿਆ ਹੈ। ਪਰ ਦਿਲ ਵਿੱਚ ਦਰਦ ਉਦੋਂ ਉੱਠਦਾ ਹੈ ਜਦੋਂ ਵੇਖਦੇ ਹਾਂ ਕਿ ਪੰਜਾਬ ਵਿੱਚ ਤੀਹ ਚਾਲੀ ਸਾਲ ਪਹਿਲਾਂ ਪਾਣੀ ਦਾ ਪੱਧਰ ਜੋ ਦਸ ਪੰਦਰਾਂ ਫੁੱਟ 'ਤੇ ਹੁੰਦਾ ਸੀ, ਉਹ ਹੁਣ ਦੋ ਢਾਈ ਸੌ ਫੁੱਟ 'ਤੇ ਪਹੁੰਚ ਗਿਆ ਹੈ। ਨਦੀਆਂ ਦਾ ਅੰਮ੍ਰਿਤ ਵਰਗਾ ਸ਼ੁੱਧ ਪਾਣੀ ਸ਼ਹਿਰਾਂ ਦੇ ਸੀਵਰੇਜ਼ ਨੇ ਜ਼ਹਿਰੀਲਾ ਕਰ ਦਿੱਤਾ ਹੈ।

ਸ਼ਹਿਰਾਂ ਵਿੱਚ ਖੁੰਭਾਂ ਵਾਂਗ ਬਣ ਰਹੇ ਬਹੁਮੰਜ਼ਿਲਾਂ ਫਲੈਟਾਂ ਨੂੰ ਵੇਖ ਕੇ ਕਈ ਵਾਰ ਸੋਚ ਆਉਂਦੀ ਸੀ ਕਿ ਜੇ ਪਾਣੀ ਖਤਮ ਹੋ ਗਿਆ ਤਾਂ ਇਹ ਲੋਕ ਕਿੱਥੇ ਜਾਣਗੇ? ਪਰ ਸੁਰਸਾਂ ਵਾਂਗ ਮੂੰਹ ਖੋਲ੍ਹੀ ਪੰਜਾਬ ਵੱਲ ਵਧ ਰਹੀ ਪਾਣੀ ਦੀ ਇਸ ਸਮੱਸਿਆ ਦਾ ਸਾਡੀ ਜਨਤਾ ਜਾਂ ਸਰਕਾਰਾਂ ਦੀ ਸਿਹਤ 'ਤੇ ਕੋਈ ਖਾਸ ਅਸਰ ਨਹੀਂ ਹੈ। ਪਾਣੀ ਦੀ ਬਰਬਾਦੀ ਰੋਕਣ ਲਈ ਠੋਕ ਕੇ ਬਿੱਲ ਲੈਣ ਦੀ ਬਜਾਏ ਸਗੋਂ ਪਾਣੀ ਫਰੀ ਕੀਤਾ ਜਾ ਰਿਹਾ ਹੈ। ਜੇ ਅਸੀਂ ਬੰਗਲੌਰ ਜਾਂ ਦੱਖਣੀ ਅਫਰੀਕਾ ਤੋਂ ਸਿੱਖਿਆ ਨਾ ਲਈ ਤਾਂ ਅਗਲੇ ਕੁਝ ਹੀ ਸਾਲਾਂ ਵਿੱਚ ਸਾਡੇ ਹਾਲਾਤ ਵੀ ਉਨ੍ਹਾਂ ਵਰਗੇ ਹੋਣ ਦੀ ਪੂਰੀ ਸੰਭਾਵਨਾ ਹੈ। ਪੰਜਾਬ ਨੂੰ ਮਾਰੂਥਲ ਬਣਨ ਤੋਂ ਬਚਾਉਣ ਲਈ ਸਭ ਨੂੰ ਰਲ ਮਿਲ ਕੇ ਹੰਭਲਾ ਮਾਰਨਾ ਪੈਣਾ ਹੈ ਕਿਉਂਕਿ ਸੱਪ ਲੰਘਣ ਤੋਂ ਬਾਅਦ ਲਕੀਰ ਕੁੱਟਣ ਦਾ ਕੋਈ ਫਾਇਦਾ ਨਹੀਂ ਹੁੰਦਾ। -0-

**ਸਫਾ 26 ਦਾ ਬਾਕੀ**

ਪੈਦਾ ਹੋਏ ਹਾਂ ਜੋ ਮਨੁੱਖ ਇਸ ਗੱਲ ਨੂੰ ਸਮਝ ਲੈਂਦਾ ਹੈ, ਉਹੀ ਉੱਚੀ ਜਾਤ ਦਾ ਹੈ। ਮਾਂ ਦੇ ਪੇਟ ਵਿੱਚ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਉਹ ਕਿਸ ਜਾਤ ਦਾ ਹੈ। ਪਰਮਾਤਮਾ ਨੇ ਸਭ ਨੂੰ ਇਕੋ ਜਿਹੀ ਰਖਵਾਲੀ, ਇਕੋ ਜਿਹੀ ਖੁਰਾਕ, ਇਕੋ ਜਿਹਾ ਖੂਨ ਅਤੇ ਇਕੋ ਜਿਹਾ ਜਨਮ ਜੀਵਨ ਬਖਸ਼ਿਆ ਹੈ। ਗੁਰੂ ਸਾਹਿਬ ਵੱਲੋਂ ਸਮੁੱਚੀ ਮਨੁੱਖਤਾ ਲਈ ਚਲਾਏ ਗਏ ਇਸ ਅੰਦੋਲਨ ਦਾ ਸਿਖ਼ਰ ਦਸ਼ਮ ਪਾਤਸ਼ਾਹ ਨੇ ਖਾਲਸਾ ਸਿਰਜਣਾ ਵੇਲੇ ਦਰਸਾਇਆ ਜਦੋਂ ਪੰਜਾਂ ਪਿਆਰਿਆਂ ਵਿੱਚੋ ਚਾਰ ਅਖੌਤੀ ਨੀਵੀਂਆ ਜਾਤਾਂ ਵਾਲੇ ਸਨ। ਪਰ ਉਹ ਆਪਣੀ ਕਰਨੀ ਅਤੇ ਉੱਚੇ ਜੀਵਨ ਨਾਲ ਸਿੱਖ ਪੰਥ ਦੀਆਂ ਸਭ ਤੋਂ ਉੱਚੀਆਂ ਸ਼ਖਸ਼ੀਅਤਾਂ ਬਣੇ। ਇਹ ਉਹ ਗੁਰੂ ਪਿਆਰੇ ਸਨ, ਜਿਨ੍ਹਾਂ ਤੋਂ ਦਸਮ ਪਿਤਾ ਨੇ ਆਪ ਵੀ ਅੰਮ੍ਰਿਤ ਦੀ ਦਾਤ ਮੰਗ ਕੇ ਲਈ। ਕੁੱਲ ਮਨੁੱਖਤਾ ਦੇ ਇਤਿਹਾਸ ਵਿੱਚ ਐਸਾ ਬਰਾਬਰੀ ਦਾ ਅੰਦੋਲਨ ਚਲਿਆ ਵੀ ਪਹਿਲੀ ਵਾਰ ਅਤੇ ਐਸਾ ਪਿਆਰਾ ਇਸ ਨੂੰ ਅਮਲੀ ਜਾਮਾ ਵੀ ਪਹਿਲੀ ਵਾਰ ਪਹਿਨਾਇਆ ਗਿਆ। ਗੁਰੂ ਸਾਹਿਬਾਨ ਨੇ ਜਿਥੇ ਨੀਵਿਆਂ ਨੂੰ ਉੱਚੇ ਚੁੱਕਿਆ, ਉਥੇ ਝੂਠਾ ਜਾਤ ਹੰਕਾਰ ਛੱਡ ਕੇ ਬਰਾਬਰ ਆ ਬੈਠਣ ਵਾਲਿਆਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ।

ਗੁਰੂ ਅਮਰਦਾਸ ਸਾਹਿਬ ਵੱਲੋਂ ਦਰਸਾਇਆ ਰਾਹ ਸਮੁੱਚੀ ਮਾਨਵਤਾ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦਾ ਹੈ ਜੇ ਮਨੁੱਖਤਾ ਆਪਣੀਆਂ ਅੱਖਾਂ ਤੋਂ ਝੂਠੀ ਕੱਟੜਤਾ ਦੀ ਪੱਟੀ ਲਾਹ ਦੇਵੇ-

**ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥**

**(1127)**

ਸਿੱਖਾਂ ਦੀ ਅੱਜ ਦੀ ਤਰਸਯੋਗ ਹਾਲਤ ਜਿਸ ਨੂੰ ਗੁਰੂ ਸਾਹਿਬਾਨਾਂ ਨੇ 239 ਸਾਲ ਦਾ ਸਮਾਂ ਲਗਾ ਕੇ ਸਵਾਰਿਆ ਤੇ ਸ਼ਿੰਗਾਰਿਆ ਅਤੇ ਜਾਤ-ਪਾਤ ਦੀ ਲਾਹਨਤ ਤੋਂ ਛੁਟਕਾਰਾ ਦਿਵਾਇਆ ਸੀ। ਗੁਰਬਾਣੀ ਵਿਚਾਰ ਦੀ ਘਾਟ ਕਰਕੇ ਵੱਖ-ਵੱਖ ਜਾਤਾਂ ਬਿਰਾਦਰੀਆਂ 'ਚ ਵੰਡੇ ਗਏ ਹਾਂ। ਸਿੰਘ ਸਭਾ ਦੀ ਸਿਖਿਆ ਅੱਜ ਵੀ ਸਾਨੂੰ ਜਗਾਉਣ ਦਾ ਤਰਲਾ ਲੈ ਰਹੀ ਹੈ। ਕਾਸ਼ ! ਅਸੀਂ ਜਾਗੀਏ ਅਤੇ ਜਾਤ-ਪਾਤ ਰਹਿਤ ਸਮਾਜ ਸਿਰਜੀਏ। -0-

# ਗੁਰਮਤਿ ਸਿਖਲਾਈ ਕੈਂਪ 2024

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਮਈ-ਜੂਨ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਤੇ ਕੈਂਪਾਂ ਵਿਚ ਬੱਚਿਆਂ/ਨੌਜਵਾਨਾਂ ਨੂੰ ਗੁਰ-ਇਤਿਹਾਸ, ਗੁਰਬਾਣੀ, ਸਿੱਖ ਰਹਿਤ ਮਰਿਯਾਦਾ, ਨੈਤਿਕ ਕਦਰਾਂ-ਕੀਮਤਾਂ ਅਤੇ ਸਿੱਖ ਵਿਰਸੇ ਤੇ ਸੱਭਿਆਚਾਰ ਤੋਂ ਜਾਣੂੰ ਕਰਵਾਇਆ ਜਾਵੇਗਾ।

## • ਆਓ ! ਫਰਜ਼ ਨੂੰ ਪਛਾਣੀਏ •

ਆਪੋ-ਆਪਣੇ ਇਲਾਕੇ ਵਿਚ ਸਕੂਲਾਂ-ਕਾਲਜਾਂ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਵਾਈਏ।

**ਗੁਰਮਤਿ ਕੈਂਪ ਇੰਚਾਰਜ:**
**ਭਾਈ ਨਛੱਤਰ ਸਿੰਘ ਸੰਪਰਕ : 98555-51699**

**ਬੇਨਤੀ ਕਰਤਾ: ਗੁਰਮਤਿ ਗਿਆਨ ਮਿਸ਼ਨਰੀ ਕਾਲਜ**

**ਪੰਜਾਬੀ ਬਾਗ, ਜਵੱਦੀ, ਲੁਧਿਆਣਾ-141013 www.gurmatgian.com, www.fb.com/gurmatgian**




# ਗੁਰਮਤਿ ਗਿਆਨ ਮਿਸ਼ਨਰੀ ਕਾਲਜ

## ਦਾਖਲਾ ਨੋਟਿਸ

**ਪ੍ਰਚਾਰਕ ਦਾ ਤਿੰਨ ਸਾਲਾ ਡਿਪਲੋਮਾ ਕੋਰਸ (2½ ਸਾਲ ਕਾਲਜ ਵਿਖੇ ਅਤੇ 6 ਮਹੀਨੇ ਫੀਲਡ ਟ੍ਰੇਨਿੰਗ) ਲਈ ਦਾਖਲਾ ਸ਼ੁਰੂ ਹੈ।**

**ਯੋਗਤਾ : 10+2 ਪਾਸ, ਵੱਧ ਪੜ੍ਹੇ ਲਿਖੇ ਨੂੰ ਤਰਜੀਹ, ਖਾਸ ਹਾਲਤਾਂ ਵਿਚ ਮੈਟ੍ਰਿਕ ਪਾਸ। ਉਮਰ : 18 ਤੋਂ 28 ਸਾਲ।**

**ਦਾਖਲਾ ਮਿਤੀ : 6 ਜੁਲਾਈ 2024 (ਸ਼ਨੀਵਾਰ)**

**ਦਾਖਲੇ ਵਾਲੇ ਦਿਨ ਉਮੀਦਵਾਰ ਸਵੇਰੇ 9 ਵਜੇ ਤੋਂ 2 ਵਜੇ ਤਕ ਕਾਲਜ ਵਿਖੇ ਆਪਣੇ ਅਸਲੀ ਸਰਟੀਫਿਕੇਟ ਅਤੇ ਦੋ ਫੋਟੋਆਂ ਲੈ ਕੇ ਇੰਟਰਵਿਊ ਲਈ ਆਪਣੇ ਖਰਚੇ 'ਤੇ ਹੇਠ ਲਿਖੇ ਪਤੇ 'ਤੇ ਪਹੁੰਚਣ। ਟ੍ਰੇਨਿੰਗ ਦੌਰਾਨ ਪੜ੍ਹਾਈ, ਰਿਹਾਇਸ਼, ਲੰਗਰ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਾਲਜ ਵੱਲੋਂ ਫ੍ਰੀ ਕੀਤਾ ਜਾਵੇਗਾ।**

**ਰਜਿਸਟ੍ਰੇਸ਼ਨ ਕਰਾਉਣ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ: 99155-29725, 98555-98855**

**ਪੰਜਾਬੀ ਬਾਗ਼, ਜਵੱਦੀ, ਲੁਧਿਆਣਾ ਫੋਨ: 0161-2521700, 94177-04970**
**Email:** gurmatgian@rediffmail.com **Website:** gurmatgian.org

## ਕਾਵਿ ਕਿਆਰੀ

# ਸਹੁਰੇ ਜਾਂਦੀ ਧੀ ਨੂੰ

**ਵਿਧਾਤਾ ਸਿੰਘ ਤੀਰ**

ਲਾਡਾਂ ਨਾਲ ਪਲੀਏ, ਨੀ ਪ੍ਰੇਮ ਕਲੀਏ,
ਬੱਚੀ ! ਅੱਜ ਸਾਥੋਂ ਵਿਛੜ ਚੱਲੀ ਏਂ ਤੂੰ।
ਸਿੱਕਾਂ, ਸੱਧਰਾਂ, ਚਾਵਾਂ ਦੀ ਲੈ ਲੋਰੀ,
ਏਸ ਬਾਗ਼-ਪਰਵਾਰ ਵਿਚ ਪੱਲੀ ਏਂ ਤੂੰ।
ਕੂੰਜਾਂ ਛੱਡ ਕੁਰਲਾਂਦੀਆਂ ਮੋਹ ਅੰਦਰ,
ਅੱਜ ਤੋਂ ਓਪਰੀ ਡਾਰ ਵਿਚ ਰੱਲੀ ਏਂ ਤੂੰ।
ਬੱਚੀ ਖੇੜਾ ਮਹਿਕਾ ਦਈਂ ਸਹੁਰਿਆਂ ਦਾ,
ਕਿਉਂਕਿ ਗੁਣਾਂ ਦੀ ਮਹਿਕਦੀ ਕਲੀ ਏਂ ਤੂੰ।

ਠਾਠਾਂ ਮਾਰਦਾ ਰਹਿਸੀ ਪਿਆਰ ਤੇਰਾ,
ਸਾਡੇ ਛਲਕਦੇ ਦਿਲ-ਦਰਿਆ ਅੰਦਰ।
ਬੱਚੀ ! ਪਿਤਾ ਨੂੰ ਸੁੱਖ-ਸੁਨੇਹੇ ਭੇਜੀਂ,
ਸਹੁਰੇ ਘਰ ਤੋਂ ਆਂਵਦੀ ਵਾ ਅੰਦਰ।

ਸਾਡੇ ਦਿਲ ਦੀ ਆਂਦਰੇ ਜਿੰਦ ਧੀਏ,
ਬੱਚੀ ਰੱਬ ਜਗਾਇਆ ਏ ਭਾਗ ਤੇਰਾ।
ਫੁੱਲਾਂ ਵਾਂਙ ਮਹਿਕੀਂ ਸੱਚੇ ਪ੍ਰੇਮ ਅੰਦਰ,
ਏਦਾਂ ਮਹਿਕਣਾ ਏਂ ਸਹੁਰਾ ਬਾਗ਼ ਤੇਰਾ।
ਵੱਸੀਂ ਵਿਚ ਸੰਸਾਰ ਦੇ ਕੰਵਲ ਵਾਂਙੂ,
ਜੀਵਨ ਜੱਗ ਤੇ ਨਿਭੇ ਬੇਲਾਗ ਤੇਰਾ।
ਸੀਤਾ ਸਤੀ ਤੇ ਦੇਵੀ ਸਵਿਤਰੀ ਤੋਂ,
ਵਧ ਚੜ੍ਹ ਕੇ ਹੋਏ ਸੁਹਾਗ ਤੇਰਾ।

ਤਾਰਾ ਅੱਖ ਦਾ ਬਣੀਂ, ਨਾ ਬਣੀਂ ਕੰਡਾ,
ਸਮਝੇ ਪ੍ਰੇਮ ਦਾ ਚੰਨ ਪਰਵਾਰ ਤੈਨੂੰ।
ਜਿੰਨੇ ਨਹੀਂ ਹਿਸਾਬ ਵਿਚ ਆ ਸਕਦੇ,
ਦੇਵੇ ਏਤਨੇ ਸੁਖ ਕਰਤਾਰ ਤੈਨੂੰ।

ਸਾਂਝੇ ਸਕੀਏ ਵੀਰ ਦੀਏ ਸੁਘੜ ਭੈਣੇ।
ਵੇਲਾ ਆਪਣਾ ਰੰਗ ਪਲਟਾ ਰਿਹਾ ਹੈ।
ਮਿਲੇ ਰਹੇ, ਹੱਸੇ ਖੇਡੇ, ਰਲ 'ਕੱਠੇ,
ਹੁਣ ਤਾਂ ਵਿਛੜਨ ਦਾ ਵੇਲਾ ਆ ਰਿਹਾ ਹੈ।
ਸਿੱਕਾ ਸਿਕਦਿਆਂ ਨੂੰ ਹੋਣ ਫੇਰ ਮੇਲੇ,
ਸਾਡਾ ਦਿਲੀ ਅਨੁਮਾਨ ਸਮਝਾ ਰਿਹਾ ਹੈ।
ਏਸ ਸਮੇਂ ਨੇ ਪਰਤ ਕੇ ਆਵਣਾ ਨਹੀਂ,
ਜਿਹੜਾ ਅੱਖੀਆਂ ਦੇ ਅੱਗੋਂ ਜਾ ਰਿਹਾ ਹੈ।

ਪਿਆਰੀ ਭੈਣ ! ਭਰਾ ਦੀ ਯਾਦ ਪਿਆਰੀ,
ਅੱਖਾਂ ਵਿਚ ਬਣਾ ਕੇ ਨੀਰ ਰੱਖੀ।
ਭੁੱਲ ਜਾਈਂ ਗੁੱਸੇ-ਗਿਲੇ ਨਿੱਕਿਆਂ ਦੇ,
ਐਪਰ ਯਾਦ ਇਹ ਆਪਣਾ ਵੀਰ ਰੱਖੀ। -0-

---

# ਚਿੰਤਾ ਤੇ ਇਸ ਦਾ ਹੱਲ

**ਡਾ. ਹਰੀ ਸਿੰਘ ਜਾਚਕ**

ਕਈ ਵਾਰ ਨੇ ਐਸੇ ਹਾਲਾਤ ਬਣਦੇ, ਚਾਰੇ ਪਾਸਿਓਂ ਲੈਂਦੀ ਹੈ ਘੇਰ ਚਿੰਤਾ।
ਇਹ ਤਾਂ ਦਿਨੇ ਹੀ ਤਾਰੇ ਵਿਖਾ ਦਿੰਦੀ, ਕਰ ਦਿੰਦੀ ਏ ਘੁੱਪ ਹਨੇਰ ਚਿੰਤਾ।
ਚਾਰੇ ਪਾਸੇ ਹੀ ਗ਼ਮਾਂ ਦੇ ਛਾਉਣ ਬੱਦਲ, ਖੁਸ਼ੀਆਂ ਖਤਮ ਕਰਦੀ ਬਿਨ੍ਹਾਂ ਦੇਰ ਚਿੰਤਾ।
ਉਡਦਾ ਫਿਰਦਾ ਹੈ ਜਿਹੜਾ ਅਸਮਾਨ ਅੰਦਰ, ਪਲਾਂ ਵਿੱਚ ਹੀ ਕਰਦੀ ਹੈ ਢੇਰ ਚਿੰਤਾ।
ਉਡ ਜਾਂਦੀ ਏ ਰੌਣਕ ਚਿਹਰਿਆਂ ਤੋਂ, ਮਨ ਮਸਤਕ ਨੂੰ ਲਏ ਜਦ ਫੜ ਚਿੰਤਾ।
ਡੁੱਬ ਜਾਂਦਾ ਏ ਸੋਚਾਂ ਦੇ ਵਿੱਚ ਬੰਦਾ , ਐਸਾ ਅੰਦਰ ਲਿਆਉਂਦੀ ਏ ਹੜ੍ਹ ਚਿੰਤਾ।
ਜੀਵਨ ਵਿੱਚ ਭੁਚਾਲ ਲਿਆ ਦਿੰਦੀ, ਆ ਕੇ ਕੋਲ ਜਦ ਜਾਂਦੀ ਏ ਖੜ੍ਹ ਚਿੰਤਾ।
ਚਿੰਤਾ ਚਿਖਾ ਬਰਾਬਰ ਹੈ ਕਹਿਣ ਲੋਕੀ, ਸਾਰੇ ਮਾਨਸਿਕ ਰੋਗਾਂ ਦੀ ਜੜ੍ਹ ਚਿੰਤਾ।
ਹੋ ਸਕਦੇ ਨੇ ਚਿੰਤਾ ਦੇ ਕਈ ਕਾਰਣ, ਕਰਦਾ ਰਹਿੰਦਾ ਏ ਸਦਾ ਇਨਸਾਨ ਚਿੰਤਾ।
ਚਿੰਤਾ ਦੀ ਬਿਮਾਰੀ ਹੈ ਬਹੁਤ ਚੰਦਰੀ, ਦਿਨ ਰਾਤ ਕਰਦੀ ਪ੍ਰੇਸ਼ਾਨ ਚਿੰਤਾ।
ਅੰਦਰੋ ਅੰਦਰੀ ਹੈ ਖੋਖਲਾ ਕਰ ਦਿੰਦੀ, ਲੱਗ ਜਾਂਦੀ ਜਦ ਘੁਣ ਸਮਾਨ ਚਿੰਤਾ।
ਜੀਉਣ ਜੋਗਾ ਨਹੀਂ ਬੰਦੇ ਦੇ ਤਾਈਂ ਛੱਡਦੀ, ਕੱਢ ਲੈਂਦੀ ਹੈਂ ਜਿੰਦ ਤੇ ਜਾਨ ਚਿੰਤਾ।
ਕਰੀਏ ਵਾਹਿਗੁਰੂ ਅੱਗੇ ਅਰਦਾਸ ਹਰਦਮ, ਨਾ ਹੀ ਸਮਝੀਏ ਕਦੇ ਵੀ ਦੂਰ ਉਸਨੂੰ।
ਸਾਡੀ ਆਤਮਾ ਅੰਸ਼ ਪਰਮਾਤਮਾ ਦੀ, ਸਦਾ ਵੇਖੀਏ ਹਾਜ਼ਰ ਹਜ਼ੂਰ ਉਸਨੂੰ।
ਜਲ ਵਿੱਚ ਵੀ ਪੈਦਾ ਜਿਸ ਜੀਵ ਕੀਤਾ, ਪੇਟ ਭਰਨ ਲਈ ਦਿੰਦਾ ਭਰਪੂਰ ਉਸਨੂੰ।
ਜਿਸ ਨੇ ਭੇਜਿਆ ਦੁਨੀਆਂ ਦੇ ਵਿੱਚ ਸਾਨੂੰ, ਸਾਡੀ ਚਿੰਤਾ ਵੀ ਹੈ ਜ਼ਰੂਰ ਉਸਨੂੰ।
ਚਿੰਤਾ ਨਾਲ ਨਹੀਂ ਮਸਲਾ ਕੋਈ ਹੱਲ ਹੁੰਦਾ, ਰੱਖੀਏ ਮਨ ਦੇ ਵਿੱਚ ਇਹ ਗੱਲ ਮਿੱਤਰੋ।
ਚਿੰਤਾ ਹੁੰਦਿਆਂ ਕਿਵੇਂ ਨਿਸ਼ਚਿੰਤ ਰਹਿਣੈ, ਐਸਾ ਸਿਖੀਏ ਜੀਉਣ ਦਾ ਵੱਲ ਮਿੱਤਰੋ।
ਦੁਖਾਂ ਦਾ ਮੁਕਾਬਲਾ ਕਰਨ ਦੇ ਲਈ, ਤਕੜਾ ਰੱਖੀਏ ਸਦਾ ਮਨੋਬਲ ਮਿੱਤਰੋ।
ਢਹਿੰਦੀ ਕਲਾ ਤਾਂ ਚਿੰਤਾ ਵਧਾਏ 'ਜਾਚਕ', ਚੜ੍ਹਦੀ ਕਲਾ ਹੈ ਏਸ ਦਾ ਹੱਲ ਮਿੱਤਰੋ। -0-

---


# ਨਾ ਲਿਖੀਂ ਨਾ ਗਾਵੀਂ...

**ਡਾ. ਅਮਨਪ੍ਰੀਤ ਸਿੰਘ, ਲੁਧਿਆਣਾ**

ਨਾ ਲਿਖੀਂ ਨਾ ਗਾਵੀਂ ਜੋ ਸਮਾਜ 'ਚ ਵੰਡੀਆਂ ਪਾਉਂਣ
ਨਾ ਲਿਖੀਂ ਨਾ ਗਾਵੀਂ ਜੋ ਸਮਾਜ 'ਚ ਵੈਰ ਹੀ ਵਧਾਉਣ
ਨਾ ਲਿਖੀ ਨਾ ਗਾਵੀਂ ਕਿ ਇਥੇ ਗੈਂਗਸਟਰ ਹੋਣ ਪੈਦਾ
ਨਾ ਲਿਖੀ ਨਾ ਗਾਵੀਂ ਕਿ ਬੜਕਾਂ ਮਾਰੇ ਪੁੱਤ ਜੱਟਾਂ ਦਾ।
ਨਾ ਲਿਖੀ ਨਾ ਗਾਵੀਂ ਕਿ ਰੁੱਸ ਜਾਵੇ ਧੀਆਂ ਦਾ ਹਾਸਾ
ਨਾ ਲਿਖੀ ਨਾ ਗਾਵਾਂ ਅਪਸ਼ਬਦ ਕੋਈ ਔਰਤ ਤੇ ਐਸਾ ।
ਨਾ ਲਿਖੀ ਨਾ ਗਾਵੀਂ ਕਿ ਪੁੱਤ ਨਸ਼ਿਆਂ ਲੱਗੇ ਇੱਦਾਂ
ਨਾ ਲਿਖੀਂ ਨਾ ਗਾਵਾਂ ਕਿ ਬੁਰੇ ਕੰਮ ਕਰਨੇ ਨੇ ਕਿੱਦਾਂ।
ਨਾ ਲਿਖੀਂ ਨਾ ਗਾਵੀਂ ਗੀਤਾਂ ਵਿੱਚ ਭੈੜੀਆਂ ਗਾਲ਼ਾਂ
ਲਿਖੀ ਇਨਾਂ ਕੁ ਕਿ ਆਪਣਿਆਂ 'ਚ ਕਦਰ ਪਛਾਣਾ।
ਪਹਿਲਾਂ ਝਾਤੀ ਮਾਰੀ ਵਿਰਸੇ ਤੇ ਜੋ ਪੰਜਾਬੀ ਅਨੋਖਾ
ਨਾ ਕਰ ਮੰਦਾ ਇਸ ਨੂੰ, ਨਾ ਕਰ ਪੰਜਾਬੀਅਤ ਨਾਲ਼ ਧੋਖਾ।

# ਕਿਤਾਬ ਸਮੀਖਿਆ

**–ਮੰਗਤ ਸਿੰਘ 'ਰਾਹੀ' # 98882–91607**




ਸ. ਪ੍ਰਕਾਸ਼ ਸਿੰਘ ਜੀ ਦੀ ਪੁਸਤਕ "ਸਿੱਖ ਧਰਮ ਦੇ ਵਾਧੇ ਦਾ ਉਪਰਾਲਾ ਅਤੇ ਵਿਧੀ" Practical, Advancement of Sikhism ਦਾ ਪੂਰਾ ਫਲਸਫਾ ਹੈ। ਕਿਤਾਬ ਸ਼ੁਰੂ ਹੀ ਚਾਰ ਲਾਈਨਾਂ ਵਾਲੇ ਸਿੱਖ ਐਨਥਮ ਨਾਲ ਹੁੰਦੀ ਹੈ। ਇਸ ਵਿੱਚ ਲੇਖਕ ਸੁਨੇਹਾ ਦਿੰਦਾ ਹੈ ਕਿ ਆਉ ਤਨ ਮਨ ਅਤੇ ਧਨ ਦੀ ਸਿੱਖੀ ਤੋਂ ਉਪਰ ਉਠ ਕੇ ਦਿਮਾਗ ਦੀ ਸਿੱਖੀ ਵਲ ਧਿਆਨ ਕੇਂਦਰਿਤ ਕਰੀਏ। ਸਾਡੇ ਬੱਚੇ CA, IAS, BANKS, DR, JUSTICE ਭਾਵ ਅਫ਼ਸਰ ਬਨਣ ਅਤੇ ਸਿੱਖੀ ਸਰੂਪ ਵਿੱਚ ਰਹਿ ਕੇ ਨੌਜਵਾਨਾਂ ਦਾ ROLL MODEL ਬਨਣ। ਇਸ ਵਿੱਚ ਧਰਮ ਦਾ ਪ੍ਰਚਾਰ ਕਰਨ ਵਾਲੇ ਗ੍ਰੰਥੀ ਸਿੰਘ, ਰਾਗੀ, ਕਥਾ ਵਾਚਕ, ਕਵੀਸ਼ਰ ਅਤੇ ਢਾਢੀ ਸਿੰਘਾਂ ਦੀ ਸਾਰ ਲੈਣ ਵਾਸਤੇ ਵੀ ਸੁਝਾਅ ਦਿੱਤੇ ਹਨ। ਇਨ੍ਹਾਂ ਪ੍ਰਚਾਰਕ ਵੀਰਾਂ ਨੂੰ ਪੰਜਾਬ ਤੋਂ ਬਾਹਰ ਜਾ ਕੇ ਵੀ ਸਿੱਖ ਧਰਮ ਦੇ ਅਸੂਲਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

ਕੀਰਤਨ, ਕਥਾ, ਜਾਂ ਲੰਗਰ ਲਾਉਣ ਨਾਲ ਹੀ ਨਹੀਂ ਸਗੋਂ ਹਰੇਕ ਸਿੱਖ ਨੂੰ ਆਪਣਾ ਫ਼ੋਮਪ;ਰਜ ਸਮਝ ਕੇ ਸਿੱਖੀ ਵਾਸਤੇ ਕੰਮ ਕਰਨਾ ਚਾਹੀਦਾ ਹੈ। ਸਾਨੂੰ ਕੇਵਲ ਛਬੀਲਾਂ ਅਤੇ ਲੰਗਰ ਤੇ ਹੀ ਸਮਾਂ ਜਾਇਆ ਨਹੀ ਕਰਨਾ ਚਾਹੀਦਾ ਸਗੋਂ ਗਰੀਬ ਅਤੇ ਲੋੜਵੰਦ ਦੀ ਹਰ ਤਰ੍ਹਾਂ ਮਦਦ ਕਰਕੇ ਬਾਬੇ ਨਾਨਕ ਦੀ ਸਿੱਖੀ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ। ਲੇਖਕ IIT ਦਾ ਪੜ੍ਹਿਆ ਲਿਖਿਆ ਇੰਜੀਨੀਅਰ ਹੈ। ਸਿੱਖ ਸੰਗਤ ਦੇ RESOURCES (ਜਿਹਾ ਕੇ ਦਸਵੰਧ – SIKH COMMON WEALTH ; ਵਕਤ – SIKH MAN HOURS ; ਸ਼ਰਧਾ –SIKH DEVOTIONAL ENERGY POTENTIAL), ਨੂੰ ਸਹੀ ਢੰਗ ਦੀ STRATEGY ਅਤੇ ALLOCATION ਨਾਲ ਸਿੱਖੀ ਨੂੰ ਅੱਗੇ ਲਿਜਾਣ ਨਾਲ "ਸਿੱਖ ਐਨਥਮ'' ਦੀ ਪੂਰਤੀ ਹੋ ਸਕਦੀ ਹੈ।

ਕਿਤਾਬ ਦੀ ਭਾਸ਼ਾ ਬਹੁਤ ਹੀ ਸਰਲ ਹੈ। ਮੇਰੇ ਵਿਚਾਰ ਵਿੱਚ ਤਾਂ ਐਸੀ ਦਿਲ ਨੂੰ ਟੁੰਬਣ ਵਾਲੀ ਕਿਤਾਬ ਹਰ ਰਾਗੀ, ਹਰ ਪ੍ਰਚਾਰਕ, ਹਰ ਗ੍ਰੰਥੀ ਸਿੰਘ, ਗੁਰਦੁਆਰਿਆਂ ਦੇ ਮੈਂਬਰ, ਪ੍ਰਧਾਨ, ਸਿੱਖ ਅਖਵਾਣ ਵਾਲੇ ਵੀਰ ਭੈਣ ਦੇ ਘਰ ਵਿਚ ਹੋਣੀ ਚਾਹੀਦੀ ਹੈ ਤੇ ਇਸ ਦਾ ਪਰੈਕਟੀਕਲ IMPLEMENTATION ਜ਼ਰੂਰੀ ਹੋਣੀ ਚਾਹੀਦੀ ਹੈ। ਲੇਖਕ ਕੋਲੋਂ ਇਹ ਪੁਸਤਕ ਭੇਟਾ ਰਹਿਤ ਇਸ ਪਤੇ ਤੋਂ ਮੰਗਵਾਈ ਜਾ ਸਕਦੀ ਹੈ:

PARKASH SINGH # 895, PHASE 3B2, SAS NAGAR- MOHALI- 160059 98150- 10317 psb8950@gmail.com

ਸ਼ੁਭ ਕਾਮਨਾਵਾਂ ਸਹਿਤ

# ਜ਼ਿੰਦਗੀ

**–ਹਰਪ੍ਰੀਤ ਸਿੰਘ ਜਵੰਦਾ**

ਅਮਰੀਕਾ ਗਏ ਇੱਕ ਬੇਹੱਦ ਹੁਸ਼ਿਆਰ ਭਾਰਤੀ ਇੰਜੀਨੀਅਰ ਨੇ ਜਦੋਂ ਇੱਕ ਦਿਨ ਸਣੇ ਪਰਿਵਾਰ ਖ਼ੁਦਕੁਸ਼ੀ ਕਰ ਲਈ ਤਾਂ ਹਰ ਕੋਈ ਸੋਚਣ ਤੇ ਮਜਬੂਰ ਹੋ ਗਿਆ ਕਿ ਅਸਲ ਵਿਚ ਕਹਾਣੀ ਬਣੀ ਕੀ?

ਉਸਦੇ ਲਿਖੇ ਸੁਸਾਈਡ ਨੋਟ ਤੇ ਖੋਜ ਕੀਤੀ ਤਾਂ ਪਾਇਆ ਕਿ ਹਮੇਸ਼ਾਂ ਹੀ ਅੱਵਲ ਰਹਿਣ ਵਾਲੇ ਇਸ ਇਨਸਾਨ ਨੂੰ ਕਿਸੇ ਨੇ ਵੀ ਹਾਰ ਬਰਦਾਸ਼ਤ ਕਰਨੀ ਨਹੀਂ ਸੀ ਸਿਖਾਈ.. ਬਸ ਏਹੀ ਸਿਖਾਇਆ ਕਿ ਜਿੰਦਗੀ ਵਿਚ ਹਮੇਸ਼ਾਂ ਹਰ ਕੀਮਤ ਤੇ ਅੱਵਲ ਹੀ ਆਉਣਾ ਏ..!

2008 ਦੀ ਆਰਥਿਕ ਮੰਦੀ ਵਿਚ ਨੌਕਰੀ ਚਲੀ ਗਈ..ਘਰ ਦੀਆਂ ਕਿਸ਼ਤਾਂ ਟੁੱਟ ਗਈਆਂ ਤੇ ਜਦੋਂ ਰੋਟੀ ਦੇ ਵੀ ਲਾਲੇ ਤੱਕ ਪੈ ਗਏ ਤਾਂ ਇਸਨੇ ਬਕਾਇਦਾ ਸਲਾਹ ਕਰਕੇ ਮਰਨ ਦਾ ਰਾਹ ਚੁਣਿਆ! ਮੁੰਬਈ ਵਿਚ ਇੱਕ ਵੀਹ ਸਾਲ ਦੀ ਮਾਡਲਿੰਗ ਕਰਦੀ ਕੁੜੀ ਨੇ ਫਲੈਟ ਦੀ ਦਸਵੀਂ ਮੰਜਿਲ ਤੋਂ ਛਲਾਂਗ ਲਗਾ ਕੇ ਖ਼ੁਦਕੁਸ਼ੀ ਕਰ ਲਈ.. ਕਾਰਨ ਇੱਕ ਕਮਰਸ਼ੀਅਲ ਇਸ਼ਤਿਹਾਰ ਵਿਚ ਉਸਦੀ ਜਗ੍ਹਾ ਕਿਸੇ ਹੋਰ ਮਾਡਲਿੰਗ ਕਰਦੀ ਕੁੜੀ ਨੂੰ ਲੈ ਲਿਆ ਗਿਆ ਸੀ।

ਪੰਝੀ ਕੁ ਸਾਲ ਪਹਿਲਾਂ ਬਟਾਲੇ ਇੱਕ ਜਾਣਕਾਰ ਦੀ ਨੌਜੁਆਨ ਕੁੜੀ ਨੇ ਗੱਡੀ ਹੇਠ ਸਿਰ ਦੇ ਦਿਤਾ...ਕਾਰਨ ਸੀ ਕਿ ਉਸਦੇ ਮਾਪੇ ਚੌਵੀ ਘੰਟੇ ਬੱਸ ਇੱਕੋ ਗੱਲ ਉਸਦੇ ਕੰਨ ਵਿਚ ਪਾਉਂਦੇ ਰਹਿੰਦੇ ਸਨ ਕਿ ਧੀਏ ਤੂੰ ਬੱਸ ਡਾਕਟਰ ਬਣਨਾ ਏ..ਫੇਰ ਅਗਲੀ ਦਾ ਜਦੋਂ ਪੀ.ਐਮ.ਟੀ (Pre Medical Test) ਵਿਚ ਨਾਮ ਨਹੀਂ ਆਇਆ ਤਾਂ ਚੁੱਪ ਚੁਪੀਤੇ ਇਹ ਕਦਮ ਚੁੱਕ ਲਿਆ..!

ਦੋਸਤੋ ਜਿੰਦਗੀ ਦੇ ਪੈਂਡੇ ਬੜੇ ਸਖਤ ਅਤੇ ਬੇਰਹਿਮ ਹੁੰਦੇ ਨੇ..ਸਕੂਲਾਂ ਵਿਚ ਕਿੰਨੇ ਨੰਬਰ ਲਏ..ਕਿੰਨੀਆਂ ਮੈਰਿਟ ਲਿਸਟਾਂ ਵਿਚ ਤੁਹਾਡਾ ਨਾਮ ਆਇਆ..ਕਿਹੜੇ ਮਜ਼ਮੂਨਾਂ ਵਿਚ ਤੁਹਾਡੀ ਫਸਟ ਡਿਵੀਜਨ ਆਈ..ਅਸਲ ਜਿੰਦਗੀ ਵਿਚ ਇਸ ਸਭ ਦਾ ਕੋਈ ਜਿਆਦਾ ਮਹੱਤਵ ਨਹੀਂ ਹੁੰਦਾ..

ਜ਼ਿੰਦਗੀ ਜਦੋਂ ਇਮਤਿਹਾਨ ਲੈਂਦੀ ਹੈ ਤਾਂ ਸਾਰੇ ਸੁਆਲ ਇਸਨੇ ਆਪ ਹੀ ਸੈੱਟ ਕੀਤੇ ਹੁੰਦੇ ਨੇ...ਸੁਆਲ ਵੀ ਆਊਟ-ਆਫ-ਸਿਲੇਬਸ ਹੀ ਹੁੰਦੇ ਨੇ..ਕੋਈ ਡੇਟ ਸ਼ੀਟ ਵੀ ਨਹੀਂ ਹੁੰਦੀ ਅਤੇ ਗ੍ਰੇਸ ਮਾਰਕਸ ਦੇਣ ਦਾ ਰਿਵਾਜ ਵੀ ਨਹੀਂ ਹੁੰਦਾ! ਦੁਨੀਆ ਰੂਪੀ ਖਤਰਨਾਕ ਜੰਗਲ ਵਿਚ ਤਰ੍ਹਾਂ-ਤਰ੍ਹਾਂ ਦੇ ਖੂੰਖਾਰ ਜਾਨਵਰਾਂ ਨਾਲ ਵਾਹ ਪੈਂਦਾ ਹੀ ਰਹਿੰਦਾ ਏ...ਇਥੇ ਇੱਕ ਜਿੱਤਦਾ ਹੈ ਅਤੇ ਅਨੇਕਾਂ ਹਾਰਦੇ ਵੀ ਨੇ..ਲਾਟਰੀ ਲੱਖਾਂ ਪਾਉਂਦੇ ਪਰ ਨਿਕਲਦੀ ਸਿਰਫ ਇਕ ਦੀ ਹੀ ਹੈ...

ਦੋਸਤੋ ਜੇ ਸਿਖਾ ਸਕਦੇ ਹੋ ਤਾਂ ਜੁਆਕਾਂ ਨੂੰ ਕਾਮਯਾਬ ਹੋਣ ਦੇ ਨਾਲ-ਨਾਲ ਹਾਰ ਬਰਦਾਸ਼ਤ ਕਰਨੀ ਵੀ ਸਿਖਾਓ...ਢੇਰੀ ਢਾਹ ਦੇਣ ਨਾਲੋਂ ਹਾਰ ਤੋਂ ਸਬਕ ਸਿੱਖਣਾ ਸਿਖਾਓ... ਘੱਟ ਨੰਬਰਾਂ ਵਾਲਾ ਰਿਪੋਰਟ ਕਾਰਡ ਲੈ ਕੇ ਜਦੋਂ ਤੁਹਾਡਾ ਧੀ-ਪੁੱਤ ਤੁਹਾਡੇ ਕੋਲ ਆਉਂਦਾ ਹੈ ਤਾਂ ਉਹ ਬਾਹਰੀ ਦੁਨੀਆਂ ਦੀ ਤਾਹਨੇ ਮੇਹਣਿਆਂ ਤੋਂ ਬੁਰੀ ਤਰ੍ਹਾਂ ਅੱਕਿਆ ਤੇ ਟੁੱਟਿਆ ਹੋਇਆ ਹੁੰਦਾ ਏ... ਉਸਦੀਆਂ ਅੱਖਾਂ ਵਿਚ ਤੁਹਾਡੀ ਸੁਪੋਰਟ ਅਤੇ ਹੱਲਾਸ਼ੇਰੀ ਲਈ ਇੱਕ ਤਰਲਾ ਜਿਹਾ ਹੁੰਦਾ ਏ...ਉਹ ਆਸ ਕਰਦਾ ਏ ਕਿ ਉਸਦਾ ਬਾਪ ਉਸਨੂੰ ਆਪਣੀ ਬੁੱਕਲ ਵਿਚ ਲੈ ਕੇ ਆਖੇ ਕਿ ਪੁੱਤਰਾ ਫੇਰ ਕੀ ਹੋਇਆ ਨੰਬਰ ਘੱਟ ਆਏ ਨੇ ਤਾਂ..ਅਗਲਾ ਦਿਨ ਵੀ ਤਾਂ ਚੜਣਾ ਏ..ਫੇਰ ਜ਼ੋਰ ਲਾ ਲਵੀਂ..ਮੈਂ ਤੇਰੇ ਨਾਲ ਹਾਂ...

ਉਹ ਓਦੋਂ ਅੰਦਰੋਂ ਬੁਰੀ ਤਰ੍ਹਾਂ ਟੁੱਟ ਭੱਜ ਜਾਂਦਾ ਹੈ ਜਦੋਂ ਉਸਦਾ ਮੁਕਾਬਲਾ ਸ਼ਰੇਆਮ ਕਿਸੇ ਹੋਰ ਹੁਸ਼ਿਆਰ ਬੱਚੇ ਨਾਲ ਕੀਤਾ ਜਾਂਦਾ ਏ ਤੇ ਉਸਦੇ ਸਵੈ-ਮਾਣ ਦੀਆਂ ਧੱਜੀਆਂ ਉਡਾ ਦਿੱਤੀਆਂ ਜਾਂਦੀਆਂ...!

ਸੋ ਦੋਸਤੋ ਮੁੱਕਦੀ ਗੱਲ..ਜ਼ਿੰਦਗੀ ਇੱਕ ਐਸਾ ਇਮਤਿਹਾਨ ਹੈ ਜਿਸ ਵਿਚੋਂ ਬਹੁਤ ਸਾਰੇ ਸ਼ਾਇਦ ਇਸ ਕਰਕੇ ਫੇਲ੍ਹ ਹੋ ਜਾਂਦੇ ਨੇ ਕਿਉਂਕਿ ਦੂਸਰਿਆਂ ਦੀ ਉੱਤਰ ਬੁੱਕ ਚੋਂ ਨਕਲ ਮਾਰਦਿਆਂ ਉਹ ਇਹ ਗੱਲ ਪੂਰੀ ਤਰ੍ਹਾਂ ਭੁੱਲ ਜਾਂਦੇ ਨੇ ਕਿ ਪਰਚਾ ਪਾਉਣ ਵਾਲੇ ਨੇ ਹਰੇਕ ਨੂੰ ਸੁਆਲ ਵੀ ਅੱਡੋ-ਅੱਡ ਪਾਏ ਹੁੰਦੇ ਨੇ..! -0-

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਝ ਵਿਸ਼ੇਸ਼ ਪਾਠ-ਭੇਦਾਂ ਸੰਬੰਧੀ

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

**ਗਿ: ਜਗਤਾਰ ਸਿੰਘ ਜਾਚਕ**


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕ ਬੱਝਵੇਂ ਵਿਆਪਕ ਨੇਮ ਵਿਚ ਲਿਖੀ ਗਈ ਹੈ। ਸਮੱਗਰ ਗੁਰਬਾਣੀ ਵਿਚ 'ਲਗ-ਮਾਤ੍ਰੀ-ਨੇਮ' ਇਕਸਾਰ ਕੰਮ ਕਰਦੇ ਹਨ। ਉਪਰੋਕਤ ਨੇਮ ਸ਼ਬਦ ਦੇ ਸ਼ੁੱਧ ਸਰੂਪ ਅਤੇ ਸ਼ੁੱਧ ਉਚਾਰਣ ਸੰਬੰਧੀ ਬਹੁਤ ਅਗਵਾਈ ਬਖ਼ਸ਼ਦੇ ਹਨ। ਜਿਥੇ ਕਿਤੇ ਕੋਈ ਵਿਖੇਪਤਾ ਨਜ਼ਰ ਆਉਂਦੀ ਹੈ, ਓਥੇ ਲਿਖਤੀ-ਬੀੜਾਂ ਸਹਾਇਤਾ ਕਰਦੀਆਂ ਹਨ। ਗੁਰਬਾਣੀ ਅਧਿਐਨ ਕਰਦਿਆਂ ਕੁੱਝ ਸਾਲ ਪਹਿਲਾਂ 'ਪਾਠ-ਭੇਦਾਂ' ਸੰਬੰਧੀ ਸੁਧਾਈ ਦੀ ਲੋੜ ਮਹਿਸੂਸ ਹੋਈ। ਗੁਰਬਾਣੀ- ਲਗ-ਮਾਤ੍ਰੀ ਨਿਯਮਾਵਲੀ ਦੇ ਸਿਖਿਆਰਥੀ ਹੋਣ ਨਾਤੇ ਪਾਠ-ਭੇਦਾਂ ਸੰਬੰਧੀ ਬਹੁਤ ਮੁਸਵਦਾ (ਮਸੌਦਾ) ਤਿਆਰ ਹੋ ਗਿਆ। ਉਹਨਾਂ ਦੀ ਪੁਸ਼ਟੀ ਲਈ 100 ਤੋਂ ਵੱਧ ਪ੍ਰਮਾਣਿਕ ਬੀੜਾਂ ਦਾ ਵਿਵੇਚਨ ਕੀਤਾ ਗਿਆ। ਸਮਾਂ ਪਾ ਕੇ ਮੇਰੀ ਇਹ ਖੋਜ ਇਕ ਫ਼ਾਈਲ ਰੂਪ ਵਿਚ ਮੁਕੰਮਲ ਹੋਈ। ਮੇਰੀ ਪੀ-ਐਚ.ਡੀ. ਦਾ ਵਿਸ਼ਾ ਭੀ ਉਪਰੋਕਤ ਹੀ ਹੋਣ ਕਾਰਨ ਇਸ ਖੇਤਰ ਵਿਚ ਹੋਰ ਬਹੁਤ ਕੰਮ ਕਰਨ ਦਾ ਸਮਾਂ ਮਿਲਿਆ। ਸਮੇਂ-ਸਮੇਂ ਪਾਠ-ਭੇਦਾਂ, ਗੁਰਬਾਣੀ-ਉਚਾਰਣ ਅਤੇ ਵਿਆਕਰਣ ਸੰਬੰਧੀ ਦਾਸ ਸਾਂਝ ਪਾਉਂਦਾ ਰਹਿੰਦਾ ਹੈ। ਕੁੱਝ ਅਜ਼ੀਜ਼ ਗੁਰਬਾਣੀ-ਅਭਿਲਾਸ਼ੀ ਸੱਜਣਾਂ ਵੱਲੋਂ ਪਾਠ-ਭੇਦਾਂ ਸੰਬੰਧੀ ਜਾਣਕਾਰੀ ਦੇਣ ਹਿਤ ਹੁਕਮ ਕੀਤਾ। ਸੋ, ਉਪਰੋਕਤ ਪਾਠ-ਭੇਦਾਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ।

**(ੳ) ਚਾਰ (ਚਾਰੁ)**

ਸਮੱਗਰ ਗੁਰਬਾਣੀ ਅੰਦਰ 'ਚਾਰ' ਲਫ਼ਜ਼ ਅਕਾਰਾਂਤ (ਅੰਤ-ਮੁਕਤਾ) 15-16 ਵਾਰ ਆਉਂਦਾ ਹੈ। ਗੁਰਬਾਣੀ ਵਿਚ ਜਿਹੜੇ ਲਫ਼ਜ਼ ਤਤਸਮ ਰੂਪ ਵਿਚ (ਮੂਲਕ-ਰੂਪ) 'ਸੰਸਕ੍ਰਿਤ' ਅਤੇ 'ਪਾਲੀ' ਭਾਸ਼ਾ ਤੋਂ ਆਏ ਹਨ, ਉਹ ਆਪਣੇ ਪਿਛਲੀਆਂ ਭਾਸ਼ਾਵਾਂ ਵਾਲਾ ਰੂਪ ਲੈ ਕੇ ਆਏ ਹਨ। ਜਿਵੇਂ- ਕਾਮਣਿ, ਗੀਹਨਿ, ਰੈਨਿ, ਬਈਅਰਿ ਆਦਿ ਇਸਤਰੀ-ਲਿੰਗ ਨਾਂਵ ਲਫ਼ਜ਼ ਇਕਾਰਾਂਤ (ਅੰਤ-ਸਿਹਾਰੀ) ਪਿਛਲੀਆਂ ਭਾਸ਼ਾਵਾਂ ਵਿੱਚੋਂ ਨਾਲ ਲੈ ਕੇ ਆਏ ਹਨ। ਇਸ ਤਰ੍ਹਾਂ ਹੀ ਗੁਰਬਾਣੀ ਵਿਚ ਇਸਤਰੀ-ਲਿੰਗ ਨਾਂਵ ਲਫ਼ਜ਼ ਐਸੇ ਵੀ ਹਨ ਜੋ ਉਕਾਰਾਂਤ (ਅੰਤ-ਔਂਕੜ) ਆਪਣੀਆਂ ਪਿਛਲੀਆਂ ਭਾਸ਼ਾਵਾਂ ਵਿੱਚੋਂ ਲੈ ਕੇ ਆਏ ਹਨ। ਜਿਵੇਂ: 'ਸਸੁ, ਵਿਸੁ, ਖੰਡ, ਰਕਤੁ, ਧੇਨ, ਜਿੰਦੁ ਆਦਿ ਲਫ਼ਜ਼ ਮੂਲਕ-ਔਂਕੜ ਹਨ, ਜੋ ਲਿੰਗ, ਵਚਨ ਅਤੇ ਸੰਬੰਧਕ ਦੇ ਪ੍ਰਭਾਵ ਕਰਕੇ ਭੀ ਨਹੀਂ ਹਟਦਾ। ਗੁਰਬਾਣੀ ਵਿਚ ਇਸਤਰੀ-ਲਿੰਗ ਨਾਂਵ ਮੂਲਕ ਔਂਕਤ ਵਾਲੇ ਲਫ਼ਜ਼ 50 ਦੇ ਲਗਭਗ ਹਨ। ਸੋ, ਵੀਚਾਰ ਅਧੀਨ ਲਫ਼ਜ਼ 'ਚਾਰ' ਵੀ ਉਪਰੋਕਤ ਲਫ਼ਜ਼ਾਂ ਵਿੱਚੋਂ ਹੈ। 'ਚਾਰਿ' ਲਫ਼ਜ਼ ਨਿਸਚਿਤ ਸੰਖਿਅਕ ਵਿਸ਼ੇਸ਼ਣ ਹੈ, ਜਿਸ ਦਾ ਅਰਥ ਹੈ ਗਿਣਤੀ ਦਾ ਚਾਰ ਅੰਕ। 'ਚਾਰ' ਲਫ਼ਜ਼ ਸੰਸਕ੍ਰਿਤ ਦੇ 'ਚਾਰੁ' ਤੋਂ ਬਣ ਕੇ ਆਇਆ ਹੈ, ਜਿਸ ਦਾ ਅਰਥ ਹੈ 'ਸੁੰਦਰ'। ਕੁੱਝ ਕੁ ਪੰਗਤੀਆਂ ਵੇਖੀਆਂ ਜਾਣ-

**ਗਾਵੈ ਕੋ ਗੁਣ ਵਡਿਆਈਆ ਚਾਰ ॥ (ਜਪੁਜੀ)**
**ਚਾਰ ਬਿਚਾਰ ਬਿਨਸਿਓ ਸਭ ਦੂਆ॥ (254)**
**ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥ (470)**
**ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥ (487)**

ਉਪਰੋਕਤ ਪੰਗਤੀਆਂ ਵਿਚ ਆਏ ਲਫ਼ਜ਼ 'ਚਾਰ' ਦਾ ਸਰੂਪ ਦਰੁਸਤ ਨਹੀਂ ਪ੍ਰਿੰਟ ਹੋ ਰਿਹਾ। ਇਸਤਰੀ-ਲਿੰਗ ਨਾਂਵ, ਵਿਸ਼ੇਸ਼ਣ ਹੋਣ ਕਾਰਨ ਇਸਦਾ ਸਰੂਪ 'ਚਾਰੁ' ਚਾਹੀਦਾ ਹੈ। ਚੂੰਕਿ ਉਕਾਰਾਂਤ ਮੂਲਕ ਹੈ, ਨਾਲ ਹੀ ਆਏਗਾ। ਦਾਸ ਪਾਸ ਪ੍ਰਾਪਤ ਸਮੂਹ ਹੱਥ-ਲਿਖਤੀ ਬੀੜਾਂ ਵਿਚ ਉਪਰੋਕਤ ਲਫ਼ਜ਼ 'ਸੁੰਦਰ' ਦੇ ਅਰਥਾਂ ਵਿਚ ਜਿਥੇ ਭੀ ਆਇਆ ਹੈ, ਉਥੇ ਅੰਤ-ਔਂਕੜ ਹੈ। ਲਿਖਤੀ ਬੀੜਾਂ



ਦੀ ਤਸਵੀਰ ਨਾਲ ਨੱਥੀ ਕੀਤੀ ਜਾ ਰਹੀ ਹੈ।

**(ਅ) ਪੂੰਅਰ, ਪੂਅਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੇ ਦੀ ਬੀੜ ਵਿਚ ਇਕ ਵਾਰ 'ਪੂਅਰ' ਅਤੇ ਇਕ ਵਾਰ 'ਪੂੰਅਰ' ਆਉਂਦਾ ਹੈ। ਪੰਗਤੀਆਂ ਵੇਖੀਆਂ ਜਾਣ:

**ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥ (1013)**

**ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ (1348)**

ਇਕ ਵਾਰ ਟਿੱਪੀ ਸਹਿਤ ਅਤੇ ਇਕ ਵਾਰ ਟਿੱਪੀ ਰਹਿਤ ਉਕਤ ਲਫ਼ਜ਼ ਗੁਰਬਾਣੀ ਅੰਦਰ ਆਇਆ ਹੈ। ਅਸਲ ਵਿਚ ਲਫ਼ਜ਼ 'ਧੂੰਆ' ਤੋਂ 'ਧੂੰਅਰ' ਇਸਤਰੀ- ਲਿੰਗ ਨਾਂਵ ਤੋਂ ਇਸਤਰੀ-ਲਿੰਗ ਵਿਸ਼ੇਸ਼ਣ ਬਣਿਆ ਹੈ, ਪੂੰਅਰ ਨਹੀਂ। ਲਿਖਾਰੀ ਤੋਂ 'ਪ' ਉਪਰ ਲਕੀਰ ਮਾਰਨ ਵਾਲੀ ਰਹਿ ਗਈ, ਜਿਸ ਕਾਰਨ 'ਧ' ਤੋਂ 'ਪ' ਬਣ ਗਿਆ। ਉਂਜ 'ਪੂੰਅਰ, ਪੂਅਰ' ਕੋਈ ਲਫ਼ਜ਼ ਨਹੀਂ ਹੈ। ਭਾਵੇਂ ਕੋਸ਼ਕਾਰਾਂ ਨੇ ਖਿੱਚਾ-ਧੂਹੀ ਕਰ ਕੇ ਸੰਸਕ੍ਰਿਤ ਦੇ 'ਪੇਰ' ਤੋਂ ਉਪਰੋਕਤ ਲਫ਼ਜ਼ ਦੀ ਵਿਉਂਤਪਤੀ ਬਣਾ ਦਿੱਤੀ ਹੈ। ਐਪਰ ਇਹ ਦਰੁਸਤ ਨਹੀਂ। ਨਿਰੁਕਤਾਂ ਅਨੁਸਾਰ ਧਾਤੂ ਅਤੇ ਵਿਉਂਤਪਤ ਮੂਜਬ 'ਧੂੰ', ਧੂੰਆਂ', 'ਧੂੰਅਰ' ਹੀ ਬਣਦਾ ਹੈ। ਦਾਸ ਪਾਸ ਸਮੂਹ ਲਿਖਤੀ ਬੀੜਾਂ ਵਿਚ 'ਧੂੰਅਰ' ਪਾਠ ਹੈ। ਪਾਠ-ਭੇਦਾਂ ਦੀ ਸੂਚੀ ਵਿਚ 'ਧੂੰਅਰ' ਪਾਠ ਹੈ। ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚ ਪ੍ਰਾਪਤ ਬੀੜਾਂ ਅੰਦਰ ਪਾਠ 'ਧੂੰਅਰ' ਹੈ । 'ਧੂੰਅਰ' ਦਾ ਅਰਥ ਹੀ 'ਧੂਣੀ' ਬਣੇਗਾ, ਪੂੰਅਰ ਦਾ ਅਰਥ ਕਿਸੇ ਤਰੀਕੇ ਭੀ 'ਧੂਣੀ' ਨਹੀਂ ਬਣ ਸਕਦਾ। ਸੋ, ਦਰੁਸਤ ਪਾਠ 'ਧੂੰਅਰ' ਹੈ।

**(ੲ) ਰਾਮਦਾਸਿ ਸਰੋਵਰ ਨਾਤੇ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 624 'ਤੇ ਗੁਰੂ ਅਰਜਨ ਸਾਹਿਬ ਜੀ ਦਾ 60 ਨੰਬਰ ਸ਼ਬਦ, "ਗੁਰਿ ਪੂਰੈ ਕੀਤੀ ਪੂਰੀ" ਸ਼ਬਦ ਦੇ ਦੂਜੇ ਬੰਦ ਦੀ ਪੰਗਤੀ ਹੈ:

**ਰਾਮਦਾਸਿ ਸਰੋਵਰ ਨਾਤੇ ॥**
**ਸਭ ਲਾਥੇ ਪਾਪ ਕਮਾਤੇ ॥ (624)**

ਲਫ਼ਜ਼ 'ਰਾਮਦਾਸਿ' ਸਮਾਸ ਜੁੱਟ 'ਬਹੁ-ਵਚਨ ਨਾਂਵ ਕਰਤਾ ਕਾਰਕ' ਸੰਬੰਧਕੀ ਰੂਪ ਹੈ। ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਮੁਜਬ ਅੰਤ-ਮੁਕਤਾ ਚਾਹੀਦਾ ਹੈ। 'ਸਰੋਵਰ' ਲਫ਼ਜ਼ 'ਨਾਂਵ, ਅਧਿਕਰਨ ਕਾਰਕ ਵਿਚ ਹੈ,

ਅੰਤ-ਸਿਹਾਰੀ ਚਾਹੀਦੀ ਹੈ। ਅਸਲ ਵਿਚ 'ਰਾਮਦਾਸਿ' ਦੇ ਅੰਤ ਲੱਗੀ ਸਿਹਾਰੀ 'ਸਰੋਵਰ' ਲਫ਼ਜ਼ ਦੇ 'ਰ' ਦੀ ਹੈ। ਲਿਖਾਰੀ ਤੋਂ 'ਰਾਮਦਾਸਿ' ਦੇ 'ਸ' ਨਾਲ ਲੱਗ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ -ਜੀ ਦੇ ਪੰਨਾ 625 'ਤੇ ਉਕਤ ਪੰਗਤੀ ਦਰੁਸਤ ਰੂਪ ਵਿਚ ਅੰਕਿਤ ਹੈ। ਲਿਖਤੀ ਬੀੜਾਂ ਵਿਚ 'ਰਾਮਦਾਸ ਸਰੋਵਰਿ ਨਾਤੇ।' ਸਰੂਪ ਮਿਲਦੇ ਹਨ।

ਸਮੱਗਰ ਗੁਰਬਾਣੀ ਅੰਦਰ ਲਫ਼ਜ਼ 'ਬੁਡਿ' ਜੋ ਪ੍ਰਾਕ੍ਰਿਤ ਵਿੱਚੋਂ ਇਸਤਰੀ-ਲਿੰਗ ਦੀ ਸੰਯੁਕਤ ਕਿਰਿਆ ਬਣ ਕੇ ਕੇਵਲ ਇਕ ਵਾਰ ਆਇਆ ਹੈ:

**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥ (802)**

(ਬੁਡਿ ਗਈ-(ਸੰਜੁਕਤ ਕਿਰਿਆ) ਡੁੱਬ ਗਈ)

ਉਪਰੋਕਤ ਲਫ਼ਜ਼ ਗੁਰਬਾਣੀ ਅੰਦਰ ਕਿਧਰੇ 'ਬੂਡਿ' ਤੋਂ 'ਬੂਡੀ' ਗੁਰਮਤਿ-ਕਾਵਿ ਪ੍ਰਬੰਧ ਅਧੀਨ ਬਣ ਕੇ ਤਕਰੀਬਨ ਚਾਰ ਕੁ ਵਾਰ ਨਜ਼ਰੀਂ ਪੈਂਦਾ ਹੈ:-

**(ੳ) ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥ (75)**

**(ਅ) ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ (333)**

**(ੲ) ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ (689)**

**(ਸ) ਜਲਿ ਤਰਤੀ ਬੂਡੀ ਜਲ ਮਾਹੀ ॥(1275)**

ਪੰਗਤੀ 'ਅ' ਨੂੰ ਛੱਡ ਕੇ ਤਿੰਨਾਂ ਪੰਗਤੀਆਂ ਵਿਚ 'ਬੂਡੀ' ਲਫ਼ਜ਼ ਸਾਧਾਰਨ ਵਿਸ਼ੇਸ਼ਣ ਅਤੇ ਕਿਤੇ ਸੰਬੋਧਨੀ ਵਿਸ਼ੇਸ਼ਣ ਬਣ ਕੇ ਆ ਰਿਹਾ ਹੈ, ਅਰਥ-ਭਾਵ ਹੈ 'ਡੁੱਬੀ ਹੋਈ', 'ਹੇ ਦੂਈ ਭਾਵ ਵਿਚ ਡੁੱਬੀ ਹੋਈਏ'।

ਹੋਰ ਵੀ ਐਸੇ ਸ਼ਬਦ ਗੁਰਬਾਣੀ ਅੰਦਰ ਮਿਲਦੇ ਹਨ, ਜਿਵੇਂ: 'ਬੂਡੇ, ਬੂਡੰ, ਬੂਡਾ, ਬੂਡੈ, ਬੂਡੋ, ਬੂਡੌ' ਆਦਿ। ਐਪਰ ਅਰਥ ਸਮਸਰ ਹਨ, ਅਰਥਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਇਥੋਂ ਤਕ ਵੀਚਾਰ ਵਿਚ ਅਸਾਂ ਇਹ ਸਮਝਿਆ ਕਿ 'ਬੂਡੀ' ਸ਼ਬਦ ਦਾ ਅਰਥ 'ਡੁੱਬਣਾ' ਹੈ, ਹੋਰ ਕਿਸੇ ਅਰਥ ਭਾਵ ਵਿਚ ਉਕਤ ਲਫ਼ਜ਼ ਪ੍ਰਯੋਗ ਨਹੀਂ ਹੋਇਆ। ਹੁਣ, ਲਈਏ ਵੀਚਾਰ-ਅਧੀਨ ਇਕ ਪੰਗਤੀ 'ਰਾਗ ਗਉੜੀ ਭਗਤ ਬਾਣੀ ਕਬੀਰ ਜੀ' ਵਿੱਚੋਂ, ਜੋ 'ਗਉੜੀ' ਸਿਰਲੇਖ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 333 'ਤੇ ਦਰਜ ਹੈ :

**ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥**

ਉਪਰੋਕਤ ਪੰਗਤੀ ਵਿਚ ਲਫ਼ਜ਼ 'ਬੂਡੀ' ਵੀਚਾਰ ਮੰਗਦਾ ਹੈ। ਇਸ ਸੰਬੰਧ ਵਿਚ ਪਹਿਲਾਂ ਹੋਰ ਵਿਦਵਾਨਾਂ ਦੇ ਵੀਚਾਰਾਂ ਨੂੰ ਪਰਸਪਰ ਕਰਨਾ ਜ਼ਰੂਰੀ ਹੈ:

**ਦਹ ਦਿਸਿ ਬੂਡੀ ਪਵਨੁ ਝੁਲਾਵੈ ॥...** 'ਬੂਡੀ' ਅਸ਼ੁੱਧ ਪਾਠ ਦਾ ਪਰਚਾਰ, ਅਰਥ ਬੋਧ ਤੋਂ ਅਨਜਾਣ ਤੇ ਖੋਜ-ਪੜਤਾਲ ਤੋਂ ਕੰਨੀ ਕਤਰਾਉਣ ਵਾਲੇ ਸੰਪ੍ਰਦਾਈ ਪਾਠੀਆਂ ਦੀ ਕਿਰਪਾ ਨਾਲ ਬਹੁਤ ਜਾਦੇ ਹੋਇਆ ਹੈ। ਟੀਕਾਕਾਰ ਵਿਦਵਾਨਾਂ ਨੇ ਭੀ ਗਲਤ ਛਪੇ ਪਾਠ ਦੇ ਅਰਥ ਭਾਵੇਂ 'ਗੁੱਡੀ' ਹੀ ਕਰ ਦਿੱਤੇ ਹਨ। ਪਰ ਸੁੱਧ ਪਦ ਖੋਜ-ਲੱਭਣ ਦੀ ਖੇਚਲ ਕਦੀ ਵੀ ਕਿਸੇ ਨਹੀਂ ਕੀਤੀ। ਇਸੇ ਕਰਕੇ, ਇਸ ਸੰਬੰਧ ਵਿਚ ਬਹੁਤੇ ਪੁਰਾਤਨ ਸੰਚਿਆਂ ਦੇ ਹਵਾਲੇ ਦੇਣੇ ਜ਼ਰੂਰੀ ਸਮਝੇ ਗਏ ਹਨ।"

(ਪਾਠ-ਭੇਦਾਂ ਦੀ ਸੂਚੀ, ਪੰਨਾ 89, 1977)

"ਪੁਰਾਤਨ ਹਥ ਲਿਖਤੀ ਸਰੂਪਾਂ ਵਿਚ 'ਬੂਡੀ' ਦੀ ਥਾਂ 'ਗੁਡੀ' ਪਾਠ ਮਿਲਦਾ ਹੈ ਜੋ ਕਿ ਪ੍ਰਕਰਣ ਅਨੁਸਾਰ ਠੀਕ ਹੈ। ਪਰ ਇਸ ਨੂੰ ਬਦਲਣ ਦਾ ਅਧਿਕਾਰ ਕਿਸੇ ਇੱਕ ਵਿਅਕਤੀ ਨੂੰ ਨਹੀਂ ਹੈ। ਲਿਖਾਰੀਆਂ ਜਾਂ ਪ੍ਰੈਸ ਦੀਆਂ ਗਲਤੀਆਂ ਪੰਥਕ ਪੱਧਰ 'ਤੇ ਸੋਧਣੀਆਂ ਹੀ ਲਾਭਦਾਇਕ ਹੋ ਸਕਦੀਆਂ ਹਨ।"

(ਗਿ ਹਰਬੰਸ ਸਿੰਘ ਜੀ ਨਿਰਣੈਕਾਰ, ਪੋਥੀ ਚਉਥੀ, ਪੰਨਾ 471)

ਉਪਰੋਕਤ ਵੀਚਾਰਾਂ ਨਾਲ ਦਾਸ ਭੀ ਸਹਿਮਤੀ ਜਤਾਉਂਦਾ ਹੈ। ਚੂੰਕਿ, ਪ੍ਰਕਰਣ ਮੁਜਬ ਭੀ "ਬੂਡੀ' ਪਾਠ ਇਸਤਲਾਹੀ ਨਹੀਂ ਬੈਠਦਾ। ਇਸ ਪੰਗਤੀ ਵਿਚ ਭਗਤ ਕਬੀਰ ਜੀ ਨੇ 'ਡੋਰ, "ਗੁਡੀ', 'ਪਤੰਗ' ਆਦਿ ਲਫ਼ਜ਼ ਵਰਤ ਕੇ 'ਪਤੰਗ' ਦੀ ਤਸ਼ਬੀਹ ਦੇ ਕੇ ਸਮਝਾਇਆ ਹੈ ਕਿ 'ਜਿਵੇਂ ਕੋਈ ਆਕਾਸ਼ 'ਤੇ ਪਤੰਗ ਚੜ੍ਹਾਉਂਦਾ ਹੈ, ਪਤੰਗ ਨਾਲ ਲੱਗੀ ਡੋਰ ਹਵਾ ਵਿਚ ਦਸੀਂ ਪਾਸੀਂ ਦੌੜਦੀ ਹੈ, ਜਿਵੇਂ ਪਤੰਗ ਉਡਾਉਣ ਵਾਲੇ ਦੀ ਲਿਵ ਡੋਰ (ਗੁੱਡੀ) ਵਿਚ ਲੱਗੀ ਰਹਿੰਦੀ ਹੈ, ਭਾਵੇਂ ਉਹ ਇਕ ਥਾਂ 'ਤੇ ਸਥਿਰ ਹੀ ਖੜਾ ਰਹਿੰਦਾ ਹੈ। ਇਸ ਤਰ੍ਹਾਂ ਹੀ ਜੀਵਨ ਵਿਚ ਨਾਮ ਆਸਰੇ ਰਹਿ ਕੇ ਮਾਇਕੀ ਲਹਿਰਾਂ ਤੋਂ ਅਸੀਂ ਬਚ ਰਹੇ ਹਾਂ।'

ਸੋ, ਦਰੁਸਤ ਪਾਠ 'ਗੁਡੀ' ਹੈ 'ਬੂਡੀ' ਨਹੀਂ। ਦਾਸ ਪਾਸ ਮੌਜੂਦ ਪੰਜ ਬੀੜਾਂ ਵਿਚ ਭੀ ਪਾਠ 'ਗੁਡੀ' ਮਿਲਦਾ ਹੈ। ਜੋ ਕਿ, ਪ੍ਰਕਰਣ, ਵਿਸ਼ਾ ਮੁਜਬ ਦਰੁਸਤ ਹੈ।

ਉਪਰੋਕਤ ਵੀਚਾਰ ਦੇ ਸੰਦਰਭ ਵਿਚ ਸੰਪ੍ਰਦਾਇ ਪੋਥੀ ਗੁਰਬਾਣੀ ਪਾਠ ਦਰਸ਼ਨ ਵਿੱਚੋਂ ਪਾਠ-ਭੇਦਾਂ ਦਾ ਹਵਾਲਾ ਵਿਚਾਰਵਾਨ ਸਿੱਖਾਂ ਲਈ ਲਾਹੇਵੰਦ ਹੋਵੇਗਾ। ਪਾਠ-ਭੇਦਾਂ ਦਾ ਹੂ-ਬ-ਹੂ ਵੇਰਵਾ ਪੰਨਾ ਨੰ: 207 ਤੋਂ 211 'ਤੇ ਦਿੱਤਾ ਜਾ ਰਿਹਾ ਹੈ। ਇਸ ਹਵਾਲੇ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦਮਦਮੀ ਟਕਸਾਲ ਵੀ ਪਾਠ-ਭੇਦਾਂ ਦੇ ਤੱਥ ਨੂੰ ਪ੍ਰਵਾਨ ਕਰ ਚੁੱਕੀ ਹੈ।

ਉਪਰੋਕਤ ਵਰਨਣ ਕੀਤੀ ਪਾਠ-ਭੇਦਾਂ ਦੀ ਸਥਿਤ ਦੇ ਸਨਮੁਖ ਦਾਸ ਦੀ ਸਨਿਮਰ ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਿਦਵਾਨਾਂ ਦਾ ਪੈਨਲ ਬਣਾ ਕੇ ਸੁਧਾਈ ਕਰਨੀ ਚਾਹੀਦੀ ਹੈ। ਉਪਰੋਕਤ ਲੇਖ ਵਿਚ ਦਿੱਤੇ ਪਾਠ-ਭੇਦਾਂ ਵਾਲੀਆਂ ਲਿਖਤੀ ਬੀੜਾਂ ਦਾਸ ਪਾਸ ਉਪਲਬਧ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬਪੱਖੀ ਸਰਬੋਤਮਤਾ ਨੂੰ ਬਰਕਰਾਰ ਰਖਣ ਤੇ ਗੁਰਮਤਿ ਦੀ ਸਹੀ ਸੇਧ ਪ੍ਰਾਪਤ ਕਰਨ ਲਈ ਅਜਿਹਾ ਉੱਦਮ ਉਪਰਾਲਾ ਅਤਿਅੰਤ ਸ਼ੀਘਰ ਲੋੜੀਂਦਾ ਹੈ।

ਆਸ ਹੈ ਕਿ ਸਾਡੀਆਂ ਜ਼ਿੰਮੇਵਾਰ ਸਿੱਖ ਸੰਸਥਾਵਾਂ ਇਹ ਚਿੰਤਾਜਨਕ ਪੱਖ ਬੜੀ ਗੰਭੀਰਤਾ ਸਹਿਤ ਵਿਚਾਰਨਗੀਆਂ। **(ਸਮਾਪਤ)**

## ਗੁਰੂ ਗੱਦੀ ਪ੍ਰਾਪਤ ਸ੍ਰੀ ਦਮਦਮੀ ਬੀੜ ਤੇ ਸ੍ਰੀ ਕਰਤਾਰਪੁਰ ਸਾਹਿਬ ਜੀ ਵਾਲੀ ਬੀੜ ਦੇ 'ਪਾਠ-ਭੇਦਾਂ' ਦੀ ਵੰਨਗੀ

| ਪੰਨਾ | ਸਤ੍ | ਸ੍ਰੀ ਦਮਦਮੀ ਬੀੜ ਦੇ ਲਿਖਤੀ ਤੇ ਛਾਪੇ ਦੇ ਪ੍ਰਚੱਲਤ ਪਾਠ | ਸ੍ਰੀ ਕਰਤਾਰਪੁਰੀ ਬੀੜ ਦੇ ਲਿਖਤੀ ਪਾਠ |
|---|---|---|---|
| ੧ | ੪ | ਨਾਨਕ ਹੋਸੀ ਭੀ ਸਚੁ ॥੧॥ | ॥੧॥ ਨਹੀਂ ਹੈ |
| ੧ | ੫ | ਚੁਪੈ ਚੁਪਿ ਨ ਹੋਵਈ | ਚੁਪ |
| ੨੫ | ੪ | ਕਰਣੀ ਬਾਝਹੁ ਘਟੇ ਘਟਿ | ਵਾਝਹੁ |
| ੫੪ | ੩ | ਦੁਇ ਕਰ ਜੋੜਿ ਖੜੀ ਤਕੈ | ਥਕੀ ਤਕੈ |
| ੭੪ | ੭ | ਦੀਪ ਲੋਅ ਪਇਆਲਿਆ | ਲੋਆ |
| ੯੨ | ੯ | ਵਿਰਲੇ ਕੇਈ ਕੇਇ | ਕੇ |
| ੧੩੬ | ੧੦ | ਜਿਸ ਕਉ ਨਦਰਿ | ਜਿਨ |
| ੧੩੬ | ੧੭ | ਕਹੀਐ ਕਿਥੈ ਵੈਣ | ਵੇਣ |
| ੧੪੩ | ੧੮ | ਅਫਜੂ ਖੁਦਾਇਆ | ਖੁਦਾਇ |
| ੧੪੬ | ੫ | ਤਾ ਕਿਆ ਹੋਰਿ | ਕਿਅ |
| ੧੫੪ | ੧ | ਕਰਣੈ ਵਾਲਾ | ਕਹਣੈ |
| ੧੫੭ | ੧੦ | ਨਿਰਭਉ ਕਾ ਸੋਹਿਲਾ | ਸੋਹੇਲਾ |
| ੧੭੩ | ੧੭ | ਸਭ ਦਾਲਦ | ਸਬ |
| ੧੭੮ | ੧੫ | ਕਿ ਆਖਿ ਵਖਾਨੈ | ਕਿਆ |
| ੧੮੮ | ੧੩ | ਕਉਨ ਵਡਾ ਮਾਇਆ. | ਕੋਉ ਨ |

# BHAI MANJH JI

-Gurmat Virsa Bureau

Bhai Manjh was the resident of village Kang Maai (Hoshiarpur). He was the follower of SAKKHI SERVERYE (the sect which follow the tenets of Both Hinduism and Islam). As per the practice and tradition of this sect he had constructed a Grave in his house to worship and used to distribute sweet bread on every Thursday. It was a merely coincidence that one day Bhai Manjh along with the devotees of his sect on their way back to their village stayed for a night at Amritsar.

During his stay at Amritsar Bhai Manjh observed that the Sikhs were busy in Service (Sewa) with devotion and were reciting Gurbani in a very sweet and charming voice. Guru Ka Langar was also being prepared for Sangat and visitors. There also Sikhs were reciting Gurbani. On seeing the affection of Sikhs for Gurbani, the heart of Bhai Manjh moved. The congregation in the evening was held in presence of Guru Arjan Sahib in which Rababi sang the holy hymns and Gurbani was discussed and explained to the Sangat. The Sangat was enjoying the Gurbani and Kirtan. All this left a deep impact on the thinking of Bhai Manjh. When the Gurbani kirtan and discourse were over, Sangat who attended the congregation for the first time, sat close to Guru Sahib and discussions on Gurmat were held. Bhai Manjh also joined the Sangat there and requested Guru Sahib to grant him Sikhi. Guru Sahib enquired from Bhai Manjh about him and his whereabouts. Bhai Manjh replied that his name was Tirtha and belonged to village Kang Maai. He also told that he was the chief / leader of SAKHI SERVERIYE in his village. A grave of Baba Nigaah has been established in his house and people of the village visit him on Thursday and beg for blessings.



Guru Sahib told him that it is not possible to be a sikh of two authorities at the same time. If you wish to be Sikh of Guru Nanak Sahib, you have to have faith in One God only and stop worshipping Graves or any other dead and their tenets. For becoming the Sikh of Guru Nanak you have to change the ways and practices of your life first. Earning the means of life with honesty, recite the name of God and sharing the essentials with others are the basic principles of Sikhism. Bhai Manjh returned to his home by obtaining the teachings of Guru Arjan Sahib. He demolished the Grave of Baba Nigah in his house and stopped cooking sweet bread. He abandoned the practice of distributing the material used for ritual like threads etc. He announced that he was no more the follower of Sakhi Sarveriye but the follower of Guru Nanak Sahib. Now onward he would earn his livelihood with honest means, recite the name of God and share his means with others. Whatever your money or other articles are lying with me, you should take these back. I do not need your wealth any more. Now, I do not long for any false fame.

All the residents of the village became his opponents and enemies. He started ploughing his agricultural fields himself. But he had no experience to plough the fields and doing hard work. So he could not succeed in farming and poverty gripped his family. He presented himself before Guru Sahib and requested that earlier he was preaching the teachings of Sakhi Sarveriye, which he has disbanded and now he wishes to be the preacher of Sikhism. Though I have tried to plough my fields myself but could not succeed due to lack of experience. I wish to have extensive knowledge of Gurmat and preach it to the people to guide them to right path of Gurmat. Kindly permit me and allow me to stay with you.

Guru Sahib advised him that physical tasks are also equally important along with the spiritual knowledge, hence you must serve first in arranging fire wood for the Langar from the jungle. Now Bhai Manjh made a schedule, during morning and evening hours he started listening discourses, recited Gurbani and collected fire wood during day time.

One day, Bhai Manjh was returning from jungle with a big bundle of wood on his head, suddenly there was a storm / hurricane (big spell of wind and rains ). Bhai Manjh fell in a well on his way. The well was not so deep and had shallow water in it. He took the bundle of wood on his head to avoid them from getting wet. He started reciting Gurbani in a very loud voice. When the news about the falling of Bhai manjh ji in the well ,reached to

**Continued on Page 36**

31 मई विश्व तंबाकू निषेध दिवस पर विशेष

# विश्व तंबाकू निषेध दिवस

अमृत पाल बंसल 98154 – 85668

**एक तरफ हम नशा बेच रहे हैं और साथ ही कह रहे हैं कि यह स्वास्थय के लिए हानीकारक है। ऐसे स्लोगनों का क्या फायदा है? यह बात तो दो नावों में पांव रखने वाली है। ऐसे नशे से मुक्ति नहीं पाई जा सकती और डूबना निश्चत है। नशे से मुक्ति पाने का एक मात्र साधन है कि तंबाकू और सभी प्रकार के नशों के उत्पादन पर संपूर्ण रोक लगा दी जाए, ता जो नशा करने वाले को नशा बाजार से मिल ही ना सके तथा इसकी सप्लाई बंद कर दी जाए। तभी हम 'विश्व तंबाकू निषेध दिवस' के थीम को प्राप्त कर सकेंगे।**

आज के समय में बड़ी संख्या में लोग तंबाकू का किसी ना किसी रूप में प्रयोग कर रहे हैं। सिगरेट, गुटखा, बीड़ी तंबाकू इत्यादि कई रूपों में इस जहर को खा रहे हैं। आज विश्व की आबादी का एक बड़ा हिस्सा तंबाकू की गिरफत में आ गया है। लोग जाने- अनजाने में स्वयं ही अपनी मौत को न्यौता दे रहे हैं। तंबाकू से होने वाले नुकसान के प्रति लोगों को तंबाकू के सेवन से रोकने और इस से होने वाले नुकसान के प्रति जागरूक करने के उदेश्य से प्रत्येक वर्ष 31 मई को दुनिया भर में 'विश्व तंबाकू निषेध दिवस' यानी 'वलर्ड नो टोबैको डे' (World No Tobacco Day) मनाया जाता है। तंबाकु में अत्याधिक नशे की आदत डालने वाला 'निकोटीन' नामक पदार्थ होता है। निकोटीन आप को कुछ समय के लिए बेहतर महसूस कराता है, लेकिन इसका लंबे समय तक उपयोग, आपके हृदय, फेफड़े और पेट के साथ साथ आपके तंत्रिका तंत्र (Nervous System Diseases) को भी प्रभावित करता है। एक अवधि के बाद व्यक्ति का शरीर शारीरिक और भावनात्मक स्तर पर निकोटीन का आदी हो जाता है तथा अंत में व्यक्ति गंभीर स्वास्थ्यगत समस्याओं से पीड़ित हो जाता है। विश्व तंबाकू निषेध दिवस के जरिए लोगों को तंबाकू से होने वाली बीमारियों के प्रति अवगत कराया जाता है। विश्व तंबाकू दिवस सार्वजनिक स्वास्थय पर तंबाकू उपयोग के प्रभाव और व्यक्तिगत तंबाकू निर्भरता को कम करने के लिए ध्यान देने के लिए समर्पित कार्यक्रम है। आज तंबाकू से हो रहे नुकसान को देखते हुए, दुनिया भर के सभी देशों की सरकारें तंबाकू उत्पादों पर सख्त नियम लागू कर रही है।




आधुनिक समय मे पुरूषों से ज्यादा महिलाएं तंबाकू का सेवन कर रही हैं। पुरूषों की बराबरी करते हुए, आज महिलाएं भी तंबाकू के नशे से ग्रसित हो चुकी हैं। वह सिगरेट, हुक्का इत्यादि के जरिए तंबाकू का बेधड़क प्रयोग कर रही हैं। शहरी सभ्यता में तो महिलाओं का सिगरेट पीना उन्हें आधुनिक प्रतीत होता है। वहीं ग्रामीण क्षेत्र में महिलाएं तंबाकू और हुक्के के प्रयोग पर जोर देती हैं। भारत में 48 फीसदी पुरूष और 20 फीसदी महिलाएं किसी ना किसी रूप में तंबाकू का प्रयोग करते हैं। गेटस सर्वे के अनुसार देश की दस फीसदी लड़कियों ने स्वयं सिगरेट पीने की बात को स्वीकारा है। अमेरिका में हुए एक रिसर्च में इस बात की पुष्टि हुई है कि अमेरिकी औरतों में पुरूषों की तुलना में ज्यादा लंग्स कैंसर पाए गए। विश्व स्वास्थ्य संगठन की घोषणा के आधार पर इस समय समूचे विश्व में प्रतिवर्ष 50 लाख से अधिक व्यक्ति धूम्रपान के सेवन के कारण अपनी जान से हाथ धो रहे हैं। उल्लेखनीय है कि यदि इस समस्या को नियंत्रित करने की दिशा में कोई प्रभावी कदम नहीं उठाया गया तो वर्ष 2030 में धूम्रपान के सेवन से मरने वाले व्यक्तियों की संख्या प्रतिवर्ष 80 लाख से अधिक हो जाएगी। हर तरह का धूम्रपान 90 प्रतिशत से अधिक फेफड़े के कैंसर, ब्रेन हैम्ब्रेज और पक्षाघात का महत्वपूर्ण कारण है।

तंबाकू से होने वाले नुकसान और इस के दुष्परिणामों को देखते हुए वर्ष 1987 में विश्व स्वास्थ संगठन (डब्लयू.एच.ओ.) के सदस्य देशों ने एक प्रस्ताब पारित किया, जिसके द्वारा 7 अप्रैल 1988 से इस दिवस को मनाने का फैसला किया गया। इसके बाद प्रत्येक 31 मई को तंबाकू निषेध दिवस मनाने का फैसला किया गया। विश्व स्वास्थ्य संगठन के सदस्य देशों ने 31 मई का दिन निर्धारित करके धूम्रपान के सेवन से होने वाली हानियों और खतरों से विश्व जनमत को अवगत कराके, इसके उत्पाद एवं सेवन को कम करने की दिशा में आधारभूत कार्यवाही करने का प्रयास किया है। 31 मई तंबाकू से संबंधित स्वास्थय समस्याओं और मौतों को कम करने पर केंद्रित है। विश्व तंबाकू निषेध दिवस के लिए, प्रत्येक वर्ष एक थीम (विष्य) तैयार किया जाता है। और उसी हिसाब से कार्यक्रमों का आयोजन किया जाता है। इस वर्ष विश्व तंबाकू निषेध दिवस 31 मई को मनाया जाएगा और इस वर्ष यानी 2024 का थीम या विषय है –

**"धूम्रपान छोड़ने के लिए तनाव नहीं लेना चाहिए" है। यानी इस वर्ष जो लोग धूम्रपान छोड़ना चाहते हैं, उनको यह बताना चाहते हैं कि इस प्रक्रिया में तनाव लेने की आवश्यक्ता नहीं है।**

इस दिवस पर लोगों को तंबाकू के सेवन से रोकने के लिएए कई तरह के जागरूकतापूर्ण कार्यक्रम पूरे विश्व में चलाए जाते हैं। लोगों को तंबाकू से होने वाले गंभीर रोगों के बारे में बताया जाता है। कई स्वास्थय कैम्प लगाए जाते हैं, जहां रोगियों की मुफत जांच की जाती है। कई सरकारी तथा गैर सरकारी संगठन कई तरह के कार्यक्रम आयोजित करते हैं। नुक्कड़ नाटक, नृत्य, गायन, शेयरो-शायरी, लेखिन प्रतियोगिता, पेंटिंग प्रदर्शनी स्लोगन इत्यादि के जरिए तंबाकू संबंधी विषयों पर लोगों को जागरूक करते हैं। समाचार पत्रों, टेलीविजन, रेडियो पर भी विज्ञापनों और नामी हस्तियों के जरिए तंबाकू से होने वाले नुकसान के बारे में बताया जाता है। तंबाकू के नियमित सेवन से फेफड़ों के कैंसर होने का सबसे ज्यादा खतरा रहता है। ऐसा इस लिए क्योंकि तंबाकू में क्रोमियम, आर्सेनिक, बंजोपाइरींस, निकोटीन जैसे तत्व बहुत अधिक मात्रा में पाए जाते हैं। यह सभी तत्व कैंसर पैदा करने वाले सेल्स को बढ़ावा देते हैं। इससे बचाव के लिए ही लोगों में यह भावना फैलाई जाती है कि तंबाकू का प्रयोग ना करें और एक स्वस्थ जीवन जीएं।

व्यक्ति यदि एक बार किसी तरह के नशे में फंस जाता है तो उसका इससे निकलना बहुत मुश्किल हो जाता है परंतु यह नामुमकिन नहीं है। यदि कोई व्यक्ति सच में धूम्रपान का त्याग करके, एक नई जिंदगी जीना चाहता है, तो सर्वप्रथम उसे स्वयं पर भरोसा होना चाहिए कि वह ऐसा कर सकता है। आज कई दवाईयां चिक्त्सिक सहायता के लिए उपलब्ध हैं। सरकारी गैर सरकारी नशा मुक्ति केन्द्र खोले गए हैं। यू तो कहने को भारत सरकार ने धूम्रपान निषेध कानून बनाया है, जिस में सार्वजनिक जगहों पर धूम्रपान करने वालों के खिलाफ दंड का प्रावधान है, लेकिन अब इस सार्वजनिक जगह में किस किस जगह को शामिल किया गया है, इस के बारे में किसी को नहीं पता। लोग धड़ल्ले से रेलवे स्टेशनों हवाई अडडों, बस स्टैंडों पर सिगरेट पीते हैं, लेकिन उनको रोको तो वह, इसे अपना अधिकार समझते हैं। ठोस कानून की कमी और कानून को लागू न करने की वजह से ही, देश में लगातार तंबाकू से जुड़ी बीमारियों से मरने वालों की संख्या बढ़ रही है।

आऐं हम विश्व भरके सभी लोग विश्व तंबाकू निषेध दिवस पर यह प्रण लें कि तंबाकू और नशों का इस्तेमाल ना करने कि इनके खिलाफ लोगों के अंदर जागरूकता पैदा करें और यह प्रयास तंदरूस्त तथा सुखी मानवता की सृजना में लगाएं। सब से बेहतर समाधान तो यह है कि तंबाकू और अन्य नशों की पैदावार करने पर ही, विश्व के सभी देशों द्वारा सख्त प्रतिबंध लगा दिया जाए। "ना रहेगा बांस ना बजेगी बांसुरी"। जब बाजार में तंबाकू और अन्य नशे मिलेंगे ही नहीं तो इनका सेवन करने वाले लोग, अपने आप ही इन्हें छोड़ने के लिए मजबूर हो जाएंगे। तंबाकू निषेध दिवस पर यह संदेश जन जन तक पहुँचाएः

**"नशा नाश का जड़ है भाई,**
**इसने ही सब घरों में है आग लगाई।"**

वह बात बिलकुल सत्य है की नशा और नाश शब्द में ज्यादा फर्क नहीं है, नशा नाश का कारण बनता है। आप कहीं भी जाईए, अगर कहीं भी नशा करने वाला कोई पर्दाथ बिक रहा है, तो उस पर साफ साफ शब्दों में लिखा रहता है- **"तंबाकू का सेवन करना स्वास्थय के लिए हानीकारक है" "Smoking is injurious to Health, No Smoking"**

इन शब्दों में दिलचसप बात यह है कि एक तरफ हम नशा बेच रहे हैं और साथ ही कह रहे हैं कि यह स्वास्थय के लिए हानीकारक है। ऐसे स्लोगनों का क्या फायदा है? यह बात तो दो नावों में पांव रखने वाली है। ऐसे नशे से मुक्ति नहीं पाई जा सकती और डूबना निश्चत है। नशे से मुक्ति पाने का एक मात्र साधन है कि तंबाकू और सभी प्रकार के नशों के उत्पादन पर संपूर्ण रोक लगा दी जाए, ता जो नशा करने वाले को नशा बाजार से मिल ही ना सके तथा इसकी सप्लाई बंद कर दी जाए। तभी हम 'विश्व तंबाकू निषेध दिवस' के थीम को प्राप्त कर सकेंगे। -0-

**From Page 34**

Guru sahib ,He made the appropriate arrangements for rescuing Bhai sahib. On seeing ,Bhai sahib's good and high level of commitment, Guru Sahib appreciated the act of Bhai Manjh and told him that he has succeeded the tests. Bhai Manjh was over whelmed by the grace of Guru and fell on his feet. He requested Guru Sahib to keep his blessings and grace on his head. Guru Sahib was so happy with the devotion of Bhai Manjh that he immediately embraced him and pronounced the following couplet :

**"ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ।**
**ਮੰਝ ਗੁਰੂ ਕਾ ਬੋਹਿਥਾ, ਜਗੁ ਲੰਘਣਹਾਰਾ। "**

In the above couplet, Guru Sahib has explained that the Sikh who has devotion like Bhai Manjh, will be able to shun his ego and proud and will get salvation. Haughtiness is the prime hindrance in the way of salvation. Thenceforth Bhai Manjh was assigned the responsibility of preaching Sikhism and was deputed at Hoshiarpur. Bhai Manjh started conducting the discourses at his own house and tradition of serving langar was also started there.

-0-

ਸਿਹਤ ਸੰਭਾਲ

-ਡਾ. ਹਰਸ਼ਿੰਦਰ ਕੌਰ, ਐੱਮ.ਡੀ.,
0175-2216783

# ਦਾਲਚੀਨੀ ਦੇ ਫਾਇਦੇ

ਕਹਿੰਦੇ ਨੇ ਕਿ ਬਾਦਸ਼ਾਹ ਨੀਰੋ ਨੇ ਆਪਣੀ ਪਤਨੀ ਸਬੀਨਾ ਦੀ ਮੌਤ ਉੱਤੇ ਦਾਲਚੀਨੀ ਨੂੰ ਬਹੁਤ ਮਹੱਤਤਾ ਦਿੰਦਿਆਂ ਪੂਰੇ ਇੱਕ ਸਾਲ ਵਿਚ ਵਰਤੀ ਜਾਣ ਵਾਲੀ ਦਾਲਚੀਨੀ ਨੂੰ ਇੱਕੋ ਸਮੇਂ ਬਾਲ਼ਿਆ ਤਾਂ ਜੋ ਚੁਫ਼ੇਰੇ ਉਸ ਦੀ ਖ਼ੁਸ਼ਬੂ ਫੈਲਦੀ ਰਹੇ। ਈਸਾ ਮਸੀਹ ਤੋਂ ਲਗਭਗ 2800 ਸਾਲ ਪਹਿਲਾਂ ਤੋਂ ਚੀਨ ਵਿਚ ਦਾਲਚੀਨੀ ਦੀ ਵਰਤੋਂ ਦਾ ਜ਼ਿਕਰ ਮਿਲਦਾ ਹੈ। ਇਸ ਨੂੰ ਬੇਸ਼ਕੀਮਤੀ ਖ਼ੁਸ਼ਬੂਦਾਰ ਬੂਟੇ ਵਜੋਂ ਮਾਨਤਾ ਦਿੱਤੀ ਗਈ ਹੈ। ਦਾਲਚੀਨੀ ਦੀ ਮਹਿਕ ਸਦਕਾ ਇਸ ਨੂੰ ਲੁੱਟਣ ਲਈ ਕੁੱਝ ਜੰਗਾਂ ਦਾ ਵੀ ਜ਼ਿਕਰ ਮਿਲਦਾ ਹੈ ਕਿਉਂਕਿ ਇਸ ਦੀ ਵਰਤੋਂ ਨਾਲ ਉਤੇਜਨਾ ਵੀ ਜੋੜੀ ਗਈ ਹੈ। ਈਜਿਪਟ ਵਿਖੇ ਮੌਤ ਤੋਂ ਬਾਅਦ 'ਮੰਮੀ' ਬਣਾਉਣ ਲਈ ਵੀ ਸਰੀਰ ਦੇ ਆਲੇ ਦੁਆਲੇ ਦਾਲਚੀਨੀ ਦਾ ਲੇਪ ਲਾਇਆ ਜਾਂਦਾ ਸੀ।

ਦਾਲਚੀਨੀ ਦੀ ਮਹੱਤਤਾ ਤਾਂ ਇਸ ਧਰਤੀ ਉੱਤੇ ਪਹਿਲੀ ਸਦੀ ਵਿਚ ਲੱਗੀ ਇਸ ਦੀ ਕੀਮਤ ਤੋਂ ਹੀ ਹੋ ਜਾਂਦੀ ਹੈ ਜਦੋਂ 350 ਗ੍ਰਾਮ ਦਾਲਚੀਨੀ ਦੇ ਬਦਲੇ ਸਾਢੇ ਪੰਜ ਕਿੱਲੋ ਚਾਂਦੀ ਦਿੱਤੇ ਜਾਣ ਦਾ ਜ਼ਿਕਰ ਮਿਲਦਾ ਹੈ।

ਪੁਰਾਣੇ ਸਮਿਆਂ ਵਿਚ ਖੰਘ, ਜ਼ੁਕਾਮ, ਗਲੇ ਦੀ ਖ਼ਰਾਸ਼ ਆਦਿ ਲਈ ਦਾਲਚੀਨੀ ਕਈ ਸਦੀਆਂ ਤੱਕ ਵਰਤੀ ਜਾਂਦੀ ਰਹੀ। ਸ਼ਿਕਾਰ ਤੋਂ ਬਾਅਦ ਮਾਸ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਅਤੇ ਕੀਟਾਣੂਆਂ ਤੋਂ ਬਚਾਉਣ ਲਈ, ਉਸ ਨੂੰ ਚੰਗੀ ਤਰ੍ਹਾਂ ਦਾਲਚੀਨੀ ਪਾਊਡਰ ਵਿਚ ਲਪੇਟ ਕੇ ਰੱਖਿਆ ਜਾਂਦਾ ਸੀ।

ਸਤਾਹਰਵੀਂ ਸਦੀ ਵਿਚ ਸੀਲੋਨ ਵਿਖੇ ਦੁਨੀਆਂ ਦਾ ਸਭ ਤੋਂ ਵੱਡਾ ਦਾਲਚੀਨੀ ਦਾ ਭੰਡਾਰ ਲੱਭਿਆ ਗਿਆ ਸੀ। ਇੰਗਲੈਂਡ ਨੇ ਇਸ ਨੂੰ ਹਥਿਆਉਣ ਲਈ ਸੀਲੋਨ ਉੱਤੇ ਹੀ ਕਬਜ਼ਾ ਕਰ ਲਿਆ ਸੀ।

ਜਦੋਂ ਉਗਾਉਣ ਦੀ ਜਾਚ ਆ ਗਈ ਤਾਂ ਹੁਣ ਦੁਨੀਆ ਦੇ ਕਈ ਹਿੱਸਿਆਂ ਵਿਚ ਦਾਲਚੀਨੀ ਉਗਾਈ ਜਾਣ ਲੱਗ ਪਈ ਹੈ। ਬਹੁਤ ਸਾਰੇ ਮੁਲਕਾਂ ਵਿਚ ਇਸ ਨੂੰ ਨਸ਼ੇ ਵਾਂਗ ਵਰਤਿਆ ਜਾ ਰਿਹਾ ਹੈ। ਨੌਜਵਾਨ ਬੱਚੇ 'ਦਾਲਚੀਨੀ ਚੈਲੈਂਜ'' ਅਧੀਨ ਜਦੋਂ ਚਮਚ ਭਰ ਕੇ ਦਾਲਚੀਨੀ ਪਾਊਡਰ ਇਕਦਮ ਅੰਦਰ ਲੰਘਾਉਂਦੇ ਹਨ ਤਾਂ ਕਈ ਵਾਰ ਸਾਹ ਦੀ ਨਾਲੀ ਬੰਦ ਹੋ ਜਾਣ ਨਾਲ ਥਾਏਂ ਮੌਤ ਵੀ ਹੋ ਜਾਂਦੀ ਹੈ।

ਹਜ਼ਾਰਾਂ ਸਾਲਾਂ ਤੋਂ ਵਰਤੀ ਜਾਂਦੀ ਦਾਲਚੀਨੀ ਉੱਤੇ ਹੋਈਆਂ ਖੋਜਾਂ ਦੌਰਾਨ ਇਸ ਦੇ ਸ਼ੱਕਰ ਰੋਗੀਆਂ ਉੱਤੇ ਬਹੁਤ ਵਧੀਆ ਅਸਰ ਵੇਖੇ ਗਏ ਸਨ। ਐਂਟੀਆਕਸੀਡੈਂਟ ਭਰਪੂਰ ਹੋਣ ਸਦਕਾ ਇਹ ਦਿਲ ਲਈ ਵੀ ਲਾਹੇਵੰਦ ਸਾਬਤ ਹੋ ਚੁੱਕੀ ਹੈ।

ਜ਼ਿਆਦਾਤਰ ਦਾਲਚੀਨੀ ਦੀਆਂ ਦੋ ਕਿਸਮਾਂ ਮਿਲਦੀਆਂ ਹਨ :- ਸੀਲੋਨ ਅਤੇ ਕੇਸੀਆ। ਸੀਲੋਨ ਅਸਲ ਦਾਲਚੀਨੀ ਦੀ ਕਿਸਮ ਹੈ ਅਤੇ ਮਹਿੰਗੀ ਹੈ। ਆਮ ਤੌਰ ਉੱਤੇ ਬਜ਼ਾਰ ਵਿਚ ਕੇਸੀਆ ਕਿਸਮ ਹੀ ਮਿਲਦੀ ਹੈ। ਦਰਖ਼ਤ ਦੀਆਂ ਟਾਹਣੀਆਂ ਦੀ ਛਿਲੜ ਨੂੰ ਸੁਕਾ ਕੇ, ਪੀਸ ਕੇ, ਦਾਲਚੀਨੀ ਪਾਊਡਰ ਬਣਾਇਆ ਜਾਂਦਾ ਹੈ। ਇਸ ਵਿਚਲੇ ਤੇਲ ਸਦਕਾ ਹੀ ਖ਼ੁਸ਼ਬੂ ਚੁਫੇਰੇ ਫੈਲਦੀ ਹੈ,



ਜਿਸ ਵਿਚ 'ਸਿਨਾਮੈਲਡੀਹਾਈਡ' ਹੁੰਦਾ ਹੈ। ਇਹੀ ਦਰਅਸਲ ਐਂਟੀਆਕਸੀਡੈਂਟ ਨਾਲ ਭਰਿਆ ਪਿਆ ਹੈ। ਪੌਲੀਫੀਨੋਲ ਵੀ ਦਾਲਚੀਨੀ ਵਿਚ ਹੁੰਦੇ ਹਨ ਜੋ ਸਰੀਰ ਅੰਦਰਲੀ ਸੋਜ਼ਿਸ਼ ਘਟਾਉਂਦੇ ਹਨ। ਇਹ ਏਨਾ ਤਗੜਾ ਅਸਰ ਵਿਖਾਉਂਦੇ ਹਨ ਕਿ ਬਥੇਰੇ ਖਾਣਿਆਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਦਾਲਚੀਨੀ ਨੂੰ ਕੁਦਰਤੀ 'ਪ੍ਰੀਜ਼ਰਵੇਟਿਵ' ਵਜੋਂ ਵਰਤਿਆ ਜਾ ਰਿਹਾ ਹੈ।

ਇੱਕ ਖੋਜ ਵਿਚ 100 ਸ਼ੱਕਰ ਰੋਗੀ ਮਰੀਜ਼ਾਂ ਨੂੰ ਰੋਜ਼ ਪੌਣਾ ਚਮਚ ਦਾਲਚੀਨੀ ਖੁਆਉਣ ਬਾਅਦ ਵੇਖਿਆ ਗਿਆ ਕਿ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਅਤੇ ਮਾੜੇ ਕੋਲੈਸਟਰੋਲ ਦੀ ਮਾਤਰਾ ਕਾਫੀ ਘੱਟ ਹੋ ਗਈ।

ਉਸ ਤੋਂ ਬਾਅਦ 13 ਖੋਜਾਂ ਦਿਲ ਦੇ ਰੋਗੀ ਮਰੀਜ਼ਾਂ ਉੱਤੇ ਕੀਤੀਆਂ ਗਈਆਂ ਜਿਨ੍ਹਾਂ ਵਿਚ ਸਭ ਦੇ ਸਰੀਰਾਂ ਅੰਦਰ ਟਰਾਈਗਲਿਸਰਾਈਡ ਅਤੇ ਮਾੜੇ ਕੋਲੈਸਟਰੋਲ ਦੀ ਮਾਤਰਾ ਘਟੀ ਹੋਈ ਲੱਭੀ। ਇਨ੍ਹਾਂ ਸਭ ਨੂੰ ਤਿੰਨ ਮਹੀਨੇ ਅੱਧਾ ਚਮਚ ਰੋਜ਼ ਦਾਲਚੀਨੀ ਖੁਆਈ ਗਈ ਸੀ।

ਜਿਨ੍ਹਾਂ ਬਲੱਡ ਪ੍ਰੈੱਸ਼ਰ ਦੇ ਰੋਗੀਆਂ ਨੂੰ ਰੋਜ਼ ਪੌਣਾ ਚਮਚ ਦਾਲਚੀਨੀ ਅੱਠ ਹਫ਼ਤਿਆਂ ਲਈ ਖੁਆਈ ਗਈ ਸੀ, ਉਨ੍ਹਾਂ ਸਾਰਿਆਂ ਦਾ ਬਲੱਡ ਪ੍ਰੈੱਸ਼ਰ ਵੀ ਘੱਟ ਗਿਆ ਤੇ ਕੁੱਝ ਨੂੰ ਬਲੱਡ ਪ੍ਰੈੱਸ਼ਰ ਦੀ ਦਵਾਈ ਬੰਦ ਵੀ ਕਰ ਦਿੱਤੀ ਗਈ।

**ਇਨਸੂਲਿਨ ਦਾ ਅਸਰ ਵਧਾਉਣਾ :-**

ਟਾਈਪ ਦੋ ਸ਼ੱਕਰ ਰੋਗੀਆਂ ਵਿਚ ਸਰੀਰ ਅੰਦਰ ਨਿਕਲਦੀ ਇਨਸੂਲਿਨ ਦਾ ਅਸਰ ਕਾਫ਼ੀ ਘੱਟ ਹੋ ਜਾਂਦਾ ਹੈ। ਸਿਰਫ਼ ਹਾਲੇ ਤੱਕ ਦੋ ਖੋਜਾਂ ਵਿਚ ਦਾਲਚੀਨੀ ਨਾਲ ਸਰੀਰ ਅੰਦਰ ਇਨਸੂਲਿਨ ਦਾ ਅਸਰ ਵਧਦਾ ਵੇਖਿਆ ਗਿਆ ਹੈ। ਹੋਰ ਖੋਜਾਂ ਜਾਰੀ ਹਨ ਜਿਨ੍ਹਾਂ ਰਾਹੀਂ ਸਪਸ਼ਟ ਪਤਾ ਲੱਗ ਸਕੇਗਾ ਕਿ ਇਹ ਅਸਰ ਕਿਵੇਂ ਹੁੰਦਾ ਹੈ ਅਤੇ ਕਿੰਨੀ ਦੇਰ ਤੱਕ ਅਸਰਦਾਰ ਸਾਬਤ ਹੁੰਦਾ ਹੈ। ਇਹ ਅਸਰ ਸ਼ੱਕਰ ਰੋਗੀਆਂ ਲਈ ਕੁਦਰਤੀ ਵਰਦਾਨ ਸਾਬਤ ਹੋ ਸਕਦਾ ਹੈ।

ਇਹ ਤਾਂ ਪਹਿਲਾਂ ਹੀ ਸਾਬਤ ਹੋ ਚੁੱਕਿਆ ਹੈ ਕਿ ਖਾਣੇ ਅੰਦਰਲੇ ਮਿੱਠੇ ਨੂੰ ਦਾਲਚੀਨੀ ਛੇਤੀ ਹਜ਼ਮ ਨਹੀਂ ਹੋਣ ਦਿੰਦੀ ਜਿਸ ਨਾਲ ਲਹੂ ਅੰਦਰ ਸ਼ੱਕਰ ਦੀ ਮਾਤਰਾ ਛੇਤੀ ਨਹੀਂ ਵਧਦੀ। ਕਈ ਤਰ੍ਹਾਂ ਦੇ ਰਸ ਜਿਹੜੇ ਕਾਰਬੋਹਾਈਡ੍ਰੇਟ ਨੂੰ ਤੋੜ ਕੇ ਸਰੀਰ ਅੰਦਰ ਸ਼ੱਕਰ ਵਧਾਉਂਦੇ ਹਨ, ਉਨ੍ਹਾਂ ਦੇ ਕੰਮ ਕਾਰ ਨੂੰ ਦਾਲਚੀਨੀ ਕਾਫੀ ਘਟਾ ਦਿੰਦੀ ਹੈ। ਦਾਲਚੀਨੀ ਵਿਚਲਾ ਇੱਕ ਅੰਸ਼ ਤਾਂ ਆਪ ਹੀ ਇਨਸੂਨਿਨ ਵਰਗਾ ਅਸਰ ਵਿਖਾ ਦਿੰਦਾ ਹੈ। ਦੋ ਮਹੀਨੇ ਲਗਾਤਾਰ ਦਾਲਚੀਨੀ ਖਾਣ ਵਾਲੇ ਸ਼ੱਕਰ ਰੋਗੀਆਂ ਦੀ 'ਐਚ.ਬੀ.ਏ. ਇੱਕ ਸੀ' ਮਾਤਰਾ ਵੀ ਠੀਕ ਹੋਈ ਲੱਭੀ। ਇਸ ਖੋਜ ਵਿਚ ਮਰੀਜ਼ਾਂ ਨੂੰ ਲਗਭਗ ਇੱਕ ਤੋਂ ਦੋ ਚਮਚ ਰੋਜ਼ ਦਾਲਚੀਨੀ ਖੁਆਈ ਗਈ ਸੀ।

**ਨਸਾਂ ਉੱਤੇ ਅਸਰ :-**

ਚੂਹਿਆਂ ਉੱਤੇ ਹੋਈ ਖੋਜ ਵਿਚ ਦਾਲਚੀਨੀ ਨਾਲ ਦਿਮਾਗ਼ ਅੰਦਰਲੀ ਇੱਕ ਪ੍ਰੋਟੀਨ ਘਟੀ ਹੋਈ ਲੱਭੀ ਜਿਸ ਨੇ ਨਿਊਰੋਟਰਾਂਸਮੀਟਰ ਰਸ ਦੀ ਮਾਤਰਾ ਵਧਾ ਕੇ ਪਾਰਕਿਨਸਨ ਵਰਗੇ ਰੋਗ ਵਿਚ ਫ਼ਾਇਦਾ ਦੇ ਦਿੱਤਾ ਤੇ ਯਾਦਾਸ਼ਤ ਦਾ ਸੈਂਟਰ ਵੀ ਰਵਾਂ ਹੁੰਦਾ ਵੇਖਿਆ ਗਿਆ। ਇਸ ਖੋਜ ਨੂੰ ਐਲਜ਼ੀਮਰ ਅਤੇ ਪਾਰਕਿਨਸਨ ਰੋਗੀ ਬੰਦਿਆਂ ਉੱਤੇ ਕਰਨ ਬਾਰੇ ਸੋਚਿਆ ਜਾ ਰਿਹਾ ਹੈ ਕਿ ਕਿੰਨੀ ਖ਼ੁਰਾਕ, ਕਿੰਨੀ ਦੇਰ ਖੁਆਉਣ ਨਾਲ ਕਿੰਨਾ ਕੁ ਅਸਰ ਹੋਵੇਗਾ!

**ਕੈਂਸਰ :-**

ਚੂਹਿਆਂ ਵਿਚ ਹੋਈ ਖੋਜ ਵਿਚ ਇਹ ਤੱਥ ਸਾਹਮਣੇ ਆਏ ਹਨ ਕਿ ਅੰਡਕੋਸ਼ ਦੇ ਕੈਂਸਰ ਵਿਚ ਦਾਲਚੀਨੀ ਵਿਚਲੇ ਸਿਨਾਮੈਲਡੀਹਾਈਡ ਸਦਕਾ ਸੈੱਲਾਂ ਦਾ ਫੈਲਣਾ ਘੱਟ ਹੋ ਗਿਆ। ਇਹ ਖੋਜ ਸਿਰਫ਼ ਚੂਹਿਆਂ ਉੱਤੇ ਹੀ ਕੀਤੀ ਗਈ ਹੈ। ਔਰਤਾਂ ਉੱਤੇ ਹਾਲੇ ਤੱਕ ਇਹ ਖੋਜ ਸੰਪੂਰਨ ਨਹੀਂ ਹੋਈ ਕਿ ਕਿੰਨੇ ਫੈਲੇ ਕੈਂਸਰ ਉੱਤੇ ਕਿੰਨੀ ਖ਼ੁਰਾਕ ਨਾਲ ਸਹੀ ਅਸਰ ਦਿਸੇਗਾ।

**ਭਾਰ ਘਟਣਾ :-**

ਹਾਲੇ ਤੱਕ ਸਿਰਫ਼ ਇਕ ਖੋਜ ਰਾਹੀਂ ਇਹ ਤੱਥ ਉਘਾੜਿਆ ਗਿਆ ਹੈ ਕਿ ਸੀਲੋਨ ਦਾਲਚੀਨੀ ਨਾਲ ਸਰੀਰ ਅੰਦਰਲੇ ਥਿੰਦੇ ਦੇ ਸੈੱਲ ਛੇਤੀ ਖੁਰਨ ਲੱਗ ਪੈਂਦੇ ਹਨ ਜਿਸ ਸਦਕਾ ਭਾਰ ਘਟਾਇਆ ਜਾ ਸਕਦਾ ਹੈ ਬਸ਼ਰਤੇ ਕਿ ਰੋਜ਼ਾਨਾ ਕਸਰਤ ਅਤੇ ਸੰਤੁਲਿਤ ਖ਼ੁਰਾਕ ਨਾਲੋ ਨਾਲ ਲਈ ਜਾਵੇ।

**ਬਲੱਡ ਪ੍ਰੈੱਸ਼ਰ :-**

ਸਾਰੀਆਂ ਖੋਜਾਂ ਵਿਚ ਉਨ੍ਹਾਂ ਸ਼ੱਕਰ ਰੋਗੀਆਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਨੂੰ ਨਾਲ ਬਲੱਡ ਪ੍ਰੈੱਸ਼ਰ ਦਾ ਰੋਗ ਵੀ ਸੀ। ਇਨ੍ਹਾਂ ਮਰੀਜ਼ਾਂ ਨੂੰ ਹਰ ਰੋਜ਼ ਅੱਧਾ ਚਮਚ ਦਾਲਚੀਨੀ ਤਿੰਨ ਮਹੀਨੇ ਰੈਗੂਲਰ ਖੁਆਈ ਗਈ। ਚਾਰੋ ਖੋਜਾਂ ਵਿਚ ਇਹ ਲੱਭਿਆ ਗਿਆ ਕਿ ਉੱਪਰਲਾ ਬਲੱਡ ਪ੍ਰੈੱਸ਼ਰ 5 ਪਾਇੰਟ ਘਟ ਗਿਆ। ਕਿਸੇ ਵੀ ਖੋਜ ਨੇ ਹਾਲੇ ਤੱਕ ਇਹ ਸਪਸ਼ਟ ਨਹੀਂ ਕੀਤਾ ਕਿ ਇਹ ਅਸਰ ਕਿੰਨੀ ਦੇਰ ਤੱਕ ਰਹਿ ਜਾਂਦਾ ਹੈ ! ਕੀ ਤਿੰਨ ਮਹੀਨੇ ਖਾਣ ਬਾਅਦ ਅੱਗੋਂ ਫਿਰ ਦਾਲਚੀਨੀ ਖਾਣ ਦੀ ਲੋੜ ਪਵੇਗੀ ਜਾਂ ਨਹੀਂ, ਇਹ ਹਾਲੇ ਤੱਕ ਗੱਲ ਸਾਫ਼ ਨਹੀਂ ਕੀਤੀ ਜਾ ਸਕੀ।

**ਯਾਦਾਸ਼ਤ ਦੇ ਸੈਂਟਰ ਉੱਤੇ ਅਸਰ :-**

ਜਿਨ੍ਹਾਂ ਚੂਹਿਆਂ ਉੱਤੇ ਦਾਲਚੀਨੀ ਨਾਲ ਖੋਜ ਕੀਤੀ ਗਈ ਸੀ, ਉਨ੍ਹਾਂ ਵਿਚ ਪਹਿਲਾਂ ਰੱਖੀ ਚੀਜ਼ ਵੱਲ ਪਹੁੰਚਣ ਦੇ ਰਾਹ ਨੂੰ ਯਾਦ ਰੱਖਣ ਦੀ ਤਾਕਤ ਵੱਧ ਲੱਭੀ। ਹਾਲੇ ਤੱਕ ਅਜਿਹੀ ਇੱਕ ਵੀ ਖੋਜ ਇਨਸਾਨਾਂ ਉੱਤੇ ਨਹੀਂ ਕੀਤੀ ਗਈ।

**ਜੋੜਾਂ ਦੇ ਦਰਦ :-**

ਲਗਭਗ 115 ਤਰ੍ਹਾਂ ਦੇ ਖਾਣਿਆਂ ਵਿੱਚੋਂ ਸੋਜ਼ਿਸ਼ ਨਾਲ ਜੂਝਣ ਦੀ ਤਾਕਤ ਸਭ ਤੋਂ ਵੱਧ ਸੀਲੋਨ ਦਾਲਚੀਨੀ ਵਿਚ ਹੀ ਲੱਭੀ ਹੈ। ਇਸੇ ਲਈ ਜਦੋਂ ਰੋਜ਼ ਅੱਧਾ ਚਮਚ ਦਾਲਚੀਨੀ ਰਿਊਮੈਟਾਇਡ ਆਰਥਰਾਈਟਿਸ ਦੇ ਮਰੀਜ਼ਾਂ ਨੂੰ 8 ਹਫ਼ਤੇ ਖੁਆਈ ਗਈ ਤਾਂ ਉਨ੍ਹਾਂ ਨੂੰ ਪੀੜ ਅਤੇ ਸੋਜ਼ਿਸ਼ ਵਿਚ ਕਾਫੀ ਆਰਾਮ ਦਿਸਿਆ।

**ਕੋਲੈਸਟਰੋਲ :-**

ਦੋ ਗਰੁੱਪਾਂ ਵਿਚ 60-60 ਮਰੀਜ਼ ਵੰਡ ਕੇ ਜਦੋਂ ਇੱਕ ਗਰੁੱਪ ਦੇ 60 ਮਰੀਜ਼ਾਂ ਨੂੰ ਚੌਥਾ ਹਿੱਸਾ ਚਮਚ ਦਾ ਸੀਲੋਨ ਦਾਲਚੀਨੀ ਦਾ 40 ਦਿਨ ਖੁਆਇਆ ਗਿਆ ਤਾਂ ਇਸ ਗਰੁੱਪ ਦੇ ਮਰੀਜ਼ਾਂ ਦਾ ਮਾੜਾ ਕੋਲੈਸਟਰੋਲ ਘੱਟ ਹੋ ਗਿਆ। ਜਦੋਂ 18 ਹਫਤੇ ਲਗਾਤਾਰ ਖੁਆਉਣਾ ਜਾਰੀ ਰੱਖਿਆ ਗਿਆ ਤਾਂ ਚੰਗੇ ਕੋਲੈਸਟਰੋਲ ਵਿਚ ਵਾਧਾ ਹੋਇਆ ਵੀ ਲੱਭਿਆ। ਇਸ ਖੋਜ ਵਿਚ ਇਹ ਅਸਰ ਕਿੰਨੀ ਦੇਰ ਤੱਕ ਰਿਹਾ, ਬਾਰੇ ਹਾਲੇ ਦੱਸਿਆ ਨਹੀਂ ਗਿਆ ਪਰ ਫ਼ਾਇਦਾ ਜ਼ਰੂਰ ਲੱਭਿਆ ਗਿਆ ਹੈ।

**ਬੱਚੇਦਾਨੀ ਦੇ ਰਾਹ ਦੀ ਸੋਜ਼ਿਸ਼ :-**

ਲੈਬਾਰਟਰੀ ਵਿਚ 'ਕੈਂਡੀਡਾ ਐਲਬੀਕੈਨਸ' (ਉੱਲੀ) ਉੱਤੇ ਜਦੋਂ ਖੋਜ ਕੀਤੀ ਗਈ ਤਾਂ ਸੀਲੋਨ ਦਾਲਚੀਨੀ ਦੇ ਪਾਊਡਰ ਦੇ ਘੋਲ ਵਿਚ ਪਾਉਣ ਬਾਅਦ ਇਹ ਉੱਕਾ ਹੀ ਖ਼ਤਮ ਹੋਈ ਲੱਭੀ। ਇਸੇ ਲਈ ਹੁਣ ਇਹ ਖੋਜ ਸ਼ੁਰੂ ਕੀਤੀ ਗਈ ਹੈ ਕਿ ਕੀ ਅਸਲ ਵਿਚ ਵੀ ਜਦੋਂ ਬੱਚੇਦਾਨੀ ਦੇ ਰਾਹ ਦੀ ਸੋਜ਼ਿਸ਼ ਵਾਸਤੇ ਜੇ ਦਵਾਈ ਵਿਚ ਇਸ ਨੂੰ ਵਰਤਿਆ ਜਾਵੇ ਤਾਂ ਕੀ ਕੁਦਰਤੀ ਢੰਗ ਨਾਲ ਬਿਹਤਰ ਨਤੀਜੇ ਕੱਢੇ ਜਾ ਸਕਦੇ ਹਨ? ਹੁਣ ਤੱਕ ਕਈ ਕੈਪਸੂਲਾਂ ਵਿਚ ਜਾਂ ਦਵਾਈਆਂ ਵਿਚ ਪਹਿਲਾਂ ਹੀ ਦਾਲਚੀਨੀ ਸ਼ਾਮਲ ਕੀਤੀ ਜਾ ਚੁੱਕੀ ਹੈ ਅਤੇ ਚਾਹ ਦੇ ਨਾਲ-ਨਾਲ ਕਈ ਮੂੰਹ ਉੱਤੇ ਲਾਏ ਜਾਣ ਵਾਲੇ ਮਾਸਕ ਵੀ ਦਾਲਚੀਨੀ ਭਰਪੂਰ ਮਿਲਦੇ ਹਨ। ਕਈ ਕਿਸਮਾਂ ਦੇ ਪਾਊਡਰ, ਕਰੀਮ, ਲਿਪਸਟਿਕ ਵਿਚ ਵੀ ਦਾਲਚੀਨੀ ਮਿਲਾਈ ਹੋਈ ਮਿਲਦੀ ਹੈ ਜੋ ਇਨ੍ਹਾਂ ਚੀਜ਼ਾਂ ਨੂੰ ਛੇਤੀ ਖ਼ਰਾਬ ਨਹੀਂ ਹੋਣ ਦਿੰਦੀ।

**ਕੀਟਾਣੂਆਂ ਦੀ ਰੋਕਥਾਮ ਲਈ :-**

ਕੁੱਝ ਕਿਸਮ ਦੇ ਕੀਟਾਣੂ ਜਿਵੇਂ ਸਾਲਮੋਨੈਲਾ, ਈ. ਕੋਲਾਈ, ਉੱਲੀ, ਕੁੱਝ ਵਾਇਰਸ ਕੀਟਾਣੂਆਂ ਆਦਿ, ਉੱਤੇ ਲੈਬਾਰਟਰੀ ਵਿਚ ਕੀਤੀ ਖੋਜ ਬਹੁਤ ਅਸਰਦਾਰ ਸਿੱਧ ਹੋ ਚੁੱਕੀ ਹੈ ਜੋ ਸੀਲੋਨ ਦਾਲਚੀਨੀ ਦੇ ਹੁੰਦਿਆਂ ਪਨਪ ਹੀ ਨਹੀਂ ਸਕਦੇ। ਇਹ ਖੋਜ ਭਾਵੇਂ ਇਨਸਾਨਾਂ ਉੱਤੇ ਹਾਲੇ ਸੰਪੂਰਨ ਨਹੀਂ ਹੋਈ ਪਰ ਮੁੱਢਲੇ ਤੌਰ ਉੱਤੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ ਕਿ ਬੀਮਾਰੀ ਵਿਚ ਦਾਲਚੀਨੀ ਦੀ ਚਾਹ ਬਣਾ ਕੇ ਲੈਂਦੇ ਰਹਿਣ ਨਾਲ ਛੇਤੀ ਠੀਕ ਹੋਇਆ ਜਾ ਸਕਦਾ ਹੈ।

ਸਿਨਾਮਨ ਤੇਲ ਸਦਕਾ ਹੀ ਇਹ ਚੰਗੇ ਅਸਰ ਦਿਸਦੇ ਹਨ ਜਿਸ ਨਾਲ ਖੰਘ, ਜ਼ੁਕਾਮ ਕਈ ਵਾਰ ਬਿਨਾਂ ਦਵਾਈ ਦੇ ਹੀ ਠੀਕ ਕੀਤਾ ਜਾ ਸਕਦਾ ਹੈ। ਇੱਕ ਕੱਪ ਪਾਣੀ ਵਿਚ ਦਾਲਚੀਨੀ ਦਾ ਟੋਟਾ ਜਾਂ ਚੂੰਡੀ ਪਾਊਡਰ ਸਮੇਤ ਇੱਕ ਲੌਂਗ, ਇੱਕ ਛੋਟੀ ਲਾਚੀ, ਇੱਕ ਮੋਟੀ ਲਾਚੀ, ਥੋੜ੍ਹੀ ਸੌਂਫ ਅਤੇ ਕੁੱਝ ਤੁਲਸੀ ਦੇ ਪੱਤੇ ਪਾ ਕੇ ਉਬਾਲ ਲਵੋ। ਉਬਾਲਣ ਬਾਅਦ ਢਕ ਕੇ ਰੱਖਣ ਵੇਲੇ ਉਸ ਵਿਚ ਤਾਜ਼ਾ ਅਦਰਕ ਅਤੇ ਤਾਜ਼ੀ ਕੱਚੀ ਹਲਦੀ ਰਤਾ ਕੁ ਕੁੱਟ ਕੇ ਮਿਲਾ ਕੇ ਰੱਖ ਦਿਓ। ਕੋਸੇ ਕੋਸੇ ਇਸ ਪਾਣੀ ਨੂੰ ਦਿਨ ਵਿਚ ਦੋ ਵਾਰ ਪੀਣ ਨਾਲ ਗਲਾ ਖ਼ਰਾਬ ਛੇਤੀ ਠੀਕ ਕੀਤਾ ਜਾ ਸਕਦਾ ਹੈ।

ਡੇਂਗੂ ਵਿਚ ਵੀ ਇਹੀ ਨੁਸਖ਼ਾ ਅਜ਼ਮਾਇਆ ਜਾ ਸਕਦਾ ਹੈ।

ਮੂੰਹ ਅੰਦਰੋਂ ਬਦਬੂ ਆਉਂਦੀ ਹੋਵੇ ਤਾਂ ਵੀ ਦਾਲਚੀਨੀ ਨੂੰ ਮੂੰਹ ਅੰਦਰ ਰੱਖ ਕੇ, ਚੂਸ ਕੇ ਜਾਂ ਇਸ ਦੇ ਪਾਣੀ ਨਾਲ ਚੂਲੀਆਂ ਕਰ ਕੇ ਬਦਬੂ ਹਟਾਈ ਜਾ ਸਕਦੀ ਹੈ।

**ਹਾਰਮੋਨਾਂ ਦੀ ਗੜਬੜੀ :-**

ਜਿਨ੍ਹਾਂ ਔਰਤਾਂ ਦੇ ਮੂੰਹ ਉੱਤੇ ਵਾਲ ਆਉਣ ਲੱਗ ਪੈਣ ਜਾਂ ਮਾਹਵਾਰੀ ਰੈਗੂਲਰ ਨਾ ਹੋਵੇ, ਉਨ੍ਹਾਂ ਵਿਚ ਹਾਰਮੋਨਾਂ ਦੀ ਦਵਾਈ ਖਾਂਦੇ ਰਹਿਣ ਨਾਲ ਜੇ ਅੱਧਾ ਚਮਚ ਸੀਲੋਨ ਦਾਲਚੀਨੀ ਰੋਜ਼ 6 ਮਹੀਨੇ ਖੁਆਈ ਜਾਵੇ ਤਾਂ ਮਾਹਵਾਰੀ ਰੈਗੂਲਰ ਹੋਣ ਬਾਰੇ ਇੱਕ ਸਾਰਥਕ ਖੋਜ ਸਾਹਮਣੇ ਆ ਚੁੱਕੀ ਹੈ। ਜੇ ਸਿਰਫ਼ ਦਾਲਚੀਨੀ ਹੀ ਖਾਧੀ ਜਾਵੇ ਤਾਂ ਹਾਰਮੋਨਾਂ ਦੀ ਮਾਤਰਾ ਨਾਰਮਲ ਨਹੀਂ ਪਹੁੰਚਦੀ ਭਾਵੇਂ ਮਾਹਵਾਰੀ ਠੀਕ ਹੋਣ ਲੱਗ ਪੈਂਦੀ ਹੈ। ਇਸੇ ਲਈ ਨਾਲੋ ਨਾਲ ਡਾਕਟਰੀ ਸਲਾਹ ਨਾਲ ਦਵਾਈ ਜ਼ਰੂਰ ਲੈਣੀ ਚਾਹੀਦੀ ਹੈ।

**ਚਮੜੀ ਲਈ :-**

ਸੀਲੋਨ ਦਾਲਚੀਨੀ ਚਮੜੀ ਵਿਚਲੇ ਕੋਲਾਜਨ ਨੂੰ ਲਚਕੀਲਾ ਬਣਾਉਂਦੀ ਹੈ ਜਿਸ ਸਦਕਾ ਅਨੇਕ ਮਹਿੰਗੇ ਫੇਸ ਪੈਕ ਇਸ ਨੂੰ ਸ਼ਾਮਲ ਕਰਨ ਲੱਗ ਪਏ ਹਨ ਕਿ ਚਿਹਰੇ ਦੀ ਰੌਣਕ ਦੇ ਨਾਲੋ ਨਾਲ ਚਮੜੀ ਦੀ ਲਚਕ ਵੀ ਬਰਕਰਾਰ ਰਹੇ। ਕਿਲ ਮੁਹਾਂਸੇ ਲਈ ਇਹ ਬਿਹਤਰੀਨ ਸਾਬਤ ਹੋ ਚੁੱਕੀ ਹੈ। ਉਸ ਵਾਸਤੇ ਤਿੰਨ ਚਮਚ ਸ਼ਹਿਦ ਵਿਚ ਇੱਕ ਚਮਚ ਸੀਲੋਨ ਦਾਲਚੀਨੀ ਮਿਲਾ ਕੇ 30 ਸਕਿੰਟ ਲਈ ਮਾਈਕਰੋਵੇਵ ਵਿਚ ਰੱਖ ਕੇ 10 ਮਿੰਟ ਲਈ ਮੂੰਹ ਉੱਤੇ ਲੇਪ ਲਾ ਕੇ ਮੂੰਹ ਚੰਗੀ ਤਰ੍ਹਾਂ ਕੋਸੇ ਪਾਣੀ ਨਾਲ ਧੋ ਲੈਣਾ ਚਾਹੀਦਾ ਹੈ। ਹਫ਼ਤੇ ਵਿਚ ਇੱਕ ਵਾਰ ਵਰਤਣ ਨਾਲ ਕਿੱਲ ਮੁਹਾਂਸੇ ਦੋ ਕੁ ਮਹੀਨਿਆਂ ਵਿਚ ਸਾਫ਼ ਹੋ ਜਾਂਦੇ ਹਨ।

ਅੰਤ ਵਿਚ ਇਹ ਦੱਸਣਾ ਜ਼ਰੂਰੀ ਹੈ ਕਿ ਦਾਲਚੀਨੀ ਦੀਆਂ ਸਾਰੀਆਂ ਖੋਜਾਂ ਸੀਲੋਨ ਕਿਸਮ ਨਾਲ ਹੀ ਕੀਤੀਆਂ ਗਈਆਂ ਹਨ। ਬਜ਼ਾਰ ਵਿਚ ਕੇਸੀਆ ਕਿਸਮ ਹੀ ਵੱਧ ਮਿਲਦੀ ਹੈ ਜਿਸ ਵਿਚ 'ਕੁਮਾਰਿਨ' ਹੋਣ ਸਦਕਾ ਇਸ ਦੀ ਵਾਧੂ ਵਰਤੋਂ ਤਗੜਾ ਨੁਕਸਾਨ ਵੀ ਕਰ ਸਕਦੀ ਹੈ।

ਇੰਜ ਹੀ ਸੁੱਕੀ ਲੱਕੜ ਵਿਚ ਲੱਗੀ ਉੱਲੀ ਵੀ ਖ਼ਤਰਨਾਕ ਹੋ ਸਕਦੀ ਹੈ ਜੋ ਬਹੁਤ ਧਿਆਨ ਨਾਲ ਵਰਤਣੀ ਚਾਹੀਦੀ ਹੈ।

ਅੱਗੇ ਤੋਂ ਦਾਲਚੀਨੀ ਖ਼ਰੀਦਣ ਤੋਂ ਪਹਿਲਾਂ ਬਾਹਰ ਲਿਖਿਆ 'ਸੀਲੋਨ' ਜ਼ਰੂਰ ਦੇਖ ਲੈਣਾ ਚਾਹੀਦਾ ਹੈ। ਜੇ 'ਸੀਲੋਨ' ਨਹੀਂ ਲਿਖਿਆ ਹੋਇਆ, ਤਾਂ ਸਮਝ ਲਇਓ ਕਿ ਇਹ 'ਕੇਸੀਆ' ਕਿਸਮ ਹੀ ਹੈ।

-0-

ਸਾਡੀ ਖੇਤੀ

ਪ੍ਰੋ. ਗੁਰਵੀਰ ਸਿੰਘ ਸਰੌਂਦ

# ਖੇਤੀਬਾੜੀ ਲਈ ਨਹਿਰੀ ਪਾਣੀ ਸਮੇਂ ਦੀ ਲੋੜ

ਖੇਤੀ ਪ੍ਰਧਾਨ ਸੂਬਾ ਪੰਜਾਬ ਭੂਗੋਲਿਕ ਵਿਲੱਖਣਤਾ, ਪੱਧਰਾ ਮੈਦਾਨੀ ਇਲਾਕਾ, ਸਿੰਜਾਈ ਦੇ ਵਿਕਸਤ ਸਾਧਨਾਂ ਵਜੋਂ ਮੁਲਕ ਦਾ 1.5 ਫ਼ੀਸਦੀ ਹਿੱਸਾ ਹੋਣ ਦੇ ਬਾਵਜੂਦ ਅੰਨ ਭੰਡਾਰ ਵਿਚ ਅਹਿਮ ਯੋਗਦਾਨ ਪਾ ਰਿਹਾ ਹੈ। ਜਲਵਾਯੂ ਪਰਿਵਰਤਨ ਅਤੇ ਰਸਾਇਣਕ ਖਾਦਾਂ ਦੀ ਦੁਰਵਰਤੋਂ ਕਾਰਨ ਸੂਬੇ ਦਾ ਖੇਤੀਬਾੜੀ ਢਾਂਚਾ ਦਿਨੋ-ਦਿਨ ਸਮੱਸਿਆਵਾਂ ਵਿਚ ਘਿਰ ਰਿਹਾ ਹੈ। ਕੁਦਰਤੀ ਸੋਮਿਆਂ ਬਾਰੇ ਸੰਜੀਦਗੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇ ਅੰਨ ਭੰਡਾਰ ਦੀ ਲਾਲਸਾ ਲਈ ਕੁਦਰਤੀ ਸੋਮਿਆਂ ਨਾਲ ਖਿਲਵਾੜ ਜਾਰੀ ਰਿਹਾ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਕੁਦਰਤੀ ਸੋਮੇ ਸਾਡੀ ਪਹੁੰਚ ਤੋਂ ਦੂਰ ਹੋ ਜਾਣਗੇ।

ਹਰੀ ਕ੍ਰਾਂਤੀ ਤੋਂ ਬਾਅਦ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੇ ਬੇਸ਼ੱਕ ਫ਼ਸਲਾਂ ਦੇ ਉਤਪਾਦਨ ਵਿਚ ਹੈਰਾਨੀਜਨਕ ਪ੍ਰਾਪਤੀ ਦਰਜ ਕੀਤੀ ਪਰ ਇਸ ਨੇ ਧਰਤੀ, ਹਵਾ ਅਤੇ ਪਾਣੀ ਪ੍ਰਦੂਸ਼ਿਤ ਕਰ ਦਿੱਤੇ। ਧਰਤੀ ਹੇਠਲੇ ਪੀਣ ਯੋਗ ਪਾਣੀ ਦੀ ਮਹੱਤਤਾ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਫ਼ਸਲਾਂ ਦੀ ਸਿੰਜਾਈ ਲਈ ਧਰਤੀ ਹੇਠੋਂ ਵੱਡੀ ਮਾਤਰਾ ਵਿਚ ਪਾਣੀ ਕੱਢਿਆ ਜਾ ਰਿਹਾ ਹੈ। ਭਵਿੱਖ ਵਿਚ ਵਾਤਾਵਰਨ ਸੰਕਟ ਤੋਂ ਸੂਬੇ ਦੇ ਆਮ ਲੋਕ ਕਿਸਾਨ ਅਤੇ ਕਿਸਾਨ ਜਥੇਬੰਦੀਆਂ ਚੰਗੀ ਤਰ੍ਹਾਂ ਵਾਕਫ਼ ਹੋ ਚੁੱਕੀਆਂ ਹਨ। ਹਾਲ ਹੀ ਸੂਬੇ ਦੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਰਤੀ ਕਿਸਾਨ ਯੂਨੀਅਨ ਅਤੇ ਕਿਸਾਨਾਂ ਦੇ ਸਾਥ ਨਾਲ ਮੁਹਿੰਮ ਦਾ ਆਗਾਜ਼ ਹੋਇਆ ਹੈ। ਇਸ ਦੀ ਮੁੱਖ ਮੰਗ ਨਹਿਰੀ ਪਾਣੀ ਨੂੰ ਵਾਹੀਯੋਗ ਜ਼ਮੀਨਾਂ ਤਕ ਪੁੱਜਦਾ ਕਰਵਾਉਣਾ ਹੈ। ਜਥੇਬੰਦੀ ਅਤੇ ਕਿਸਾਨਾਂ ਨੇ ਧੂਰੀ, ਮਾਲੇਰਕੋਟਲਾ ਤੇ ਸ਼ੇਰਪੁਰ ਇਲਾਕੇ ਦੇ ਨਹਿਰੀ ਪਾਣੀ ਤੋਂ ਵਾਂਝੇ ਕਰੀਬ 50 ਪਿੰਡਾਂ ਦੇ ਲੋਕਾਂ ਨੇ ਟਰੈਕਟਰਾਂ, ਗੱਡੀਆਂ, ਮੋਟਰਸਾਈਕਲਾਂ ’ਤੇ ਮਾਰਚ ਕੱਢਣ ਪਿੱਛੋਂ ਮੁੱਖ ਮੰਤਰੀ ਦੇ ਧੂਰੀ ਦਫ਼ਤਰ ਅੱਗੇ ਧਰਨਾ ਦਿੱਤਾ। ਉਨ੍ਹਾਂ ਮੰਗ ਪੱਤਰ ਰਾਹੀਂ ਪਿੰਡਾਂ ਨੂੰ ਖੇਤੀ ਸਿੰਜਾਈ ਲਈ ਨਹਿਰੀ ਪਾਣੀ ਦੀ ਮੰਗ ਕੀਤੀ। ਸਰਕਾਰ ਨਹਿਰੀ ਵਿਭਾਗ ਦੇ ਅਧਿਕਾਰੀਆਂ ਤੋਂ ਸਬੰਧਿਤ 50 ਤੋਂ ਵੱਧ ਪਿੰਡਾਂ ਦਾ ਸਰਵੇਖਣ ਕਰ ਕੇ 15 ਦਿਨਾਂ ਵਿਚ ਰਿਪੋਰਟ ਪੇਸ਼ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ। ਇਤਿਹਾਸ ਤੇ ਝਾਤ ਮਾਰੀਏ ਤਾਂ 1960-61 ਦੌਰਾਨ ਪੰਜਾਬ ਵਿਚ ਟਿਊਬਵੈਲਾਂ ਦੀ ਗਿਣਤੀ ਸਿਰਫ਼ 7445 ਸੀ; 2000-01 ਵਿਚ ਇਹ ਗਿਣਤੀ ਵਧ ਕੇ 10.73 ਲੱਖ ਹੋ ਗਈ। ਵਰਤਮਾਨ ਸਮੇਂ ਇਹ ਗਿਣਤੀ 15 ਲੱਖ ਨੂੰ ਢੁੱਕ ਚੁੱਕੀ ਹੈ। ਸ਼ੁਰੂਆਤੀ ਦੌਰ ਵਿਚ ਮੋਨੋਬਲਾਕ ਮੋਟਰਾਂ ਧਰਤੀ ਤੋਂ ਥੋੜ੍ਹੀ ਡੂੰਘਾਈ ਤੋਂ ਪਾਣੀ ਖਿੱਚਦੀਆਂ ਸਨ ਪਰ ਮੌਜੂਦਾ ਸਮੇਂ ਮਹਿੰਗੀਆਂ ਸਬਮਰਸੀਬਲ ਮੋਟਰਾਂ ਲਗਪਗ 200 ਫੁੱਟ ਡੂੰਘਾਈ ਤੋਂ ਪਾਣੀ ਕੱਢ ਰਹੀਆਂ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਖੋਜ ਮੁਤਾਬਿਕ ਸੂਬੇ ਵਿਚ ਪਾਣੀ ਦਾ ਪੱਧਰ ਹਰ ਸਾਲ 1 ਤੋਂ 3 ਮੀਟਰ ਡੂੰਘਾ ਹੋ ਰਿਹਾ ਹੈ। ਸੂਬੇ ਦੇ 148 ਬਲਾਕਾਂ ਵਿਚੋਂ 118 ਡਾਰਕ ਜ਼ੋਨ ਵਿਚ ਹਨ। ਇਨ੍ਹਾਂ ਵਿਚੋਂ 109 ਬਲਾਕਾਂ ਵਿਚੋਂ ਜ਼ਿਆਦਾ ਪਾਣੀ ਕੱਢਿਆ ਜਾ ਰਿਹਾ ਹੈ। 2 ਬਲਾਕਾਂ ਨੂੰ



ਗਰਾਊਂਡ ਵਾਟਰ ਸੈੱਲ ਨੇ ਨਾਜ਼ੁਕ ਜ਼ੋਨ ਅਤੇ 5 ਬਲਾਕਾਂ ਨੂੰ ਖ਼ਤਰਨਾਕ ਸ਼੍ਰੇਣੀ ਵਿਚ ਰੱਖਿਆ ਹੈ। ਕੇਂਦਰੀ ਭੂ ਜਲ ਬੋਰਡ ਨੇ ਸੂਬੇ ਦੇ 9 ਜ਼ਿਲ੍ਹਿਆਂ ਅਤੇ 18 ਬਲਾਕਾਂ ਵਿਚ ਨਵੇਂ ਟਿਊਬਵੈੱਲ ਲਾਉਣ ’ਤੇ ਪਾਬੰਦੀ ਲਗਾ ਦਿੱਤੀ ਹੈ। ਸੈਂਟਰਲ ਗਰਾਊਂਡ ਵਾਟਰ-2019 ਦੀ ਰਿਪੋਰਟ ਅਨੁਸਾਰ ਸੂਬੇ ਵਿਚ ਸਿਰਫ਼ 17 ਸਾਲ ਦਾ ਜ਼ਮੀਨੀ ਪਾਣੀ ਬਚਿਆ ਹੈ। ਪੰਜਾਬ ਵਿਚ ਧਰਤੀ ਹੇਠ 320 ਬਿਲੀਅਨ ਕਿਊਬਕ ਮੀਟਰ ਪਾਣੀ ਹੈ ਤੇ ਹਰ ਸਾਲ 37 ਬਿਲੀਅਨ ਕਿਊਬਿਕ ਮੀਟਰ ਪਾਣੀ ਬਾਹਰ ਕੱਢ ਰਹੇ ਹਾਂ। ਇਸ ਦੇ ਮੁਕਾਬਲੇ ਸਿਰਫ਼ 20 ਬਿਲੀਅਨ ਕਿਊਬਿਕ ਮੀਟਰ ਪਾਣੀ ਜ਼ਮੀਨ ਵਿਚ ਵਾਪਸ ਰੀਚਾਰਜ ਹੋ ਰਿਹਾ ਹੈ। ਇਸ ਤਰ੍ਹਾਂ ਅਸੀਂ 17 ਬਿਲੀਅਨ ਕਿਊਬਿਕ ਪਾਣੀ ਜ਼ਿਆਦਾ ਧਰਤੀ ਵਿਚੋਂ ਕੱਢ ਰਹੇ ਹਾਂ। ਵਾਹੀਯੋਗ ਜ਼ਮੀਨਾਂ ਲਈ ਲਗਭਗ 73 ਫ਼ੀਸਦੀ ਧਰਤੀ ਹੇਠਲੇ ਪਾਣੀ ਅਤੇ 27 ਫ਼ੀਸਦੀ ਨਹਿਰੀ ਪਾਣੀ ’ਤੇ ਨਿਰਭਰ ਹਾਂ।

ਸੂਬੇ ਵਿਚ 1980 ਤੋਂ 90 ਤੱਕ ਨਹਿਰੀ ਸਿੰਜਾਈ ਵਾਲੇ ਖੇਤਰ ਵਿਚ ਵਾਧਾ ਹੋਇਆ ਪਰ 1990-91 ਤੋਂ 2018-19 ਤੱਕ ਵੱਡੀ ਕਮੀ ਦਰਜ ਕੀਤੀ ਗਈ। ਹਾਲੇ ਵੀ ਸੂਬੇ ਦੇ ਅਜਿਹੇ ਜ਼ਿਲ੍ਹੇ ਹਨ ਜਿੱਥੇ ਨਹਿਰੀ ਪਾਣੀ ਦੀ ਕੋਈ ਪਹੁੰਚ ਨਹੀਂ ਹੈ। ਸਿੰਜਾਈ ਲਈ ਪੇਂਡੂ ਖੇਤਰ ਵਿਚ ਵਿਛਾਈਆਂ ਡਰੇਨਾਂ, ਸੂਏ, ਕੱਸੀਆਂ ਵੀ ਸਾਫ਼ ਸਫ਼ਾਈ ਨਾ ਹੋਣ ਕਾਰਨ ਪੂਰਾ ਪਾਣੀ ਮੁਹੱਈਆ ਕਰਵਾਉਣ ਵਿਚ ਅਸਮਰੱਥ ਹਨ। ਸੂਬੇ ਦੇ ਧਰਤੀ ਹੇਠਲੇ ਪਾਣੀ ਦੇ ਖ਼ੌਫ਼ਨਾਕ ਭਵਿੱਖ ਨੂੰ ਦੇਖਦਿਆਂ ਪਾਣੀ ਦੇ ਮਸਲੇ ਪ੍ਰਤੀ ਸਰਕਾਰ ਨੂੰ ਸੰਜੀਦਗੀ ਵਰਤਣੀ ਪਵੇਗੀ। ਐੱਸਵਾਈਐੱਲ ਦੇ ਮਸਲੇ ਪ੍ਰਤੀ ਆਪਣੀ ਦਾਅਵੇਦਾਰੀ ਵਰਤਮਾਨ ਸਮੇਂ ਦੇ ਹਾਲਾਤ ਨੂੰ ਦੇਖਦਿਆਂ ਪੇਸ਼ ਕਰਨੀ ਹੋਵੇਗੀ।

ਕੇਂਦਰ ਰਾਵੀ ਅਤੇ ਬਿਆਸ ਦਰਿਆਵਾਂ ਦੇ ਵਹਿਣ ਵਾਲੇ ਕੁੱਲ ਪਾਣੀ ਦਾ ਪ੍ਰਤੀ ਸਾਲ (1955 ਵੰਡ ਅਨੁਸਾਰ) 15.85 ਮਿਲੀਅਨ ਏਕੜ ਫੁੱਟ (ਐੱਮਏਐੱਫ) ਮੁਲੰਕਣ ਕਰਦਾ ਹੈ। ਇਹ ਪਾਣੀ ਤਿੰਨ ਸੂਬਿਆਂ ਨੂੰ ਵੰਡਿਆ ਜਾਂਦਾ ਹੈ। ਰਾਜਸਥਾਨ ਨੂੰ 8 ਐੱਮਏਐੱਫ, ਪੰਜਾਬ ਨੂੰ 7.20 ਐੱਮਏਐੱਫ ਤੇ ਜੰਮੂ ਕਸ਼ਮੀਰ ਨੂੰ 0.65 ਐੱਮਏਐੱਫ ਦੀ ਵੰਡ ਕੀਤੀ ਗਈ। 1966 ਵਿਚ ਹਰਿਆਣਾ ਬਣਨ ਤੋਂ ਬਾਅਦ ਪੰਜਾਬ ਨੂੰ ਆਪਣੇ ਹਿੱਸੇ 7.20 ਐੱਮਏਐੱਫ ਵਿਚੋਂ 3.5 ਐੱਮਏਐੱਫ ਨੂੰ ਦੇਣ ਦਾ ਨਿਰਦੇਸ਼ ਦਿੱਤਾ ਗਿਆ। 2020 ਤੱਕ ਰਾਵੀ ਤੇ ਬਿਆਸ ਦਰਿਆਵਾਂ ਵਿਚ ਪਾਣੀ ਦੀ ਉਪਲਬੱਧਤਾ 1955 ਸਮੇਂ 15.85 ਐੱਮਏਐੱਫ ਤੋਂ ਘਟ ਕੇ 13.38 ਐੱਮਏਐੱਫ ਰਹਿ ਗਈ ਹੈ। ਵੰਡ ਤੋਂ ਬਾਅਦ ਪਾਕਿਸਤਾਨ ਨਾਲ ਜੋ ਪਾਣੀ ਦਾ ਸਮਝੌਤਾ ਹੋਇਆ ਸੀ। ਉਸ ਵਿਚ ਪੰਜਾਬ ਲਈ ਪਾਣੀ ਦੀ ਜ਼ਰੂਰਤ ਨੂੰ ਵੱਧ ਦਰਸਾਉਣ ਲਈ ਰਾਜਸਥਾਨ ਨੂੰ ਇਸ ਵਿਚ ਸ਼ਾਮਲ ਕਰ ਲਿਆ ਗਿਆ, ਭਾਵੇਂ ਉਹ ਰਿਪੇਰੀਅਨ ਸਟੇਟ ਨਹੀਂ ਹੈ। ਅੰਕੜਿਆਂ ਮੁਤਾਬਕ ਦਰਿਆਈ ਪਾਣੀ ਦਾ ਅੱਧੇ ਤੋਂ ਵੱਧ ਹਿੱਸਾ 8 ਮਿਲੀਅਨ ਏਕੜ ਫੁੱਟ ਰਾਜਸਥਾਨ ਨੂੰ ਗ਼ੈਰ-ਕਾਨੂੰਨੀ ਤੌਰ ’ਤੇ ਦਿੱਤਾ ਜਾ ਰਿਹਾ ਹੈ। ਸੰਵਿਧਾਨ ਅਨੁਸਾਰ ਵਗਦੇ ਪਾਣੀਆਂ ਦਾ ਮਸਲਾ ਰਾਜ ਦੇ ਦਾਇਰੇ ਵਿਚ ਆਉਂਦਾ ਹੈ। ਇਕ ਤੋਂ ਵੱਧ ਰਾਜਾਂ ਦਰਮਿਆਨ ਟਕਰਾਅ ਦੀ ਹਾਲਤ ਵਿਚ ਕੇਂਦਰ ਸਰਕਾਰ ਟ੍ਰਿਬਿਊਨਲ ਬਣਾ ਸਕਦੀ ਹੈ। ਪੰਜਾਬ ਦਾ ਰਿਪੇਰੀਅਨ ਸਬੰਧ ਸਿਰਫ਼ ਹਿਮਾਚਲ ਪ੍ਰਦੇਸ਼ ਅਤੇ ਮਾਮੂਲੀ ਜਿਹਾ ਜੰਮੂ ਕਸ਼ਮੀਰ ਨਾਲ ਹੈ। ਪੰਜਾਬ ਦੇ ਕੁਦਰਤੀ ਸੋਮੇ ਪਾਣੀ ਵਿਚੋਂ ਧੱਕੇ ਨਾਲ ਬਿਨਾ ਕੋਈ ਮੁੱਲ ਦਿੱਤੇ ਮੁਫ਼ਤ ਵਿਚ ਗ਼ੈਰ-ਰਿਪੇਰੀਅਨ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਦੇ ਕੇ ਆਰਥਿਕ ਪੱਖੋਂ ਕੰਗਾਲ ਹੀ ਨਹੀਂ ਬਲਕਿ ਪੰਜਾਬ ਦੇ ਕਿਸਾਨਾਂ ਨੂੰ ਟਿਊਬਵੈੱਲਾਂ ’ਤੇ ਨਿਰਭਰ ਬਣਾ ਕੇ ਕਰਜ਼ਈ ਤੇ ਧਰਤੀ ਹੇਠਲੇ ਪਾਣੀ ਨੂੰ ਖ਼ਤਮ ਹੋਣ ਦੇ ਕੰਢੇ ’ਤੇ ਲਿਜਾ ਖੜ੍ਹਾ ਕਰ ਦਿੱਤਾ ਹੈ।

ਡੈਮ ਸੇਫਟੀ ਐਕਟ-2021 ਵੀ ਰਾਜ ਦੇ ਅਧਿਕਾਰਾਂ ਨੂੰ ਕਮਜ਼ੋਰ ਕਰ ਰਿਹਾ ਹੈ। ਐਕਟ ਮੁਤਾਬਕ ਮੁਲਕ ਭਰ ਦੇ ਡੈਮਾਂ ਦੀ ਨਿਗਰਾਨੀ, ਪੜਤਾਲ, ਸੰਭਾਲ ਤੇ ਚਲਾਉਣ ਲਈ ਇਹ ਕਾਨੂੰਨ ਬਣਿਆ ਹੈ; ਭਾਵ, ਮੁਲਕ ਦੇ ਡੈਮ ਦੇ ਪਾਣੀ ਬਾਰੇ ਫ਼ੈਸਲਾ ਕੇਂਦਰ ਕਰੇਗਾ। ਸੈਂਟਰਲ ਵਾਟਰ ਕਮਿਸ਼ਨ ਅਨੁਸਾਰ ਮੁਲਕ ਵਿਚ 5202 ਡੈਮ ਜੋ 15 ਮੀਟਰ ਦੀ ਉੱਚਾਈ ਤੱਕ ਹਨ। ਉਨ੍ਹਾਂ ਨੂੰ ਨੈਸ਼ਨਲ ਕਮੇਟੀ ਆਨ ਡੈਮ ਸੇਫਟੀ

ਬਾਕੀ ਸਫ਼ਾ 42 ’ਤੇ

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 360:** ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363:** ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365:** ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366:** ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

-0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਮਾਰਚ ਮਹੀਨੇ ਦੀਆਂ ਸਰਗਰਮੀਆਂ

**1. ਮਾਲੂਵਾਲ (98885-20250)**- ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰਦੁਆਰਾ ਬਾਬਾ ਜੀਵਨ ਸਿੰਘ (ਪਿੰਡ ਸੁਰ ਸਿੰਘ) ਵਿਖੇ ਬੱਚਿਆਂ ਨੂੰ ਗੁਰਬਾਣੀ ਸੰਥਿਆ ਕਰਵਾਈ ਜਾਂਦੀ ਹੈ।

**ਮਾਲਵਾ:-**

**2. ਘਨੌਲੀ (86998-99996)**- ਕੇਂਦਰ ਦੇ ਪ੍ਰਚਾਰਕ ਭਾਈ ਅਜੀਤ ਸਿੰਘ ਵਲੋਂ 15 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਧਰਮ ਪ੍ਰਚਾਰ ਟਰੱਸਟ ਵਲੋਂ ਸਿੱਖੀ ਦੇ ਪ੍ਰਚਾਰ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

**3. ਲਤਾਲਾ (98556-27927)**- ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 4 ਪਿੰਡਾਂ ਵਿਚ ਅਤੇ 5 ਸਕੂਲਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 10 ਮਾਰਚ ਨੂੰ ਪਿੰਡ ਦੱਧਾਹੂਰ (ਰਾਏਕੋਟ) ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਲੈਕਚਰ ਦੁਆਰਾ ਸਾਂਝ ਪਾਈ ਗਈ। ਹੋਲੇ ਮਹੱਲੇ ਦੇ ਸੰਬੰਧ ਵਿੱਚ ਵੱਖ-ਵੱਖ ਸਕੂਲਾਂ ਵਿੱਚ ਲੈਕਚਰ ਕੀਤੇ ਗਏ, ਵਿਦਿਆਰਥੀਆਂ ਨਾਲ ਸਵਾਲ ਜਵਾਬ ਕੀਤੇ ਗਏ। ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸ਼ਹੀਦ ਸਾਥੀਆਂ ਦੇ ਜੀਵਨ ਬਾਰੇ ਪਬਲਿਕ ਸਕੂਲ ਬੱਸੀਆਂ ਵਿਖੇ ਵਿਦਿਆਰਥੀਆਂ ਨਾਲ ਲੈਕਚਰ ਦੁਆਰਾ ਸਾਂਝ ਪਾਈ ਗਈ। 29 ਮਾਰਚ ਨੂੰ ਪਬਲਿਕ ਲਾਇਬ੍ਰੇਰੀ ਕਾਲਖ ਵਿਖੇ ਲਿਖਤੀ ਟੈਸਟ ਤੇ ਗੇਮਾਂ ਕਰਵਾਈਆਂ ਗਈਆਂ, ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ। ਗੁਰੂ ਨਾਨਕ ਪਬਲਿਕ ਸਕੂਲ ਬੱਸੀਆਂ ਵਿਖੇ ਅਧਿਆਪਕਾਂ ਦਾ ਗੁਰਮਤਿ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਬੀਬੀ ਕੰਵਲਜੀਤ ਕੌਰ ਜੀ ਨੇ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ ਤੇ ਸਵਾਲ-ਜਵਾਬ ਕੀਤੇ ਗਏ।

**4. ਚੁੱਪਕੀਤੀ (98777-94586)**- ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਗੁਰਦੁਆਰਾ ਬਾਬਾ ਹਰਨਾਮ ਸਿੰਘ ਜੀ ਵਿਖੇ 21 ਮਾਰਚ ਨੂੰ ਪਿੰਡ ਪਰਿੰਗੜੀ ਵਿਖੇ ਸੰਗਤ ਨਾਲ ਕਥਾ-ਵੀਚਾਰਾਂ ਦੀ ਸਾਂਝ ਪਾਈ ਗਈ। 7 ਮਾਰਚ ਨੂੰ ਪਿੰਡ ਕੜਿਆਲ ਵਿਖੇ ਸੰਗਤ ਨਾਲ ਕਥਾ-ਵਿਚਾਰ ਕੀਤੀ ਗਈ। 25 ਬੱਚੇ ਸਹਿਜ ਪਾਠ ਕਰ ਰਹੇ ਹਨ।

**5. ਕੁੱਬਾ (98151-07941)**- ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 7 ਪਿੰਡਾਂ ਵਿਚ ਅਤੇ 2 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਅਤੇ ਸੰਗਤ ਨੂੰ ਗੁਰਬਾਣੀ ਸੰਥਿਆ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਸਵੇਰੇ ਕਥਾ ਅਤੇ ਸ਼ਾਮ ਨੂੰ ਨਿਤਨੇਮ ਦੀ ਸੇਵਾ ਕੀਤੀ ਜਾਂਦੀ ਹੈ। 26 ਮਾਰਚ ਨੂੰ ਹੋਲੇ ਮਹੱਲੇ ਦੇ ਸਬੰਧ ਵਿੱਚ ਗੁਰਮਤਿ ਸਮਾਗਮ ਵਿੱਚ ਕਥਾ-ਵੀਚਾਰ ਕੀਤੀ ਗਈ। ਬੱਚਿਆਂ ਨੂੰ ਸ੍ਰੀ ਦਰਬਾਰ ਸਾਹਿਬ, ਅਜਾਇਬ ਘਰ ਅਤੇ ਹੋਰ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਅਤੇ ਗੁਰਬਾਣੀ ਸਿਧਾਤਾਂ ਤੋਂ ਜਾਣੂ ਕਰਵਾਇਆ ਗਿਆ। ਕੇਂਦਰ ਦੇ ਸਾਰੇ ਖਰਚਿਆਂ ਦੀ ਸੇਵਾ ਭਾਈ ਵੀਰ ਸਿੰਘ (ਯੂ.ਸ਼.ਅ.) ਵਾਲੇ ਕਰਦੇ ਹਨ। ਬੱਚਿਆਂ ਨੂੰ ਕਾਲਜ ਵਲੋਂ ਹਰ ਮਹੀਨੇ ਵਜੀਫਾ ਵੰਡਿਆ ਜਾਂਦਾ ਹੈ। 6 ਬੱਚੇ ਸਹਿਜ ਪਾਠ ਕਰ ਰਹੇ ਹਨ, ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ ਅਤੇ 8 ਬੱਚਿਆਂ ਨੇ ਐਲੀਮੈਂਟਰੀ ਕੋਰਸ ਆਰੰਭ ਕੀਤੇ ਹਨ।

**6. ਰਤਨਗੜ੍ਹ ਸਿੰਧੜਾ (84370-63450)**- ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵੱਲੋਂ 4 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਰੋਜ਼ਾਨਾ ਸ਼ਾਮ ਨੂੰ ਖਨਾਲ ਕਲਾਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸ਼ਨੀਵਾਰ ਅਤੇ ਐਤਵਾਰ ਨੂੰ ਪਿੰਡ ਤੂਰ ਵਣਜਾਰੇ ਅਤੇ ਖਨਾਲ ਕਲਾਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਐਤਵਾਰ ਨੂੰ ਖਨਾਲ ਕਲਾਂ ਦੇ ਬੱਚਿਆਂ ਵਲੋਂ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਐਤਵਾਰ ਨੂੰ 4 ਪਿੰਡਾਂ ਵਿਚ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਖਨਾਲ ਖੁਰਦ (62390-80242)**- ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। 11 ਤੋਂ 12.30 ਵਜੇ ਤੱਕ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।4 ਤੋਂ 5 ਵਜੇ ਤੱਕ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 8 ਵਜੇ ਤੋਂ 9 ਵਜੇ ਤੱਕ ਵੀਰਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 45 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਬੁਗਰਾ (70097-82466)**- ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 1 ਚੇਤ ਨਵੇਂ ਸੰਮਤ ਦੇ ਆਰੰਭ ਹੋਣ ਦੇ ਸੰਬੰਧ ਵਿੱਚ ਨਾਨਕਸ਼ਾਹੀ ਕੈਲੰਡਰ ਬਾਬਤ ਵਿਚਾਰਾਂ ਦੀ ਸਾਂਝ ਕੀਤੀ ਗਈ। 25 ਮਾਰਚ ਨੂੰ ਸ਼ਹੀਦ ਸੁਬੇਗ ਸਿੰਘ ਅਤੇ ਸ਼ਾਹਬਾਜ ਸਿੰਘ ਜੀ ਦੀ ਸ਼ਹੀਦੀ 'ਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ। ਬੁੱਧਵਾਰ ਅਤੇ ਐਤਵਾਰ ਨੂੰ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। ਸੋਮਵਾਰ ਤੋਂ ਸ਼ਨੀਵਾਰ ਤੱਕ 3.00 ਵਜੇ ਤੋਂ 4.00 ਵਜੇ ਤੱਕ ਕੰਪਿਊਟਰ ਕਲਾਸ ਲਗਾਈ ਜਾਂਦੀ ਹੈ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਗੁੱਜਰਵਾਲ (94655-66666)**- ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 3 ਪਿੰਡਾਂ ਵਿਚ ਹੋਏ ਸਮਾਗਮਾਂ ਵਿਚ ਕਥਾ-ਵੀਚਾਰ ਕੀਤੀ ਗਈ। ਡਾ. ਮੋਹਣ ਕੌਰ ਨਰਸਿੰਗ ਕਾਲਜ ਦਾਖਾ 'ਚ ਮਹੀਨੇ 'ਚ 2 ਵਾਰ ਕਲਾਸਾਂ ਲਗਾਈਆਂ ਜਾਂਦੀਆਂ ਹਨ।25 ਬੱਚੇ ਸਹਿਜ ਪਾਠ ਕਰ ਰਹੇ ਹਨ।

**ਦੁਆਬਾ**

**10. ਗੁਜਰਪੁਰ (ਨਵਾਂਸ਼ਹਿਰ)-1 (88726-18975)**-ਪ੍ਰਚਾਰਕ ਭਾਈ ਅਮਨਦੀਪ ਸਿੰਘ ਵਲੋਂ ਹਰ ਰੋਜ ਬੱਚਿਆਂ ਦੀ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਰੋਜਾਨਾ ਬੱਚਿਆਂ ਦੀ ਕੰਪਿਊਟਰ ਕਲਾਸ ਲਗਾਈ ਜਾਂਦੀ ਹੈ। 31 ਮਾਰਚ ਨੂੰ ਕੰਪਿਊਟਰ ਕੋਰਸ 3 ਮਹੀਨੇ ਦਾ ਪੂਰਾ ਕਰਨ ਤੇ 28 ਬੱਚਿਆਂ ਦਾ ਪੇਪਰ ਲਿਆ ਗਿਆ। ਹਰ ਐਤਵਾਰ ਨੂੰ 2 ਪਿੰਡਾਂ ਵਿੱਚ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**11. ਗੁਜਰਪੁਰ (ਨਵਾਂਸ਼ਹਿਰ)-2 (87290-86035)**- ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ 5 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਰੋਜ ਬੱਚਿਆਂ ਦੀ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਹਰ ਸੋਮਵਾਰ ਨੂੰ ਜੈ ਭਾਰਤ ਮਾਡਲ ਸਕੂਲ ਸਮੁੰਦੜਾ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਬੁੱਧਵਾਰ ਬਾਬਾ ਵਜੀਰ ਸਿੰਘ ਪਬਲਿਕ ਸਕੂਲ ਨਵਾਂਸ਼ਹਿਰ

ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਨੂੰ ਪਿੰਡ ਪਨਾਮ, ਬਘੌਰਾਂ ਅਤੇ ਮਜਾਰੀ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਬੁੱਧਵਾਰ ਅਤੇ ਸ਼ਨੀਵਾਰ ਨਵਾਂਸ਼ਹਿਰ ਵਿਖੇ ਸਰਕਾਰੀ ਨੌਕਰੀ ਲਈ ਵਿਦਿਆਰਥੀਆਂ ਨੂੰ ਫਰੀ ਕੋਚਿੰਗ ਕਲਾਸ ਲਗਾਈ ਜਾਂਦੀ ਹੈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**12. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਵਲੋਂ 7 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਸੰਥਿਆ ਅਤੇ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਹਰ ਹਫਤੇ ਸੰਗਤ ਨਾਲ ਕਥਾ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਗੁਰਦੁਆਰਾ ਨਾਨਕ ਦਰਬਾਰ ਅਤੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਹਰ ਸੰਗਰਾਂਦ ਨੂੰ ਸੰਗਤ ਨਾਲ ਕਥਾ-ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਪਿੰਡ ਕੰਗ ਜਗੀਰ ਗੁਰਦੁਆਰਾ ਭਾਈ ਬਾਲਾ ਸਾਹਿਬ ਵਿਖੇ ਹੋਏ ਸਮਾਗਮ ਵਿਚ ਸੰਗਤ ਨਾਲ ਕਥਾ ਵੀਚਾਰ ਕੀਤੀ ਗਈ।

**13. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਕੇਂਦਰ ਵਿਖੇ ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਕਥਾ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਗੁਰਮਤਿ ਕਲਾਸ ਦੇ ਨਾਲ-ਨਾਲ ਗੁਰਬਾਣੀ ਕੀਰਤਨ ਅਤੇ ਗਤਕਾ ਸਿਖਾਉਣ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜ਼ਰੀ ਭਰਦੇ ਹਨ। ਪਿੰਡ ਭੰਡਾਲ ਹਿੰਮਤ ਅਤੇ ਪਿੰਡ ਚੱਕ ਖੁਰਦ ਵਿਖੇ ਬੱਚਿਆਂ ਦਾ ਸੁੰਦਰ ਲਿਖਾਈ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਬੱਚਿਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ, ਇੱਕ ਬੱਚੇ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ ਅਤੇ 60 ਬੱਚੇ ਸਹਿਜ ਪਾਠ ਕਰ ਰਹੇ ਹਨ।

**14. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਵੱਖ-ਵੱਖ ਪਿੰਡਾਂ ਵਿੱਚ ਕਲਾਸਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਵੱਖ-ਵੱਖ ਪਿੰਡਾਂ ਵਿਚ ਹੋਏ ਗੁਰਮਤਿ ਸਮਾਗਮਾਂ ਵਿਚ ਕਥਾ ਵੀਚਾਰ ਕੀਤੀ ਗਈ। ਪਿੰਡ ਮਾਣਕ ਢੇਰੀ ਵਿਖੇ ਹੋਏ ਗੁਰਮਤਿ ਸਮਾਗਮ ਵਿਚ ਕਥਾ ਵੀਚਾਰ ਕੀਤੀ ਗਈ। ਪਿੰਡ ਡੱਲੀ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਵਿਚ ਲੜੀਵਾਰ ਗੁਰਬਾਣੀ ਵੀਚਾਰ ਕੀਤੀ ਜਾਂਦੀ ਹੈ।

**15. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਦੀ ਸੇਵਾ ਕੀਤੀ ਜਾਂਦੀ ਹੈ। ਹਰ ਰੋਜ਼ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਵੱਖ-ਵੱਖ ਪਿੰਡਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**16. ਬੜਾ ਗੁੜਾ (ਸਿਰਸਾ) (63981-69412)-** ਪ੍ਰਚਾਰਕ ਭਾਈ ਯੁਵਰਾਜ ਸਿੰਘ ਵਲੋਂ ਪਿੰਡ ਬੜਾ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**17. ਸਿੰਬਲ ਕੈਂਪ (ਜੰਮੂ) (90865-31984)-**ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਾਹਲੀ ਮੋੜ, ਗੁਰਦੁਆਰਾ ਮੁਰਾਲੀਆਂ ਮੀਰਾਂ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਗੁਰਬਾਣੀ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰਦੁਆਰਾ ਫਿੰਦੜ ਆਰ. ਐਸ.ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਆਰ. ਐਸ.ਪੁਰਾ ਵਿਖੇ ਸੰਗਤ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

**18. ਗਾਂਧੀਧਾਮ (ਗੁਜਰਾਤ) (98057-08111)-** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**19. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**20. ਦੁਰਗ (ਛੱਤੀਸਗੜ੍ਹ)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਗੁਰੂ ਨਾਨਕ ਪਥ ਦੁਰਗ ਵਿਖੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**21. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**22. ਇੰਫਾਲ (ਮਨੀਪੁਰ)-**ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

**ਸਾਡੀ ਖੇਤੀ** **ਸਫਾ 39 ਦਾ ਬਾਕੀ**

ਕੰਟਰੋਲ ਕਰੇਗੀ। ਇਸ ਤੋਂ ਪਹਿਲਾਂ ਇਹ ਸੂਬਿਆਂ ਦਾ ਅਧਿਕਾਰ ਖੇਤਰ ਸੀ। ਇਸ ਤੋਂ ਸਹਿਜੇ ਹੀ ਕੇਂਦਰ ਦਾ ਪਾਣੀਆਂ 'ਤੇ ਕੰਟਰੋਲ ਜ਼ਾਹਿਰ ਹੋ ਜਾਂਦਾ ਹੈ।

ਇਸ ਤੋਂ ਇਹ ਅੰਦਾਜ਼ਾ ਹੋ ਜਾਂਦਾ ਹੈ ਕਿ ਵਰਤਮਾਨ ਸਮੇਂ ਧਰਤੀ ਹੇਠਲਾ ਪਾਣੀ ਨਾਲ ਜ਼ਮੀਨਾਂ ਦੀ ਸਿੰਜਾਈ ਦੀ ਨਿਰਭਰਤਾ ਘਟਾਉਣੀ ਪਵੇਗੀ। ਪੰਜਾਬ ਦੇਸ਼ ਦੀ ਅਨਾਜ ਦੀ ਟੋਕਰੀ ਹੈ ਤਾਂ ਸੂਬੇ ਨੂੰ ਖਾਧ ਪਦਾਰਥਾਂ ਦੀ ਪ੍ਰਾਪਤੀ ਲਈ ਵੱਧ ਤੋਂ ਵੱਧ ਨਹਿਰੀ ਪਾਣੀ ਮੁਹੱਈਆ ਕਰਵਾਉਣਾ ਪਵੇਗਾ। ਇਹ ਵੀ ਗੱਲ ਵਿਚਾਰਨਯੋਗ ਹੈ ਕਿ ਸਿਰਫ਼ ਨਹਿਰੀ ਪਾਣੀ ਹੀ ਸਮੁੱਚੇ ਜਲ ਸੰਕਟ ਦੀ ਪੂਰਤੀ ਨਹੀਂ ਹੈ। ਧਰਤੀ ਹੇਠਲੇ ਪਾਣੀ ਦੀ ਵਰਤੋਂ ਘਟਾਉਣ ਦੇ ਨਾਲ ਨਾਲ ਖੇਤੀਬਾੜੀ ਸਿੰਜਾਈ ਤੌਰ ਤਰੀਕਿਆਂ ਨੂੰ ਵੀ ਬਦਲਣਾ ਪਵੇਗਾ। ਖੁੱਲ੍ਹੀ ਸਿੰਜਾਈ ਤੋਂ ਇਲਾਵਾ ਡ੍ਰਿੱਪ ਸਿਸਟਮ, ਫੁਹਾਰਾ ਸਿਸਟਮ, ਬੈੱਡ ਪ੍ਰਣਾਲੀ ਸਣੇ ਅਨੇਕਾਂ ਹੀ ਵਿਧੀਆਂ ਹਨ ਜਿਨ੍ਹਾਂ ਰਾਹੀਂ ਵਾਧੂ ਪਾਣੀ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ। ਸਭ ਤੋਂ ਅਹਿਮ ਮੀਂਹ ਵਾਲੇ ਪਾਣੀ ਨੂੰ ਨਿੱਜੀ ਪੱਧਰ 'ਤੇ ਸੁਰੱਖਿਅਤ ਕਰਨਾ ਹੋਵੇਗਾ। ਟਿਕਾਊ ਖੇਤੀ ਵੱਲ ਮੁੜ ਮੁੜਨਾ ਪਵੇਗਾ। ਰਵਾਇਤੀ ਫ਼ਸਲਾਂ ਤੋਂ ਖੇਤੀ ਵੰਨ-ਵੰਨਨਤਾ ਅਪਣਾਉਣੀ ਪਵੇਗੀ। ਝੋਨੇ ਦੀਆਂ ਰਵਾਇਤੀ ਕਿਸਮਾਂ ਪਾਣੀ ਤੇ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਹਨ, ਸਾਨੂੰ ਇਨ੍ਹਾਂ ਦੇ ਬਦਲ ਅਪਣਾਉਣੇ ਪੈਣਗੇ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਸਸਸਸ. ਹਰੀ ਸਿੰਘ ਸਕੂਲ ਨੰਦਪੁਰ (ਤਰਨਤਾਰਨ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਆਦਰਸ਼ ਸਕੂਲ ਸੰਗਵਾਂ (ਤਰਨਤਾਰਨ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਜੰਮੂ ਦੇ ਗੁਰਦੁਆਰਾ ਸਿੰਘ ਪੁਰਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਜੰਮੂ ਦੇ ਮਮਕਾ ਆਰ.ਐਸ. ਪੁਰਾ ਗੁਰਦੁਆਰਾ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੁੱਪਕੀਤੀ ਦੇ ਪਿੰਡ ਭਾਗੀਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਚੁੱਪਕੀਤੀ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਮਾਲੂਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਐਲੀਮੈਂਟਰੀ ਸਕੂਲ ਕੁਲਾਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ





ਪਿੰਡ ਦਦੇਹਰ ਸਾਹਿਬ ਵਿਖੇ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਪਿੰਡ ਦੇ ਬਾਕੀ ਗਦਰੀ ਬਾਬਿਆਂ ਦੇ ਇਤਿਹਾਸਕ ਪੱਖ ਬੱਚਿਆਂ ਨੂੰ 5 ਦਿਨ ਪੜ੍ਹਾ ਕੇ ਇਮਤਿਹਾਨ ਲਿਆ ਗਿਆ। ਜਿਸ ਵਿਚ ਪਿੰਡ ਦੇ ਅਤੇ ਹੋਰ ਕਈ ਸਕੂਲਾਂ ਦੇ 200 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਪਿੰਡ ਦੇ ਪਤਵੰਤੇ ਸੱਜਣਾਂ ਵਲੋਂ ਸਨਮਾਨਤ ਵੀ ਕੀਤਾ ਗਿਆ।




ਕੇਂਦਰ ਕੁੱਬਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਲਤਾਲਾ ਦੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ



ਕੇਂਦਰ ਅੱਪਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ




ਕੇਂਦਰ ਮਾਲੂਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਤਰਨਤਾਰਨ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ